10-APRIL-PAGE-1.qxd 4/9/2023 9:17 PM Page 1

ਸੋਮਵਾਰ, 10 ਅਪ੍ਰੈਲ, 2023

28 ਚੇਤ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 71

ਅੰਕ/NO. : 309

# ਨਵਾਂ ਜ਼ਮਾਨਾ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • MONDAY, 10 APRIL, 2023 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਇੰਦਰ ਇਕਬਾਲ ਸਿੰਘ ਅਟਵਾਲ ਭਾਜਪਾ ’ਚ



**ਨਵੀਂ ਦਿੱਲੀ** : ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਐਤਵਾਰ ਭਾਜਪਾ ’ਚ ਸ਼ਾਮਲ ਹੋ ਗਏ। ਉਹ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਤੇ ਲੋਕ ਸਭਾ ਦੇ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਬੇਟੇ ਹਨ। ਭਾਜਪਾ ਇੰਦਰ ਇਕਬਾਲ ਨੂੰ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ’ਚ ਉਮੀਦਵਾਰ ਬਣਾ ਸਕਦੀ ਹੈ।

## ਘੁਸਪੈਠੀਆ ਹਲਾਕ

**ਸ੍ਰੀਨਗਰ** : ਪੁਣਛ ਜ਼ਿਲੇ ’ਚ ਐਤਵਾਰ ਤੜਕੇ ਕੰਟਰੋਲ ਰੇਖਾ ’ਤੇ ਘੁਸਪੈਠ ਦੀ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰਦੇ ਹੋਏ ਫੌਜ ਦੇ ਜਵਾਨਾਂ ਨੇ ਇਕ ਪਾਕਿਸਤਾਨੀ ਘੁਸਪੈਠੀਏ ਨੂੰ ਮਾਰ ਦਿੱਤਾ। ਸ਼ਾਹਪੁਰ ਸੈਕਟਰ ’ਚ ਤੜਕੇ 2.15 ਵਜੇ ਤਿੰਨ ਸ਼ੱਕੀ ਦਹਿਸ਼ਤਗਰਦਾਂ ਨੇ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਗੋਲੀਬਾਰੀ ਵਾਲੀ ਥਾਂ ’ਤੇ ਇਕ ਲਾਸ਼ ਮਿਲੀ ਅਤੇ ਦੂਜੇ ਘੁਸਪੈਠੀਏ ਜੰਗਲ ’ਚ ਭੱਜ ਗਏ। ਉਨ੍ਹਾਂ ਨੂੰ ਫੜਨ ਲਈ ਇਲਾਕੇ ਨੂੰ ਘੇਰ ਲਿਆ ਗਿਆ ਸੀ।

## ਮੋਦੀ ਨੇ ਹਾਥੀਆਂ ਨੂੰ ਗੰਨੇ ਖੁਆਏ

**ਮੁਦੂਮਲਾਈ (ਤਾਮਿਲਨਾਡੂ)** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਤਾਮਿਲਨਾਡੂ ਦੇ ਨੀਲਗਿਰੀ ਦੇ ਪਹਾੜੀ ਜ਼ਿਲ੍ਹੇ ਦੇ ਮੁਦੂਮਲਾਈ ’ਚ ਹਾਥੀ ਕੈਂਪ ਦਾ ਦੌਰਾ ਕੀਤਾ ਅਤੇ ਮੋਦੀ ਨੇ ਕੁਝ ਹਾਥੀਆਂ ਨੂੰ ਗੰਨੇ ਵੀ ਖੁਆਏ। ਮੋਦੀ ਨੇ ਕਰਨਾਟਕ ਦੀ ਬਾਂਦੀਪੁਰ ਟਾਈਗਰ ਰੱਖ ’ਚ ਜੰਗਲ ਸਫਾਰੀ ਦਾ ਆਨੰਦ ਵੀ ਲਿਆ। ਉਹ ‘ਪ੍ਰਾਜੈਕਟ ਟਾਈਗਰ’ ਦੇ 50 ਸਾਲ ਪੂਰੇ ਹੋਣ ਮੌਕੇ ਇੱਕ ਪ੍ਰੋਗਰਾਮ ਦੇ ਸਿਲਸਿਲੇ ’ਚ ਚਾਮਰਾਜਨਗਰ ਪਹੁੰਚੇ ਸਨ।

## ਰਾਜਧਾਨੀ ਐੱਕਸਪ੍ਰੈੱਸ ਦੇ ਯਾਤਰੀ ਡਰੇ

**ਅਮਰਾਵਤੀ** : ਆਂਧਰਾ ਦੇ ਨੈਲੋਰ ਜ਼ਿਲ੍ਹੇ ’ਚ ਐਤਵਾਰ ਚੇਨਈ-ਦਿੱਲੀ ਰਾਜਧਾਨੀ ਐੱਕਸਪ੍ਰੈੱਸ ਦੇ ਬੀ-5 ਡੱਬੇ ਦੇ ਪਹੀਆਂ ਦੇ ਨੇੜੇ ਧੂੰਆਂ ਦੇਖ ਕੇ ਯਾਤਰੀ ਖੌਫਜ਼ਦਾ ਹੋ ਗਏ। ਚੌਕੰਨੇ ਡਰਾਈਵਰ ਨੇ ਰੇਲ ਗੱਡੀ ਨੂੰ ਰੋਕ ਲਿਆ ਅਤੇ ਕੋਈ ਹਾਦਸਾ ਵਾਪਰਨ ਤੋਂ ਟਲ ਗਿਆ। ਰੇਲ ਗੱਡੀ ਨੂੰ ਕਵਾਲੀ ਰੇਲਵੇ ਸਟੇਸ਼ਨ ਨੇੜੇ 20 ਮਿੰਟ ਤੱਕ ਰੋਕਿਆ ਗਿਆ। ਰੇਲਵੇ ਅਧਿਕਾਰੀਆਂ ਨੇ ਕਿਹਾ ਕਿ ਬਰੇਕ ਜਾਮ ਹੋਣ ਕਾਰਨ ਧੂੰਆਂ ਨਿਕਲ ਰਿਹਾ ਸੀ। ਮੁਰੰਮਤ ਤੋਂ ਬਾਅਦ ਰੇਲ ਗੱਡੀ ਅੱਗੇ ਰਵਾਨਾ ਹੋ ਗਈ।

## ਹੁੱਡਾ ਦੀ ਕਾਰ ਨੂੰ ਹਾਦਸਾ



**ਹਿਸਾਰ** : ਵਿਸ਼ਵ ਮਹਿਲਾ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੀ ਜੇਤੂ ਸਵੀਟੀ ਬੂਰਾ ਦੇ ਸਨਮਾਨ ਸਮਾਗਮ ’ਚ ਜਾ ਰਹੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਕਾਰ ਬਰਵਾਲਾ ਦੇ ਪਿੰਡ ਮਤਲੌਂਦਾ ’ਚ ਹਾਦਸੇ ਦਾ ਸ਼ਿਕਾਰ ਹੋ ਗਈ, ਜਦੋਂ ਨੀਲ ਗਊ ਅੱਗੇ ਆ ਗਈ। ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਏਅਰ ਬੈਗ ਖੁੱਲ੍ਹ ਜਾਣ ਕਰਕੇ ਹੁੱਡਾ ਵਾਲ-ਵਾਲ ਬਚ ਗਏ।

# ਕਾਂਗਰਸ ਨੂੰ ਗੱਠਜੋੜ ਦੇ ਕੇਂਦਰ ’ਚ ਰੱਖਣਾ ਪੈਣਾ : ਸਿੱਬਲ



**ਨਵੀਂ ਦਿੱਲੀ** : ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਐਤਵਾਰ ਕਿਹਾ ਕਿ 2024 ਦੀਆਂ ਆਮ ਚੋਣਾਂ ’ਚ ਭਾਜਪਾ ਨੂੰ ਟੱਕਰ ਦੇਣ ਵਾਲੇ ਕਿਸੇ ਵੀ ਗੱਠਜੋੜ ਦੇ ਕੇਂਦਰ ਵਿੱਚ ਕਾਂਗਰਸ ਹੋਣੀ ਚਾਹੀਦੀ ਹੈ। ਸਿੱਬਲ ਨੇ ਇਹ ਵੀ ਕਿਹਾ ਕਿ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਮਜ਼ਬੂਤ ਗੱਠਜੋੜ ਬਣਾਉਣ ਲਈ ਇਕ-ਦੂਜੇ ਦੀਆਂ ਵਿਚਾਰਧਾਰਾਵਾਂ ਦੀ ਆਲੋਚਨਾ ਕਰਦੇ ਹੋਏ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਸਾਬਕਾ ਕੇਂਦਰੀ ਮੰਤਰੀ ਸਿੱਬਲ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਪਹਿਲਾਂ ਸਾਂਝਾ ਪਲੇਟਫਾਰਮ ਲੱਭਣ ਦਾ ਸੱਦਾ ਦਿੱਤਾ।

ਸਿੱਬਲ ਨੇ ਕਿਹਾ ਕਿ ਇਹ ਸਾਂਝਾ ਪਲੇਟਫਾਰਮ ਉਨ੍ਹਾ ਦਾ ਨਵਾਂ ਬਣਾਇਆ ‘ਇਨਸਾਫ’ ਪਲੇਟਫਾਰਮ ਵੀ ਹੋ ਸਕਦਾ ਹੈ, ਜੋ ਬੇਇਨਸਾਫੀ ਵਿਰੁੱਧ ਲੜਨ ਲਈ ਬਣਾਇਆ ਗਿਆ ਹੈ। ਸਿੱਬਲ ਨੇ ਕਿਹਾ ਕਿ 2024 ਲਈ ਵਿਰੋਧੀ ਗਠਜੋੜ ਦੀ ਲੀਡਰਸ਼ਿਪ ਦੇ ਸਵਾਲ ਦਾ ਜਵਾਬ ਇਸ ਪੜਾਅ ’ਤੇ ਦੇਣ ਦੀ ਲੋੜ ਨਹੀਂ ਹੈ। ਉਨ੍ਹਾ 2004 ਦੀ ਉਦਾਹਰਨ ਵੀ ਦਿੱਤੀ, ਜਦੋਂ ਲੋਕ ਸਭਾ ਚੋਣਾਂ ਤੋਂ ਬਾਅਦ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਤਤਕਾਲੀ ਸਰਕਾਰ ਨੂੰ ਵਿਰੋਧੀ ਧਿਰ ਵੱਲੋਂ ਚਿਹਰਾ ਨਾ ਐਲਾਨੇ ਜਾਣ ਦੇ ਬਾਵਜੂਦ ਸੱਤਾ ਤੋਂ ਲਾਂਭੇ ਕਰ ਦਿੱਤਾ ਗਿਆ ਸੀ।

## ਸੀ ਯੂ ਈ ਟੀ-ਯੂ ਜੀ ਦੀਆਂ ਅਰਜ਼ੀਆਂ ਲਈ ਪੋਰਟਲ ਮੁੜ ਖੁੱਲ੍ਹਿਆ

**ਨਵੀਂ ਦਿੱਲੀ** : ਵਿਦਿਆਰਥੀਆਂ ਦੀਆਂ ਅਪੀਲਾਂ ਤੋਂ ਬਾਅਦ ਕਾਮਨ ਯੂਨੀਵਰਸਿਟੀ ਐਂਟਰੈਂਸ ਟੈਸਟ-ਅੰਡਰ ਗ੍ਰੈਜੂਏਟ (ਸੀ ਯੂ ਈ ਟੀ-ਯੂ ਜੀ) ਵਾਸਤੇ ਅਰਜ਼ੀਆਂ ਲਈ ਪੋਰਟਲ (ਵਿੰਡੋ) ਤਿੰਨ ਦਿਨਾਂ ਲਈ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਨ ਸੀ ਈ ਆਰ ਟੀ) ਵੱਲੋਂ ਪਾਠ-ਪੁਸਤਕਾਂ ਨੂੰ ਤਰਕਸੰਗਤ ਬਣਾਉਣ ਲਈ ਕੀਤੇ ਗਏ ਬਦਲਾਅ ਦੇ ਬਾਵਜੂਦ ਪ੍ਰੀਖਿਆ ਨਾਲ ਸੰਬੰਧਤ ਸਿਲੇਬਸ ’ਚ ਕੋਈ ਬਦਲਾਅ ਨਹੀਂ ਹੋਵੇਗਾ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਮੁਖੀ ਜਗਦੀਸ਼ ਕੁਮਾਰ ਨੇ ਕਿਹਾ—ਬਹੁਤ ਸਾਰੇ ਵਿਦਿਆਰਥੀਆਂ ਦੀਆਂ ਬੇਨਤੀਆਂ ਤੋਂ ਬਾਅਦ ਅਸੀਂ ਐਤਵਾਰ, ਸੋਮਵਾਰ ਅਤੇ ਮੰਗਲਵਾਰ (9, 10 ਅਤੇ 11 ਅਪਰੈਲ) ਨੂੰ ਸੀ ਯੂ ਈ ਟੀ-ਯੂ ਜੀ ਲਈ ਐਪਲੀਕੇਸ਼ਨ ਪੋਰਟਲ ਨੂੰ ਦੁਬਾਰਾ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਹ ਪੋਰਟਲ ਮੰਗਲਵਾਰ (11 ਅਪਰੈਲ) ਨੂੰ ਰਾਤ 11.59 ਵਜੇ ਬੰਦ ਹੋ ਜਾਵੇਗਾ।

ਇਸ ਵਾਰ ਸੀ ਯੂ ਈ ਟੀ-ਯੂ ਜੀ ਲਈ ਤਕਰੀਬਨ 14 ਲੱਖ ਵਿਦਿਆਰਥੀਆਂ ਨੇ ਅਪਲਾਈ ਕੀਤਾ ਹੈ, ਜੋ ਪਿਛਲੇ ਸਾਲ ਤੋਂ 41 ਫੀਸਦ ਵੱਧ ਹੈ। ਦੱਸਣਯੋਗ ਹੈ ਕਿ ਪਹਿਲਾਂ ਸੀ ਯੂ ਈ ਟੀ-ਯੂ ਜੀ ਲਈ ਅਰਜ਼ੀਆਂ ਦੀ ਆਖਰੀ ਤਰੀਕ 30 ਮਾਰਚ ਸੀ।

## ਦੁਨੀਆ ਦੀ ਸਭ ਤੋਂ ਲੰਮੀ ਰੇਲ ਸੁਰੰਗ



**ਬਰਨ** : ਦੁਨੀਆ ਦੀ ਸਭ ਤੋਂ ਲੰਮੀ ਅਤੇ ਡੂੰਘੀ ਰੇਲ ਸੁਰੰਗ ਸਵਿਟਜ਼ਰਲੈਂਡ ’ਚ ਅਲਪਸ ਪਹਾੜੀ ਦੇ ਹਜ਼ਾਰਾਂ ਫੁੱਟ ਥੱਲੇ ਬਣਾਈ ਗਈ ਹੈ। ਗੋਟਹਾਰਡ ਬੇਸ ਸੁਰੰਗ ਸਵਿਟਜ਼ਰਲੈਂਡ ਦੇ ਯੂਰੀ ਦੇ ਸੈਂਟਰਲ ਦੇ ਅਸਟਰਫੇਲਡ ਤੋਂ ਸ਼ੁਰੂ ਹੋ ਕੇ ਸਦਰਨ ਟਿਸਿਨੋ ਕੈਂਟਨ ਦੇ ਬੋਡਿਓ ਤੱਕ ਚੱਲੇਗੀ। ਇਸ ਸੁਰੰਗ ਨੂੰ ਬਣਾਉਣ ’ਚ ਕਰੀਬ 17 ਸਾਲ ਲੱਗੇ। ਇਸ ਦਾ ਨਿਰਮਾਣ ਕੰਮ 1996 ’ਚ ਸ਼ੁਰੂ ਹੋਇਆ ਸੀ। ਇਸ ਨੂੰ 1 ਜੂਨ 2016 ਨੂੰ ਖੋਲ੍ਹਿਆ ਗਿਆ ਅਤੇ ਰੇਲ ਗੱਡੀਆਂ ਦੀ ਆਵਾਜਾਈ 11 ਦਸੰਬਰ 2016 ਨੂੰ ਸ਼ੁਰੂ ਹੋਈ ਸੀ। ਇਹ ਦੋ ਰੇਲ ਲਾਈਨਾਂ ਵਾਲੀ ਸੁਰੰਗ 57 ਕਿਲੋਮੀਟਰ ਲੰਮੀ ਅਤੇ ਧਰਤੀ ਤੋਂ 2.3 ਕਿਲੋਮੀਟਰ ਥੱਲੇ ਹੈ। ਜਿੱਥੇ ਤਾਪਮਾਨ 46 ਡਿਗਰੀ ਸੈਲਸੀਅਸ ਤੱਕ ਹੈ। ਇਸ ਦੇ ਉਪਰ ਉੱਚੇ-ਉੱਚੇ ਪਹਾੜ ਹਨ। ਇਹ ਸੁਰੰਗ ਸਮੁੰਦਰ ਤਲ ਤੋਂ 550 ਮੀਟਰ ਉਪਰ ਅਤੇ ਸਵਿਟਜ਼ਰਲੈਂਡ ਦੇ ਸਭ ਤੋਂ ਉੱਚੇ ਪਹਾੜ ਕ੍ਰੇਸਟ ਤੋਂ 2300 ਮੀਟਰ ਥੱਲੇ ਹੈ।

# ਦੋ ਸਾਲ ਬਾਅਦ ਮਹਿਲਾ ਨੂੰ ਮਹਿਸੂਸ ਹੋਈ ਖੁਸ਼ਬੂ



**ਵਾਸ਼ਿੰਗਟਨ** : ਭਾਰਤ ’ਚ ਇੱਕ ਵਾਰ ਫਿਰ ਤੋਂ ਕੋਰੋਨਾ ਆਪਣਾ ਜਾਲ ਵਿਛਾ ਰਿਹਾ ਹੈ। ਉਥੇ ਹੀ ਦੁਨੀਆ ’ਚ ਵੀ ਇਸ ਬਿਮਾਰੀ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਇਸੇ ਦੌਰਾਨ ਇੱਕ ਵੀਡੀਓ ਸਾਹਮਣੇ ਆਇਆ, ਜਿਸ ’ਚ ਦੋ ਸਾਲ ਤੱਕ ਕੋਰੋਨਾ ਨਾਲ ਜੂਝਣ ਬਾਅਦ ਮਹਿਲਾ ਨੇ ਪਹਿਲੀ ਵਾਰ ਖੁਸ਼ਬੂ ਲਈ ਤਾਂ ਉਸ ਦੇ ਅੱਥਰੂ ਵਹਿ ਤੁਰੇ। ਇਹ ਵੀਡੀਓ ਕਲੇਵਲੈਂਡ ਕਲੀਨਿਕ ਵੱਲੋਂ ਇੰਸਟਾਗ੍ਰਾਮ ’ਤੇ ਪੋਸਟ ਕੀਤਾ ਗਿਆ। ਵੀਡੀਓ ’ਚ ਇੱਕ ਔਰਤ ਹੱਥ ਵਿੱਚ ਕੌਫੀ ਦਾ ਕੱਪ ਲੈ ਕੇ ਉਸ ਨੂੰ ਨੱਕ ਦੇ ਕੋਲ ਲੈ ਜਾ ਕੇ ਉਸ ਦੀ ਖੁਸ਼ਬੂ ਨੂੰ ਮਹਿਸੂਸ ਕਰਦੀ ਹੈ, ਉਸ ਦੀਆਂ ਅੱਖਾਂ ’ਚੋਂ ਅੱਥਰੂ ਕਿਰਨ ਲੱਗਦੇ ਹਨ। ਇਸ ਤੋਂ ਬਾਅਦ ਉਹ ਕੰਬਦੀ ਹੋਈ ਆਵਾਜ਼ ’ਚ ਕਹਿੰਦੀ ਹੈ, ‘ਮੈਂ ਇਸ ਦੀ ਖੁਸ਼ਬੂ ਨੂੰ ਮਹਿਸੂਸ ਕਰ ਰਹੀ ਹਾਂ।’ ‘ਯੂ ਐੱਸ ਏ ਟੂਡੇ’ ਦੀ ਪੋਸਟ ਮੁਤਾਬਕ ਮਿਸੇਜ਼ ਹੇਂਡਰਸਨ ’ਚ ਪਹਿਲੀ ਵਾਰ ਜਨਵਰੀ 2021 ’ਚ ਕੋਵਿਡ ਦੇ ਲੱਛਣ ਦੇਖੇ ਗਏ ਸਨ। ਇੱਕ ਸਾਲ ਬਾਅਦ ਉਸ ਨੂੰ ਲਾਂਗ ਕੋਵਿਡ ਦੀ ਪ੍ਰੇਸ਼ਾਨੀ ਹੋ ਗਈ। ਇਸ ਦੇ ਚਲਦੇ ਉਸ ਦਾ ਖਾਣਾ-ਪੀਣਾ ਵੀ ਮੁਹਾਲ ਹੋ ਗਿਆ। ਇਸ ਵੀਡੀਓ ਦੇ ਨਾਲ ਲਿਖਿਆ ਕਿ ਦੋ ਸਾਲ ਤੱਕ ਉਸ ਨੇ ਖੁਸ਼ਬੂ ਲੈਣ ਦੀ ਤਾਕਤ ਗੁਆ ਦਿੱਤੀ ਸੀ। ਇਹ ਲਾਂਗ ਕੋਵਿਡ ਦੇ ਚਲਦੇ ਹੋਇਆ ਸੀ। ਉਦੋਂ ਤੋਂ ਉਸ ਦਾ ਇਲਾਜ ਚੱਲ ਰਿਹਾ ਸੀ। ਹੁਣ ਉਸ ਨੂੰ ਇੱਕ ਖਾਸ ਟੀਕਾ ਲਾਇਆ ਗਿਆ ਅਤੇ ਇਸ ਦੇ ਕੁਝ ਹੀ ਸਮੇਂ ਬਾਅਦ ਉਸ ਨੂੰ ਫਿਰ ਤੋਂ ਸਵਾਦ ਅਤੇ ਖੁਸ਼ਬੂ ਆਉਣ ਲੱਗੀ।

## ਨਫਰਤੀ ਭਾਸ਼ਣ ਦੇ ਕੇਸ ’ਚ ਕਾਜਲ ਹਿੰਦੁਸਤਾਨੀ ਗ੍ਰਿਫਤਾਰ

**ਸੋਮਨਾਥ** : ਪੁਲਸ ਨੇ ਨਫਰਤੀ ਭਾਸ਼ਣ ਦੇਣ ਦੇ ਦੋਸ਼ ਹੇਠ ਐਤਵਾਰ ਸੱਜੇ-ਪੱਖੀ ਕਾਰਕੁੰਨ ਕਾਜਲ ਹਿੰਦੁਸਤਾਨੀ ਨੂੰ ਗੁਜਰਾਤ ਦੇ ਗਿਰ ਸੋਮਨਾਥ ਜ਼ਿਲ੍ਹੇ ’ਚ ਗ੍ਰਿਫਤਾਰ ਕੀਤਾ ਹੈ। ਕਾਜਲ ’ਤੇ ਦੋਸ਼ ਹੈ ਕਿ ਉਸ ਨੇ ਰਾਮਨੌਮੀ ਮੌਕੇ ਨਫਰਤੀ ਤਕਰੀਰ ਕੀਤੀ ਸੀ, ਜਿਸ ਕਾਰਨ ਊਨਾ ਕਸਬੇ ’ਚ ਪਹਿਲੀ ਅਪਰੈਲ ਨੂੰ ਫਿਰਕੂ ਝੜਪ ਹੋ ਗਈ ਸੀ।

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਉਸ ਨੇ ਸਵੇਰੇ ਊਨਾ ’ਚ ਪੁਲਸ ਕੋਲ ਆਤਮ-ਸਮਰਪਣ ਕਰ ਦਿੱਤਾ ਸੀ। ਪੁਲਸ ਨੇ ਗ੍ਰਿਫਤਾਰ ਕਰਨ ਮਗਰੋਂ ਉਸ ਨੂੰ ਅਦਾਲਤ ’ਚ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ।

# ਯੂਕਰੇਨੀ ਤੇਲ ਡੀਪੂ ਤਬਾਹ

**ਮਾਸਕੋ** : ਰੂਸ ਨੇ ਯੂਕਰੇਨ ਦੇ ਸ਼ਹਿਰ ਜ਼ੈਪੋਰਿਜੀਆ ਨੇੜੇ 70 ਹਜ਼ਾਰ ਟਨ ਤੇਲ ਦੇ ਡੀਪੂ ਨੂੰ ਤਬਾਹ ਕਰ ਦਿੱਤਾ।

ਇਹ ਜਾਣਕਾਰੀ ਰੂਸੀ ਰੱਖਿਆ ਮੰਤਰਾਲੇ ਨੇ ਐਤਵਾਰ ਦਿੱਤੀ। ਰੂਸੀ ਫੌਜ ਨੇ ਜ਼ੈਪੋਰਿਜੀਆ ਅਤੇ ਦੋਨੇਤਸਕ ਖੇਤਰਾਂ ’ਚ ਮਿਜ਼ਾਈਲਾਂ, ਗੋਲਾ-ਬਾਰੂਦ ਅਤੇ ਹੋਰ ਸਾਜ਼ੋ-ਸਾਮਾਨ ਵਾਲੇ ਯੂਕਰੇਨੀ ਫੌਜ ਦੇ ਗੁਦਾਮ ਨੂੰ ਵੀ ਨਸ਼ਟ ਕਰ ਦਿੱਤਾ। ਇਸ ਤੋਂ ਪਹਿਲਾਂ ਯੂਕਰੇਨੀ ਅਧਿਕਾਰੀਆਂ ਨੇ ਕਿਹਾ ਸੀ ਕਿ ਰੂਸ ਵੱਲੋਂ ਜ਼ੈਪੋਰਿਜੀਆ ਸ਼ਹਿਰ ’ਚ ਰਿਹਾਇਸ਼ੀ ਇਮਾਰਤ ’ਤੇ ਕੀਤੇ ਹਮਲੇ ’ਚ 50 ਸਾਲਾ ਵਿਅਕਤੀ ਅਤੇ ਉਸ ਦੀ 11 ਸਾਲਾ ਧੀ ਮਾਰੀ ਗਈ ਹੈ।



## ਵਿਸ਼ੇਸ਼ ਸਪਲੀਮੈਂਟ




ਅਜੇ ਅਰੋੜਾ
ਕੋਟ ਈਸੇ ਖਾਂ
99143-58312



ਬਲਬੀਰ ਸੈਣੀ
ਹੁਸ਼ਿਆਰਪੁਰ
94632-61803



ਤਰਸੇਮ ਸਿੰਘ ਸਾਧਪੁਰ
ਤਰਸਿੱਕਾ (ਅੰਮ੍ਰਿਤਸਰ)
99882-03163



ਰਛਪਾਲ ਸਿੰਘ ਸੰਧੂ
ਮਖੂ
94175-55398

ਵਿਸਾਖੀ ਦੇ ਸ਼ੁੱਭ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ


# ਕੋਰੋਨਾ ਕੇਸਾਂ ਦਾ ਵਧਣਾ ਜਾਰੀ

**ਨਵੀਂ ਦਿੱਲੀ** : ਦੇਸ਼ ’ਚ 5,575 ਨਵੇਂ ਕੇਸ ਸਾਹਮਣੇ ਆਏ ਹਨ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਐਤਵਾਰ ਸਵੇਰੇ 8 ਵਜੇ ਅਪਡੇਟ ਅੰਕੜਿਆਂ ਮੁਤਾਬਕ ਹੁਣ ਤਕ ਕੇਸਾਂ ਦੀ ਕੁੱਲ ਗਿਣਤੀ ਵਧ ਕੇ 4,47,56,616 ਹੋ ਗਈ ਹੈ। ਇਸ ਦੌਰਾਨ 11 ਹੋਰ ਮੌਤਾਂ ਨਾਲ ਮ੍ਰਿਤਕਾਂ ਦਾ ਅੰਕੜਾ ਵਧ ਕੇ 5,30,965 ’ਤੇ ਪਹੁੰਚ ਗਿਆ ਹੈ।

ਸਿਹਤ ਮੰਤਰਾਲੇ ਦੀ ਵੈੱਬਸਾਈਟ ਮੁਤਾਬਕ ਦੇਸ਼ ’ਚ ਇਸ ਸਮੇਂ 32,814 ਸਰਗਰਮ ਕੇਸ ਹਨ, ਜਿਹੜੇ ਕੁੱਲ ਕੇਸਾਂ ਦਾ 0.07 ਫੀਸਦ ਹਿੱਸਾ ਹਨ। ਕੋਰੋਨਾ ਤੋਂ ਕੌਮੀ ਸਿਹਤਯਾਬੀ ਦਰ 98.74 ਹੈ। ਅੰਕੜਿਆਂ ਮੁਤਾਬਕ ਦੇਸ਼ ’ਚ ਹੁਣ ਤੱਕ 4,41,92,837 ਮਰੀਜ਼ ਇਸ ਲਾਗ ਤੋਂ ਉੱਭਰ ਵੀ ਚੁੱਕੇ ਹਨ. ਜਦਕਿ ਕੋਰੋਨਾ ਮੌਤ ਦਰ 1.19 ਫੀਸਦੀ ਦਰਜ ਕੀਤੀ ਗਈ ਹੈ।

# ਪ੍ਰਿਯਾਂਸ਼ੂ ਨੇ ਓਰਲੀਨਸ ਮਾਸਟਰਜ਼ ਖਿਤਾਬ ਜਿੱਤਿਆ



**ਓਰਲੀਨਸ (ਫਰਾਂਸ)** : ਪ੍ਰਿਯਾਂਸ਼ੂ ਰਾਜਾਵਤ ਨੇ ਗਹਿਗਚ ਮੁਕਾਬਲੇ ’ਚ ਡੈਨਮਾਰਕ ਦੇ ਮੈਗਨਸ ਜੋਹਾਨਸਨ ਨੂੰ 21-15, 19-21 ਤੇ 21-16 ਨਾਲ ਹਰਾ ਕੇ ਓਰਲੀਨਸ ਮਾਸਟਰਜ਼ ਦਾ ਖਿਤਾਬ ਜਿੱਤ ਲਿਆ। 21 ਸਾਲਾ ਬੈਡਮਿੰਟਨ ਖਿਡਾਰੀ ਰਾਜਾਵਤ ਨੇ ਪਹਿਲਾ ਸੁਪਰ-300 ਸੀਰੀਜ਼ ਖਿਤਾਬ ਜਿੱਤਿਆ ਹੈ। ਉਹ 73 ਸਾਲ ਦੇ ਇਤਿਹਾਸ ’ਚ ਪਿਛਲੇ ਸਾਲ ਪਹਿਲੀ ਵਾਰ ਥਾਮਸ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਵੀ ਹਿੱਸਾ ਸੀ। ਮੱਧ ਪ੍ਰਦੇਸ਼ ਦੇ ਧਾਰ ਦੇ ਰਾਜਾਵਤ ਨੇ ਸ਼ਨੀਵਾਰ ਸੈਮੀਫਾਈਨਲ ’ਚ ਆਇਰਲੈਂਡ ਦੇ ਨਹਾਤ ਐਨਗੁਏਨ ਨੂੰ 21-12, 21-9 ਨਾਲ ਹਰਾਇਆ ਸੀ।

## ਉਦਯੋਗਪਤੀਆਂ ਦਾ ਸਮਰਥਨ, ਪਰ ਭ੍ਰਿਸ਼ਟਾਚਾਰ ਦਾ ਨਹੀਂ : ਰਾਊਤ

**ਮੁੰਬਈ** : ਸ਼ਿਵ ਸੈਨਾ (ਊਧਵ ਬਾਲ ਠਾਕਰੇ) ਨੇਤਾ ਸੰਜੈ ਰਾਊਤ ਨੇ ਐਤਵਾਰ ਕਿਹਾ ਕਿ ਇੱਕਜੁਟ ਵਿਰੋਧੀ ਧਿਰ ਮਹਿਸੂਸ ਕਰਦੀ ਹੈ ਕਿ ਅਡਾਨੀ ਸਮੂਹ ਦੀਆਂ ਕੰਪਨੀਆਂ ਦੀ ਜਾਂਚ ਜ਼ਰੂਰੀ ਹੈ ਅਤੇ ਉਨ੍ਹਾਂ ਦੀ ਪਾਰਟੀ (ਸ਼ਿਵ ਸੈਨਾ) ਅਜਿਹੀ ਮੰਗ ਦੇ ਸਮਰਥਨ ’ਚ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਊਤ ਨੇ ਕਿਹਾ ਕਿ ਉਹ ਜਾਂਚ ਦੀ ਪ੍ਰਕਿਰਤੀ ਨੂੰ ਲੈ ਕੇ ਕਾਂਗਰਸ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਦਰਮਿਆਨ ਮਤਭੇਦਾਂ ’ਚ ਸ਼ਾਮਲ ਨਹੀਂ ਹੋਣਾ ਚਾਹੁੰਦੇ। ਉਨ੍ਹਾ ਕਿਹਾ—ਇਕਜੁੱਟ ਵਿਰੋਧੀ ਧਿਰ ਮਹਿਸੂਸ ਕਰਦੀ ਹੈ ਕਿ ਅਡਾਨੀ ਕੰਪਨੀਆਂ ਦੀ ਜਾਂਚ ਜ਼ਰੂਰੀ ਹੈ ਅਤੇ ਸ਼ਿਵ ਸੈਨਾ ਵਿਰੋਧੀ ਧਿਰ ਦਾ ਹਿੱਸਾ ਹੈ।

ਰਾਜ ਸਭਾ ਮੈਂਬਰ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਨਿਗਰਾਨੀ ਵਾਲੀ ਜਾਂਚ ਕਮੇਟੀ ਅਤੇ ਸਾਂਝੀ ਸੰਸਦੀ ਕਮੇਟੀ ਵੱਲੋਂ ਮਿਲ ਕੇ ਜਾਂਚ ਕੀਤੀ ਜਾ ਸਕਦੀ ਹੈ। ਰਾਊਤ ਨੇ ਕਿਹਾ—ਉਦਯੋਗਪਤੀਆਂ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ, ਪਰ ਭ੍ਰਿਸ਼ਟਾਚਾਰ ਦਾ ਨਹੀਂ।

## ਅੰਮ੍ਰਿਤਪਾਲ ਦਾ ਕਥਿਤ ਸਾਥੀ ਰਿਹਾਅ ਕਰਨਾ ਪਿਆ

**ਹੁਸ਼ਿਆਰਪੁਰ** : ਅੰਮ੍ਰਿਤਪਾਲ ਸਿੰਘ ਦੇ ਮਾਮਲੇ ’ਚ ਹਿਰਾਸਤ ’ਚ ਲਏ ਗਏ ਜਸਵਿੰਦਰ ਸਿੰਘ ਪਾਂਗਲੀ ਨੂੰ ਪੁਲਸ ਨੂੰ 24 ਘੰਟਿਆਂ ’ਚ ਹੀ ਰਿਹਾਅ ਕਰਨਾ ਪਿਆ। ਫਗਵਾੜਾ ਦੇ ਨਾਲ ਲੱਗਦੇ ਪਿੰਡ ਜਗਤਪੁਰ ਜੱਟਾਂ ਦਾ ਰਹਿਣ ਵਾਲੇ ਪਾਂਗਲੀ ਨੂੰ ਪੁਲਸ ਨੇ ਐਤਵਾਰ ਬਾਅਦ ਦੁਪਹਿਰ ਹੁਸ਼ਿਆਰਪੁਰ ਦੀ ਅਦਾਲਤ ’ਚ ਪੇਸ਼ ਕੀਤਾ। ਉਸਦੇ ਵਕੀਲ ਤਨਹੀਰ ਸਿੰਘ ਬਰਿਆਣਾ ਨੇ ਦੱਸਿਆ ਕਿ ਉਸ ਨੂੰ ਅੰਮ੍ਰਿਤਪਾਲ ਸਿੰਘ ਦੇ ਮਾਮਲੇ ’ਚ ਸ਼ੱਕ ਦੇ ਆਧਾਰ ’ਤੇ ਗ੍ਰਿਫਤਾਰ ਗਿਆ, ਪਰ ਪੁਲਸ ਕੋਲ ਇਸ ਸੰਬੰਧੀ ਕੋਈ ਸਬੂਤ ਨਹੀਂ ਮਿਲਿਆ, ਜਿਸ ਕਰਕੇ ਅਦਾਲਤ ਵੱਲੋਂ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਮੀਡੀਆ ਨਾਲ ਗੱਲ ਕਰਦਿਆਂ ਜਸਵਿੰਦਰ ਸਿੰਘ ਨੇ ਕਿਹਾ ਕਿ ਉਸ ਦਾ ਅੰਮ੍ਰਿਤਪਾਲ ਸਿੰਘ ਨਾਲ ਦੂਰ-ਦੂਰ ਦਾ ਵੀ ਕੋਈ ਵਾਸਤਾ ਨਹੀਂ ਹੈ।

# ਚੀਮਾ ਦੀ ਸਿੱਧੂ ਨੂੰ ਕੁਝ ਚਿਰ ਅਰਾਮ ਕਰਨ ਦੀ ਸਲਾਹ

**ਚੰਡੀਗੜ੍ਹ** : ਪੰਜਾਬ ਦੇ ਖਜ਼ਾਨਾ ਮੰਤਰੀ ਅਤੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਇੰਚਾਰਜ ਹਰਪਾਲ ਚੀਮਾ ਨੇ ਪੰਜਾਬ ਕਾਂਗਰਸ ਦੇ ਲੀਡਰ ਨਵਜੋਤ ਸਿੰਘ ਸਿੱਧੂ ਨੂੰ ਸਲਾਹ ਦਿੰਦੇ ਹੋਏ ਕਿਹਾ ਹੈ ਕਿ ਸਿੱਧੂ 1 ਸਾਲ ਜੇਲ੍ਹ ’ਚ ਰਹਿ ਕੇ ਆਏ ਹਨ, ਇਸ ਲਈ ਕੁਝ ਟਾਈਮ ਉਨ੍ਹਾ ਨੂੰ ਆਰਾਮ ਕਰ ਲੈਣਾ ਚਾਹੀਦਾ ਹੈ ਅਤੇ ਨਾਲ ਹੀ ਪਸ਼ਚਾਤਾਪ ਵੀ ਕਰ ਲੈਣਾ ਚਾਹੀਦਾ ਹੈ। ਚੀਮਾ ਨੇ ਕਿਹਾ ਪੰਜਾਬ ’ਚ ਪਹਿਲੀ ਵਾਰ ਹੋਇਆ ਹੈ ਕਿ ਹਰੇਕ ਖੇਤਰ ’ਚ ਸਰਕਾਰ ਦਾ ਰੈਵੇਨਿਊ ਲਗਾਤਾਰ ਵਧ ਰਿਹਾ ਹੈ ਕਿਉਂਕਿ ਪੰਜਾਬ ਵਿੱਚ ਇਮਾਨਦਾਰ ਸਰਕਾਰ ਦਿਨ-ਰਾਤ ਕੰਮ ਕਰ ਰਹੀ ਹੈ।



ਚੀਮਾ ਮੁਤਾਬਿਕ ਪੰਜਾਬ ਦੇ ਇਤਿਹਾਸ ’ਚ ਪਹਿਲੀ ਵਾਰ ਐਕਸਾਈਜ਼ ਤੋਂ 8,841 ਕਰੋੜ ਦੀ ਆਮਦਨ ਹੋਈ ਅਤੇ ਨਵੀਂ ਨਾਲ ਐਕਸਾਈਜ਼ ਵਿਭਾਗ ਦਾ ਮਾਲੀਆ 41 ਫੀਸਦੀ ਵਧਿਆ। ਚੀਮਾ ਨੇ ਕਿਹਾ ਕਿ ਪਹਿਲੇ ਸਾਲ ਹੀ ਸਰਕਾਰ ਵੱਲੋਂ ਲਗਾਤਾਰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾ ਰਹੇ ਹਨ ਜਦਕਿ ਪਿਛਲੀਆਂ ਸਰਕਾਰਾਂ ਵੇਲੇ ਇਹ ਸਾਰੇ ਕੰਮ ਚੌਥੇ ਸਾਲ ’ਚ ਹੁੰਦੇ ਸਨ। ਨਾਲ ਹੀ ਕਿਹਾ ਕਿ ਪਹਿਲੇ ਸਾਲ ’ਚ ਹੀ 500 ਤੋਂ ਵੱਧ ਮੁਹੱਲਾ ਕਲੀਨਿਕ ਖੋਲ੍ਹ ਦਿੱਤੇ ਗਏ ਹਨ। ਉਨ੍ਹਾ ਕਿਹਾ ਕਿ ਜਿਹੜਾ ਵੀ ਭ੍ਰਿਸ਼ਟਾਚਾਰ ਕਰੂ ਉਹ ਜੇਲ੍ਹ ਵਿੱਚ ਜਾਊ ਭਾਵੇਂ ਉਹ ਉਨ੍ਹਾ ਦੀ ਪਾਰਟੀ ਦਾ ਹੋਵੇ ਜਾਂ ਕਿਸੇ ਹੋਰ ਪਾਰਟੀ ਦਾ। ਚੀਮਾ ਨੇ ਕਿਹਾ ਕਿ ਜਲੰਧਰ ’ਚ ਕੋਈ ਐਂਟੀ-ਇਨਕਮਬੈਂਸੀ ਨਹੀਂ ਹੈ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਭਾਰੀ ਵੋਟਾਂ ਨਾਲ ਚੋਣ ਜਿੱਤਣਗੇ।

## ਆਪਣੀ ਸਰਕਾਰ ਵਿਰੁੱਧ ਧਰਨਾ ਦੇਣਗੇ ਪਾਇਲਟ

**ਜੈਪੁਰ** : ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਐਤਵਾਰ ਕਿਹਾ ਕਿ ਉਹ ਪਿਛਲੀ ਭਾਜਪਾ ਸਰਕਾਰ ਦੌਰਾਨ ਹੋਏ ਭ੍ਰਿਸ਼ਟਾਚਾਰ ਖਿਲਾਫ ਕਾਰਵਾਈ ਲਈ 11 ਅਪਰੈਲ ਨੂੰ ਸ਼ਹੀਦ ਸਮਾਰਕ ’ਤੇ ਧਰਨਾ ਦੇਣਗੇ। ਪਾਇਲਟ ਮੁਤਾਬਕ ਜਦੋਂ ਕਾਂਗਰਸ ਵਿਰੋਧੀ ਧਿਰ ’ਚ ਸੀ, ਤਾਂ ਉਨ੍ਹਾ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਤਤਕਾਲੀ ਭਾਜਪਾ ਸਰਕਾਰ ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਇਆ ਸੀ ਅਤੇ ਕਾਂਗਰਸ ਦੇ ਸੱਤਾ ’ਚ ਆਉਣ ’ਤੇ ਕਾਰਵਾਈ ਕਰਨ ਦਾ ਵਾਅਦਾ ਕੀਤਾ ਸੀ। ਪਾਇਲਟ ਨੇ ਦੋਸ਼ ਲਾਇਆ ਕਿ ਇਸ ਸੰਬੰਧ ’ਚ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਉਹ ਕਾਰਵਾਈ ਦੀ ਮੰਗ ਲਈ ਧਰਨੇ ’ਤੇ ਬੈਠਣਗੇ।

## ਅੱਜ-ਨਾਮਾ

ਮੌਸਮ ਆਂਵਦਾ ਕਈ ਵਾਰ ਇਸ ਤਰ੍ਹਾਂ ਦਾ,
ਜਾਂਦੀ ਕਹੀ ਨਹੀਂ ਸੁੱਝੀ ਹੋਈ ਗੱਲ ਮੀਆਂ।
ਪਹਿਲਾਂ ਬੋਲਣ ਤੋਂ ਸੋਚਣ ਦੀ ਲੋੜ ਲਗਦੀ,
ਅਗਲੇ ਸਕਣੀ ਕਿ ਨਹੀਂ ਇਹ ਝੱਲ ਮੀਆਂ।
ਪੁਆੜਾ ਪੈਣ ਦਾ ਬਹੁਤ ਆ ਡਰ ਰਹਿੰਦਾ,
ਦੁਬਿਧਾ ਰਾਹਾਂ ਨੂੰ ਬੈਠ ਜਾਏ ਮੱਲ ਮੀਆਂ।
ਕਿਸੇ ਨਾਲ ਹੁੰਦੀ ਆ ਕਰਨ ਵਿਚਾਰ ਔਖੀ,
ਵਜਾ ਦਏ ਮੂਹਰਲਾ ਐਵੇਂ ਨਾ ਟੱਲ ਮੀਆਂ।
ਅੰਦਰੋ-ਅੰਦਰ ਫਿਰ ਰਿੱਝਦਾ ਬਹੁਤ ਬੰਦਾ,
ਵੱਟ ਲਏ ਚੀਸ ਫਿਰ ਪੀੜ ਨੂੰ ਸਹੇ ਮੀਆਂ।
ਅੰਦਰੋ-ਅੰਦਰ ਬੱਸ ਰਿੜਕਦਾ ਰਹੇ ਮੀਆਂ,
ਦਿਲ ਦੀ ਗੱਲ ਆਖਰ ਕੀਹਨੂੰ ਕਹੇ ਮੀਆਂ।

-ਤੀਸ ਮਾਰ ਖਾਂ

# ਖਾਲਸਾ ਸਾਜਨਾ ਦਿਵਸ ਮਨਾਉਣ ਲਈ ਜਥਾ ਪਾਕਿਸਤਾਨ ਰਵਾਨਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਲਈ ਐਤਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1052 ਸਿੱਖ ਸ਼ਰਧਾਲੂਆਂ ਦਾ ਜਥਾ ਖ਼ਾਲਸਾਈ ਜੈਕਾਰਿਆਂ ਦੀ ਗੂੰਜ ’ਚ ਰਵਾਨਾ ਕੀਤਾ ਗਿਆ। ਰਵਾਨਗੀ ਮੌਕੇ ਜਥੇ ਦੀ ਅਗਵਾਈ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਬਲਵਿੰਦਰ ਸਿੰਘ ਵੇਈਂਪੂਈਂ, ਜਸਵੰਤ ਸਿੰਘ ਪੁੜੈਣ, ਬੀਬੀ ਜੋਗਿੰਦਰ ਕੌਰ, ਸਾਬਕਾ ਸਕੱਤਰ ਕੁਲਵੰਤ ਸਿੰਘ, ਜਨਰਲ ਪ੍ਰਬੰਧਕ ਵਜੋਂ ਵਧੀਕ ਸਕੱਤਰ ਹਰਜੀਤ ਸਿੰਘ ਲਾਲੂ ਘੁੰਮਣ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਸਿਰੋਪਾਓ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨ ਦਿੱਤਾ।

ਜਥੇ ਦੇ ਆਗੂ ਅਮਰਜੀਤ ਸਿੰਘ ਭਲਾਈਪੁਰ ਨੇ ਕਿਹਾ ਕਿ ਪਾਕਿਸਤਾਨ ਅੰਦਰ ਸਿੱਖ ਕੌਮ ਦੇ ਅਨੇਕਾਂ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਲਈ ਸਿੱਖ ਸੰਗਤਾਂ ਦੇ ਮਨਾਂ ਅੰਦਰ ਤਾਂਘ ਹੁੰਦੀ ਹੈ, ਇਸ ਲਈ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਖੁੱਲ੍ਹਦਿਲੀ ਨਾਲ ਵੀਜ਼ੇ ਦੇਣੇ ਚਾਹੀਦੇ ਹਨ। ਉਨ੍ਹਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਉਨ੍ਹਾ ਨੂੰ ਜਥੇ ਦੀ ਅਗਵਾਈ ਸੌਂਪਣ ਲਈ ਧੰਨਵਾਦ ਕੀਤਾ।

ਜਥਾ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਵਿੱਚ ਦਾਖਲ ਹੋਇਆ। ਜਥੇ ਦਾ ਵਾਹਗਾ ਪਹੁੰਚਣ ’ਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਵਧੀਕ ਸਕੱਤਰ ਰਾਣਾ ਸ਼ਾਹਿਦ ਸਲੀਮ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ, ਸਾਬਕਾ ਪ੍ਰਧਾਨ ਸਤਵੰਤ ਸਿੰਘ ਤੇ ਮੈਂਬਰਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਜਥੇ ਦਾ ਨਿੱਘਾ ਸਵਾਗਤ ਕੀਤਾ ਗਿਆ। ਵਾਹਗਾ ਤੋਂ ਭਾਰਤੀ ਜਥਾ ਇਮੀਗ੍ਰੇਸ਼ਨ ਅਤੇ ਕਸਟਮ ਦੀ ਕਾਰਵਾਈ ਉਪਰੰਤ ਲਗਭਗ 60 ਏ ਸੀ ਬੱਸਾਂ ਰਾਹੀਂ ਭਾਰੀ ਸੁਰੱਖਿਆ ਹੇਠ ਨਨਕਾਣਾ ਸਾਹਿਬ ਪਹੁੰਚਿਆ, ਜਿਥੇ ਪੂਰੀ ਚੈਕਿੰਗ ਕਰਨ ਉਪਰੰਤ ਜਥੇ ਦੇ ਮੈਂਬਰਾਂ ਨੂੰ ਵੱਖ-ਵੱਖ ਸਰਾਵਾਂ ਵਿੱਚ ਭੇਜਿਆ ਗਿਆ। ਜਥਾ ਪਾਕਿਸਤਾਨ ਵਿੱਚ 10 ਦਿਨ ਰਹੇਗਾ ਤੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਵਾਪਸ ਵਤਨ ਪਰਤੇਗਾ।

## ਜਲਬਾਲਾ ਵੈਦਿਆ ਦਾ ਦੇਹਾਂਤ

**ਨਵੀਂ ਦਿੱਲੀ** : ਪ੍ਰਸਿੱਧ ਥੀਏਟਰ ਅਦਾਕਾਰਾ ਅਤੇ ਰਾਜਧਾਨੀ ਦੇ ਮਸ਼ਹੂਰ ਅਕਸ਼ਰਾ ਥੀਏਟਰ ਦੀ ਸਹਿ-ਸੰਸਥਾਪਕ ਜਲਬਾਲਾ ਵੈਦਿਆ (86) ਦਾ ਐਤਵਾਰ ਦੇਹਾਂਤ ਹੋ ਗਿਆ। ਉਹ ਸਾਹ ਸੰਬੰਧੀ ਬਿਮਾਰੀਆਂ ਨਾਲ ਜੂਝ ਰਹੀ ਸੀ। ਇਹ ਜਾਣਕਾਰੀ ਉਨ੍ਹਾ ਦੀ ਬੇਟੀ ਅਤੇ ਥੀਏਟਰ ਨਿਰਦੇਸ਼ਕ ਅਨਸੂਯਾ ਵੈਦਿਆ ਸ਼ੈਟੀ ਨੇ ਦਿੱਤੀ।



ਲੰਡਨ ’ਚ ਭਾਰਤੀ ਲੇਖਕ ਅਤੇ ਸੁਤੰਤਰਤਾ ਸੈਨਾਨੀ ਸੁਰੇਸ਼ ਵੈਦਿਆ ਅਤੇ ਅੰਗਰੇਜ਼ੀ ਕਲਾਸੀਕਲ ਗਾਇਕ ਮੈਜ ਫਰੈਂਕੀਸ ਦੇ ਘਰ ਜਨਮੀ ਜਲਬਾਲਾ ਵੈਦਿਆ ਨੇ ਇੱਕ ਪੱਤਰਕਾਰ ਵਜੋਂ ਸ਼ੁਰੂਆਤ ਕੀਤੀ ਸੀ ਅਤੇ ਦਿੱਲੀ ’ਚ ਵੱਖ-ਵੱਖ ਕੌਮੀ ਅਖਬਾਰਾਂ ਅਤੇ ਰਸਾਲਿਆਂ ਲਈ ਲਿਖਦੀ ਰਹੀ।

## ਕਣਕ ਦਾ ਦਾਣਾ-ਦਾਣਾ ਖਰੀਦ ਕੀਤਾ ਜਾਵੇਗਾ : ਉਗੋਕੇ



**ਤਪਾ ਮੰਡੀ (ਅਰੁਣ ਗੋਇਲ)**-ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਬਰਨਾਲਾ-ਬਠਿੰਡਾ ਮੁੱਖ ਮਾਰਗ ਸਥਿਤ ਅਪਣੀ ਰਿਹਾਇਸ਼ 'ਤੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆੜ੍ਹਤੀਆਂ ਨੂੰ ਕਣਕ ਦੇ ਸੀਜ਼ਨ 'ਚ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਵਿਧਾਇਕ ਉਗੋਕੇ ਨੇ ਕਿਹਾ ਕਿ ਸਰਕਾਰ ਵੱਲੋਂ ਮੰਡੀਆਂ 'ਚ ਪੁਖਤਾ ਪ੍ਰਬੰਧ ਕਰ ਲਏ ਗਏ ਹਨ। ਆੜ੍ਹਤੀਆਂ ਤੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਕਣਕ ਦਾ ਇੱਕ-ਇੱਕ ਦਾਣਾ ਖਰੀਦ ਏਜੰਸੀਆਂ ਵੱਲੋਂ ਖਰੀਦਿਆਂ ਜਾਵੇਗਾ। ਆੜ੍ਹਤੀਆਂ ਐਸੋਸੀਏਸ਼ਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਮੁਨੀਸ਼ ਕੁਮਾਰ ਮਿੱਤਲ ਤੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਨੇ ਵਿਧਾਇਕ ਉਗੋਕੇ ਨੂੰ ਵਿਸ਼ਵਾਸ ਦਿਵਾਇਆ ਕਿ ਸਾਰੇ ਆੜ੍ਹਤੀਏ ਕਿਸਾਨਾਂ, ਖਰੀਦ ਏਜੰਸੀਆਂ ਨਾਲ ਮਿਲ ਕੇ ਆਪਸੀ ਤਾਲਮੇਲ ਨਾਲ ਪੂਰੀ ਤਰ੍ਹਾਂ ਕਿਸਾਨਾਂ ਦੇ ਨਾਲ ਮਿਲ ਕੇ ਕੰਮ ਕਰਨਗੇ। ਇਸ ਮੌਕੇ ਦਫਤਰ ਇੰਚਾਰਜ ਜਸਵੀਰ ਜੱਸੀ, ਰੇਸ਼ਮ ਸਿੰਘ ਪੀ ਏ, ਹੈਰੀ ਧੂਰਕੋਟ, ਅਮਨਦੀਪ ਦਰਾਜ, ਐਡਵੋਕੇਟ ਚੈਰੀ ਢਿੱਲਵਾਂ, ਸੁਰਿੰਦਰ ਸਿੰਘ, ਹਰਦੀਪ ਪੋਪਲ ਆਦਿ ਪਾਰਟੀ ਵਰਕਰ ਹਾਜ਼ਰ ਸਨ।

## ਆੜ੍ਹਤੀਆਂ ਨੇ ਖੁਰਾਕ ਮੰਤਰੀ ਨੂੰ ਦਿੱਤਾ ਮੰਗ ਪੱਤਰ



**ਜਗਰਾਉਂ (ਅਮਿਤ ਖੰਨਾ)**-ਇਥੇ ਪੰਜਾਬ ਆੜ੍ਹਤੀ ਐਸੋਸੀਏਸ਼ਨ ਦੀ ਮੀਟਿੰਗ ਹੋਈ, ਜਿਸ 'ਚ ਪੰਜਾਬ ਦੀਆਂ ਸਮੂਹ ਆੜ੍ਹਤੀ ਐਸੋਸੀਏਸ਼ਨਾਂ ਨੇ ਭਾਗ ਲਿਆ। ਪੰਜਾਬ ਆੜ੍ਹਤੀ ਐਸੋਸੀਏਸ਼ਨ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਪੰਜਾਬ ਦੇ ਖੁਰਾਕ ਮੰਤਰੀ ਲਾਲ ਚੰਦ ਕਟਾਰੂ ਚੱਕ ਨੂੰ ਦਿੱਤਾ, ਜਿਸ 'ਚ ਉਨ੍ਹਾਂ ਆਪਣੀਆਂ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਤੁਲਾਈ ਲਈ ਕੰਪਿਊਟਰ ਕੰਡਿਆਂ ਦੀ ਵਰਤੋਂ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਿਰਧਾਰਤ ਕੀਤੀ ਲੇਬਰ ਉੱਪਰ ਕਈ ਸਾਲਾਂ ਤੋਂ ਈ ਪੀ ਐੱਫ ਦਾ ਤੀਹ ਫੀਸਦੀ ਕੱਟ ਰਹੀ ਹੈ, ਜੋ ਕਿ ਸਰਾਸਰ ਧੱਕਾ ਹੈ। ਇਸ ਲਈ ਪਿਛਲੇ ਸਾਲਾਂ ਦਾ ਬਕਾਇਆ ਦਿਵਾਇਆ ਜਾਵੇ। ਉਨ੍ਹਾਂ ਕੋਲ ਵੀਹ ਬੰਦਿਆਂ ਦੀ ਕੱਚੀ ਲੇਬਰ ਹੁੰਦੀ ਹੈ। ਪੋਰਟਲ ਤੇ ਲੌਡ ਮੈਪਿੰਗ ਕਰਨ ਦਾ ਕੰਮ ਮਾਰਕੀਟ ਕਮੇਟੀ ਦਾ ਹੈ ਇਸ ਤੋਂ ਆੜ੍ਹਤੀਆਂ ਨੂੰ ਨਿਜਾਤ ਦਿਵਾਈ ਜਾਵੇ। ਲੋਡ ਮੈਪਿੰਗ ਹਰ ਸਾਲ ਪੋਰਟਲ ਤੋਂ ਡਿਲੀਟ ਨਾ ਕਰੀ ਜਾਵੇ ਤੇ ਆਨਲਾਈਨ ਗੇਟ ਪਾਸ ਕੱਟਣ ਦਾ ਕੰਮ ਸਰਕਾਰੀ ਏਜੰਸੀਆਂ ਤੋਂ ਕਰਵਾਇਆ ਜਾਵੇ। ਇਸ ਮੌਕੇ ਅਵਿਨਾਸ਼ਪ੍ਰੀਤ ਸਿੰਘ ਬੈਂਸ, ਹਰਬੰਸ ਸਿੰਘ ਰੋਸ਼ਾ, ਪਿੱਪਲ ਸਿੰਘ ਮੁਕਤਸਰ, ਘਨੱਈਆ ਗੁਪਤਾ ਜਗਰਾਓਂ, ਗੁਰਮੀਤ ਸਿੰਘ ਦੌਧਰ, ਮੰਡੀ ਪ੍ਰਧਾਨ ਬਲਵਿੰਦਰ ਸਿੰਘ ਗਰੇਵਾਲ, ਪ੍ਰਧਾਨ ਸਮੀਰ ਜੈਨ ਆਦਿ ਹਾਜ਼ਰ ਸਨ।

## ਮਾਨਸਿਕ ਰੋਗੀਆਂ ਲਈ ਮੁਫਤ ਜਾਂਚ ਕੈਂਪ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ੍ਰੀ ਕੈਲਾਸ਼ਪਤੀ ਲੰਗਰ ਸੇਵਾ ਸਮਿਤੀ ਜੈਤੋ ਵੱਲੋਂ ਨਿਸ਼ਕਾਮ ਫਾਊਂਡੇਸ਼ਨ ਦੇ ਸਹਿਯੋਗ ਨਾਲ ਸਰਕਾਰੀ ਹਸਪਤਾਲ ਜੈਤੋ ਵਿਖੇ ਮਾਨਸਿਕ ਰੋਗੀਆਂ ਲਈ ਪੰਜਵਾਂ ਮੁਫਤ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਿੰਘਾਪੁਰ ਤੋਂ ਡਾਕਟਰ ਧਾਨੇਸ਼ ਗੁਪਤਾ ਤੇ ਫਰੀਦਕੋਟ ਤੋਂ ਡਾਕਟਰ ਸੁਮੀਤ ਨੇ ਆਏ ਹੋਏ 60 ਦੇ ਕਰੀਬ ਮਰੀਜ਼ਾਂ ਦਾ ਚੈੱਕਅੱਪ ਕੀਤਾ। ਇਸ ਮੌਕੇ ਸ੍ਰੀ ਕੈਲਾਸ਼ਪਤੀ ਲੰਗਰ ਸੇਵਾ ਸਮਿਤੀ ਜੈਤੋ ਦੇ ਪ੍ਰਧਾਨ ਲਵਲੀਨ ਕੋਚਰ ਤੇ ਮੈਂਬਰ ਵਿਸ਼ਾਲ ਗਰਗ, ਪਵਨ ਗਰਗ, ਕੁਲਦੀਪ ਸਿੰਘ, ਰਿੰਕੂ ਤਾਇਲ, ਨਵਜੋਤ ਸਿੰਘ, ਪੰਕੁਸ਼ ਗੋਇਲ, ਵਿਨੈ ਗੋਇਲ, ਪਵਨ ਗੰਗਾ, ਪਵਨ ਵਧਵਾ, ਵਿਨੋਦ ਗੋਇਲ, ਬਿੱਟੂ ਸਿੰਘ ਆਦਿ ਮੌਜੂਦ ਰਹੇ।

## ਬਗਲਾਮੁਖੀ ਜਯੰਤੀ ਦੀ ਤਿਆਰੀਆਂ ਜ਼ੋਰਾਂ 'ਤੇ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਆਉਣ ਵਾਲੀ 28 ਅਪ੍ਰੈਲ ਨੂੰ ਮਾਤਾ ਬਗਲਾਮੁਖੀ ਜਯੰਤੀ ਦੇ ਦਿਨ ਕੀਤੇ ਜਾਨ ਵਾਲੇ ਮਹਾ ਯੱਗ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਦਿਨ ਨੂੰ ਬੜੇ ਹੀ ਧੂਮ ਧਾਮ ਨਾਲ ਮਨਾਉਣ ਲਈ ਮਾਤਾ ਬਗਲਾਮੁਖੀ ਧਾਮ ਨਿਊ ਫ੍ਰੈਂਡਜ਼ ਕਲੋਨੀ ਵਿੱਚ ਪ੍ਰਬੰਧਕਾਂ ਨੇ ਇੱਕ ਮੀਟਿੰਗ ਕੀਤੀ। ਇਸ ਦੌਰਾਨ ਜਯੰਤੀ ਵਾਲੇ ਦਿਨ ਲਈ ਸਾਰਿਆਂ ਸੇਵਾਦਾਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਇਸ ਦੌਰਾਨ ਮੰਦਰ ਦੇ ਪੰਡਿਤ ਜੈ ਸ਼ਾਸਤਰੀ ਜੀ ਨੇ ਦੱਸਿਆ ਕਿ ਇਹ ਜਯੰਤੀ ਦਾ ਦਿਨ ਮਾਤਾ ਬਗਲਾਮੁਖੀ ਭਗਤਾਂ ਲਈ ਬਹੁਤ ਵੱਡਾ ਦਿਨ ਹੁੰਦਾ ਹੈ। ਇਸ ਦਿਨ ਸਾਰੇ ਹੀ ਭਗਤਾਂ ਨੂੰ ਜ਼ਰੂਰ ਮਾਤਾ ਦਾ ਅਸ਼ੀਰਵਾਦ ਲੈਣਾ ਚਾਹੀਦਾ ਹੈ। ਇਸ ਦੌਰਾਨ ਪਰਮਿੰਦਰ ਸਿੰਘ, ਦਿਨੇਸ਼ ਆਟੋਰੀਆ, ਜਯੋਤੀ ਨਾਰੰਗ, ਭਾਰਤ ਭੂਸ਼ਣ ਸ਼ਰਮਾ, ਰਜਨੀਸ਼ ਕੁਮਾਰ, ਰਮਨ ਖੋਸਲਾ, ਲਾਪੀਲ ਅਰੋੜਾ, ਗੁਰਜੀਤ ਸਿੰਘ, ਨਿਤਿਨ ਭਾਂਬਰੀ, ਰਾਕੇਸ਼ ਕੁਮਾਰ, ਪ੍ਰਕਾਸ਼ ਦੋਭਾਲ, ਅਜੈ ਵਿਜ, ਰਾਜੇਸ਼ ਕੌਸ਼ਲ, ਨੀਰਜ ਜੇਠੀ, ਮੁਕੁਲ ਵੋਹਰਾ, ਬੇਅੰਤ ਸਿੰਘ (ਕਾਕੂ), ਹਾਰਦਿਕ ਆਟੋਰੀਆ ਆਦਿ ਹਾਜ਼ਰ ਸਨ।

## ਦਸਮੇਸ਼ ਚੈਰੀਟੇਬਲ ਵਿਖੇ ਅੱਖਾਂ ਦਾ ਮੁਫਤ ਜਾਂਚ ਤੇ ਅਪ੍ਰੇਸ਼ਨ ਕੈਂਪ



**ਦੋਰਾਹਾ (ਹਰਮਿੰਦਰ ਸੇਠ)**-ਦਸਮੇਸ਼ ਚੈਰੀਟੇਬਲ ਹਸਪਤਾਲ ਦੋਰਾਹਾ ਵਿਖੇ ਸਪੋਰਟ ਕਿੰਗ ਇੰਡੀਆ ਲਿਮਟਿਡ ਦੇ ਨਰੇਸ਼ ਜੈਨ, ਡੀ. ਐੱਸ. ਯਾਦਵ ਤੇ ਆਰ ਪੀ ਗੁਪਤਾ ਦੇ ਵਿਸ਼ੇਸ਼ ਸਹਿਯੋਗ ਨਾਲ ਹਸਪਤਾਲ ਦੇ ਪ੍ਰਬੰਧਕਾਂ ਤੇ ਸਟਾਫ ਵੱਲੋਂ ਅੱਖਾਂ ਦਾ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ 950 ਤੋਂ ਵੱਧ ਲੋਕਾਂ ਨੇ ਇਸ ਕੈਂਪ ਦਾ ਲਾਭ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਮੁੱਖ ਪ੍ਰਬੰਧਕ ਤੇ ਸਮਾਜ ਸੇਵੀ ਇੰਦਰਜੀਤ ਸਿੰਘ (ਕਾਲਾ ਪ੍ਰਧਾਨ), ਦਲਜੀਤ ਸਿੰਘ ਤੇ ਰਜਿੰਦਰ ਸਿੰਘ ਸੇਠੀ ਨੇ ਦੱਸਿਆ ਕਿ ਕੈਂਪ ਵਿੱਚ ਲੋੜਵੰਦ ਮਰੀਜ਼ਾਂ ਦਾ ਚੈੱਕਅੱਪ ਕਰਕੇ ਫਰੀ ਦਵਾਈਆਂ, ਅੱਖਾਂ ਦਾ ਚੈੱਕਅਪ ਕਰਕੇ 300 ਤੋਂ ਵੱਧ ਲੋਕਾਂ ਨੂੰ ਐਨਕਾਂ, 80 ਤੋਂ ਵੱਧ ਲੋਕਾਂ ਦੀਆਂ ਅੱਖਾਂ ਦਾ ਅਪ੍ਰੇਸ਼ਨ ਤੇ ਟੈਸਟ ਫਰੀ ਕੀਤੇ ਗਏ। ਇਸ ਮੌਕੇ ਪ੍ਰਧਾਨ ਇੰਦਰਜੀਤ ਸਿੰਘ ਕਾਲਾ, ਦਲਜੀਤ ਸਿੰਘ ਪੱਪੂ, ਰਜਿੰਦਰ ਸਿੰਘ ਟੀਟੂ ਸੇਠੀ, ਭੁਪਿੰਦਰ ਸਿੰਘ ਓਬਰਾਏ, ਰਵਿੰਦਰ ਸਿੰਘ ਸਾਹ, ਜਸਵੀਰ ਸਿੰਘ ਸਾਹ, ਫੁਲਦੀਪ ਸਿੰਘ ਜੱਗੀ, ਹਰਸੇਵਕ ਸਿੰਘ, ਪ੍ਰਿਤਪਾਲ ਸਿੰਘ ਸਾਹ, ਗੁਰਚਰਨ ਸਿੰਘ, ਤਰਲੋਚਨ ਸਿੰਘ, ਆਗਿਆਪਾਲ ਸਿੰਘ, ਤੇਜਵੀਰ ਸਿੰਘ, ਈਸਵਰ ਸਿੰਘ, ਹਰਭਜਨ ਸਿੰਘ, ਬਿਨਵੰਤ ਸਿੰਘ, ਜਸਪਾਲ ਸਿੰਘ, ਮਲਵਿੰਦਰ ਸਿੰਘ ਹੈਪੀ, ਦਲਜੀਤ ਸਿੰਘ ਖਾਲਸਾ ਰਿਟਾਇਰਡ ਐੱਸ.ਡੀ.ਓ. ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਤਾਂ ਜੋ ਆਉਣ ਵਾਲਾ ਨਵਾਂ ਸੈਸ਼ਨ 2023-24 ਵਧੀਆ ਸ਼ੁਰੂ ਹੋ ਸਕੇ। ਇਸ ਮੌਕੇ ਸਾਰੇ ਸਕੂਲ ਵੱਲੋਂ ਪਾਠ ਕੀਤੇ ਗਏ ਅਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਅਰਦਾਸ ਬੇਨਤੀ ਕੀਤੀ ਗਈ। ਅਰਦਾਸ ਕਰਨ ਉਪਰੰਤ ਕੜਾਹ-ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਅੰਤ 'ਚ ਸਾਰੇ ਮਾਪਿਆਂ, ਬੱਚਿਆਂ ਅਤੇ ਅਧਿਆਪਕਾਂ ਨੂੰ ਚਾਹ ਅਤੇ ਭੁਜੀਏ ਬਦਾਨੇ ਦਾ ਲੰਗਰ ਛਕਾਇਆ ਗਿਆ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਬੱਚਿਆਂ ਨੂੰ ਧਾਰਮਕਤਾ ਪਾਸੇ ਲਗਾਉਣ ਲਈ ਦਸ ਗੁਰੂ ਸਾਹਿਬਾਨਾ ਬਾਰੇ ਜਾਣਕਾਰੀ ਹੋਣਾ ਬਹੁਤ ਹੀ ਜ਼ਰੂਰੀ ਹੈ। ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਗੁਰਬਾਣੀ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਇਸ ਮੌਕੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਬੀ ਜੇ ਪੀ ਦਾ ਸਾਲਾਨਾ ਦਿਵਸ ਮਨਾਇਆ



**ਧਨੌਲਾ (ਕਰਮਜੀਤ ਸਿੰਘ ਸਾਗਰ)**-ਬੀ ਜੇ ਪੀ ਦਾ 53ਵਾਂ ਸਾਲਾਨਾ ਦਿਵਸ ਧਨੌਲਾ ਵਿਖੇ ਓ ਬੀ ਸੀ ਮੋਰਚਾ ਦੇ ਵਾਈਸ ਪ੍ਰਧਾਨ ਅਤੇ ਜ਼ਿਲ੍ਹਾ ਇੰਚਾਰਜ ਪਰਮਿੰਦਰ ਸਿੰਘ ਖੁਰਮੀ ਦੇ ਗ੍ਰਹਿ ਵਿਖੇ ਭਾਜਪਾ ਦਾ ਝੰਡਾ ਲਹਿਰਾ ਕੇ ਮਨਾਇਆ ਗਿਆ। ਪਰਮਿੰਦਰ ਸਿੰਘ ਖੁਰਮੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਿਸੇ ਸਮੇਂ ਸਿਰਫ ਦੋ ਸੰਸਦ ਮੈਂਬਰਾਂ ਵਾਲੀ ਪਾਰਟੀ ਅੱਜ ਆਪਣੀਆਂ ਸਾਫ ਨੀਤੀਆਂ ਕਰਕੇ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ। ਖੁਰਮੀ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਇਸ ਨਾਲੋਂ ਵੀ ਬਿਹਤਰ ਹੋਣਗੇ। ਇਸ ਮੌਕੇ ਕੌਮੀ ਸੀ. ਭਾਜਪਾ ਮੋਰਚਾ ਪੰਜਾਬ ਵੱਲੋਂ ਸ਼ੁਰੂ ਕੀਤੇ ਪ੍ਰੋਗਰਾਮ ਪਿੰਡ-ਪਿੰਡ ਚੱਲੋ ਘਰ ਘਰ ਚੱਲੋ ਦੀ ਸ਼ੁਰੂਆਤ ਵੀ ਕੀਤੀ ਗਈ ਅਤੇ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਰੱਖੇ ਪ੍ਰੋਗਰਾਮਾਂ 'ਚ ਸਾਬਕਾ ਚੇਅਰਮੈਨ ਜੀਵਨ ਕੁਮਾਰ ਬਾਂਸਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਜਗਤਾਰ ਸਿੰਘ ਢਿੱਲੋਂ, ਮੰਗਲਦੇਵ ਸ਼ਰਮਾ, ਦਰਸ਼ਨ ਸਿੰਘ ਧਾਲੀਵਾਲ, ਲਵਲੀਨ ਭਾਰਦਵਾਜ ਅਤੇ ਭਾਜਪਾ ਆਗੂ ਤੇ ਵਰਕਰ ਮੌਜੂਦ ਸਨ ।

## ਤੀਜਾ ਖੂਨਦਾਨ ਕੈਂਪ ਲਾਇਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਬੀ ਦਿ ਚੇਂਜ ਫਾਊਂਡੇਸ਼ਨ ਵੱਲੋਂ ਪ੍ਰਧਾਨ ਸੰਦੀਪ ਬਾਂਸਲ ਦੀ ਅਗਵਾਈ ਹੇਠ ਮਹਾਂਵੀਰ ਮੰਦਰ ਵਿਖੇ ਤੀਜਾ ਵਿਸ਼ਾਲ ਖੂਨਦਾਨ ਕੈਂਪ ਲਾਇਆ ਗਿਆ। ਕੈਂਪ ਵਿੱਚ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਨੇ ਸ਼ਿਰਕਤ ਕਰਦਿਆਂ ਖੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ। ਪ੍ਰਧਾਨ ਸੰਦੀਪ ਬਾਂਸਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਬਲੱਡ ਬੈਂਕ ਸੰਗਰੂਰ ਦੀ ਟੀਮ ਵੱਲੋਂ ਕਰੀਬ 60 ਯੂਨਿਟ ਖੂਨ ਇਕੱਤਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਖੂਨਦਾਨ ਕਰਨ ਨਾਲ ਥੈਲੇਸੀਮੀਆ ਬੱਚਿਆਂ ਦੀ ਜਾਨ ਬਚ ਸਕਦੀ ਹੈ ਤੇ ਇੱਕ ਖੂਨਦਾਨੀ ਤਿੰਨ ਬੰਦਿਆਂ ਦੀ ਜਾਨ ਬਚਾਉਂਦਾ ਹੈ, ਇਹ ਇਕ ਵੱਡੀ ਤੇ ਉੱਤਮ ਸੇਵਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਹਰੇਕ ਤਿੰਨ ਮਹੀਨੇ ਬਾਅਦ ਲਗਾਏ ਜਾਣਗੇ ਤਾਂ ਜੁ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇ। ਕਾਂਗਰਸੀ ਆਗੂ ਸ਼ੁਭਮ ਸ਼ਰਮਾ ਨੇ ਸੰਸਥਾ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਅਜਿਹੇ ਸਮਾਜ ਸੇਵਾ ਦੇ ਕੰਮਾਂ ਦੀ ਲੋੜ 'ਤੇ ਜੋਰ ਦਿੱਤਾ। ਇਸ ਮੌਕੇ ਬਲੱਡ ਬੈਂਕ ਦੀ ਟੀਮ ਨੂੰ ਸਨਮਾਨਤ ਕੀਤਾ ਗਿਆ ਤੇ ਖੂਨਦਾਨੀਆਂ ਨੂੰ ਵੀ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਮੈਂਬਰਾਂ ਵਿੱਚ ਅਮਨ ਗੋਇਲ, ਗਗਨ ਗਰਗ, ਅਤੁਲ ਸਿੰਗਲਾ ਜਗਜੀਵਨ ਗੋਇਲ, ਅਮਨ ਗੋਇਲ, ਰਾਮਤੀਰਥ ਜਿੰਦਲ, ਗਗਨ ਗਰਗ, ਅਤੁਲ ਸਿੰਗਲਾ ਤ ਅਮਰਜੀਤ ਸਿੰਘ ਆਦਿ ਵੀ ਹਾਜ਼ਰ ਸਨ।

## ਕ੍ਰਿਪਾ ਸ਼ੰਕਰ ਸਰੋਜ ਦਾ ਸਾਖਰਤਾ ਕਾਰਕੁਨਾਂ ਵੱਲੋਂ ਸਨਮਾਨ



**ਕੋਟਕਪੂਰਾ (ਰਛਪਾਲ ਭੁੱਲਰ)**-ਦੇਸ਼ ਵਿੱਚ ਫੈਲ ਰਹੇ ਅਨਿਆਂ ਪੂਰਨ ਤੇ ਚਿੰਤਾਜਨਕ ਹਾਲਾਤ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਮੈਂ ਉਸੇ ਤਰ੍ਹਾਂ ਤਤਪਰ ਰਹਾਂਗਾ ਤੇ ਚੰਗੇ ਸਮਾਜ ਦੀ ਸਿਰਜਣਾ ਲਈ ਲਗਾਤਾਰ ਯਤਨ ਜਾਰੀ ਰੱਖੇ ਜਾਣਗੇ, ਜਿਵੇਂ ਫ਼ਰੀਦਕੋਟ ਦੀ ਸਾਖਰਤਾ ਮੁਹਿੰਮ ਤੇ ਹੋਰ ਪ੍ਰਸ਼ਾਸਨਿਕ ਅਹੁਦਿਆਂ 'ਤੇ ਰਹਿੰਦੇ ਹੋਏ ਨਿਰੰਤਰ ਯਤਨਸ਼ੀਲ ਰਿਹਾ ਹਾਂ। ਇਹ ਸ਼ਬਦ ਸਨਮਾਨ ਸਮਾਗਮ ਦੌਰਾਨ ਸ੍ਰੀ ਕ੍ਰਿਪਾ ਸ਼ੰਕਰ ਸਰੋਜ ਆਈ ਏ ਐਸ ਸੇਵਾ ਮੁਕਤ ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਦੇ ਸੈਨੇਟ ਹਾਲ ਵਿਖੇ ਜ਼ਿਲ੍ਹਾ ਫ਼ਰੀਦਕੋਟ, ਮੋਗਾ ਤੇ ਸ੍ਰੀ ਮੁਕਤਸਰ ਸਾਹਿਬ ਦੇ ਸਾਖਰਤਾ ਕਰਕੁੰਨਾਂ ਵੱਲੋਂ ਕਰਾਏ ਸਨਮਾਨ ਸਮਾਗਮ ਸਮੇਂ ਕਹੇ। ਸਮਾਗਮ ਦੀ ਪ੍ਰਧਾਨਗੀ ਡਾਕਟਰ ਤੇਜਬੀਰ ਸਿੰਘ ਸਾਬਕਾ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਨੇ ਕਰਦਿਆਂ ਸ੍ਰੀ ਕਿਰਪਾ ਸੰਕਰ ਸਰੋਜ ਦੀ ਅਗਵਾਈ ਹੇਠ ਜ਼ਿਲ੍ਹੇ ਦੀ ਸਾਖਰਤਾ ਮੁਹਿੰਮ ਨਾਲ ਜੁੜੇ ਕਈ ਤਜਰਬੇ ਸਾਂਝੇ ਕੀਤੇ। ਉਨ੍ਹਾਂ ਨੌਜਵਾਨ ਪੀੜ੍ਹੀ ਤੇ ਸਮੁੱਚੇ ਸਮਾਜ ਨੂੰ ਸਮਾਜਿਕ ਕੁਰੀਤੀਆਂ ਦੇ ਖਾਤਮੇ ਲਈ ਲਗਾਤਾਰ ਸੰਘਰਸ਼ਸ਼ੀਲ ਰਹਿਣ ਦੀ ਲੋੜ 'ਤੇ ਜ਼ੋਰ ਦਿੱਤਾ। ਸਮਾਗਮ ਨੂੰ ਸਮਾਜ ਸੇਵੀ ਕ੍ਰਿਸ਼ਨ ਸਿੰਗਲਾ, ਪਵਨ ਗੁਲਾਟੀ ਤਹਿਸੀਲਦਾਰ, ਡਾਕਟਰ ਨਵਤੇਜ ਸਿੰਘ, ਪ੍ਰਿੰਸੀਪਲ ਰਣਬੀਰ ਕਿੰਗਰਾ, ਮੁਕੰਦ ਕੰਵਲ ਬਾਘਾਪੁਰਾਣਾ, ਨਾਇਬ ਸਿੰਘ ਢਿੱਲੋਂ, ਪ੍ਰੇਮ ਚਾਵਲਾ, ਅਮਰਜੀਤ ਸਿੰਘ ਖਿਓਵਾਲੀ, ਜਰਨੈਲ ਸਿੰਘ ਵਾਂਦਰ, ਪਵਨ ਕੁਮਾਰ ਮੁਕਤਸਰ, ਬਲਬੀਰ ਸ਼ਰਮਾ, ਅਮਰਜੀਤ ਕੌਰ ਛਾਬੜਾ, ਅਮਰਜੀਤ ਸਿੰਘ ਪਰਮਾਰ, ਨੀਲਮ ਚਾਵਲਾ, ਗੁਰਪਾਲ ਕੌਰ ਲੰਬੀ, ਪਰਮਜੀਤ ਕੰਮੇਆਣਾ, ਅਸ਼ੋਕ ਕੌਸ਼ਲ ਪੈਨਸ਼ਨਰ ਆਗੂ ਨੇ ਸੰਬੋਧਨ ਕਰਦੇ ਹੋਏ ਸਾਖਰਤਾ ਮੁਹਿੰਮ ਤੇ ਹੋਰ ਸਰਕਾਰੀ ਅਹੁਦਿਆਂ 'ਤੇ ਸ੍ਰੀ ਕ੍ਰਿਪਾ ਸ਼ੰਕਰ ਸਰੋਜ ਵੱਲੋਂ ਆਮ ਲੋਕਾਂ ਤੇ ਸਵੈ ਸੇਵਕਾਂ ਨੂੰ ਆਤਮ ਨਿਰਭਰ ਬਣਾਉਣ ਲਈ ਕੀਤੀ ਨਿਰਸਵਾਰਥ ਸੇਵਾ ਦੀ ਭਰਪੂਰ ਪ੍ਰਸੰਸਾ ਕੀਤੀ। ਸਮਾਗਮ ਵਿੱਚ ਸ੍ਰੀ ਕ੍ਰਿਪਾ ਸ਼ੰਕਰ ਸਰੋਜ ਤੇ ਉਨ੍ਹਾਂ ਦੀ ਪਤਨੀ ਨੰਦਨੀ ਸਰੋਜ ਨੂੰ ਖ਼ੂਬਸੂਰਤ ਤੋਹਫ਼ਿਆਂ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅਸ਼ੋਕ ਚਾਵਲਾ, ਪ੍ਰਿੰ. ਗੁਰਦੀਪ ਸਿੰਘ ਢੁੱਡੀ, ਗੁਰਤੇਜ ਪੱਖੀ, ਪ੍ਰਵੀਨ ਕਾਲਾ ਪ੍ਰਧਾਨ ਸਹਾਰਾ ਸੇਵਾ ਸੁਸਾਇਟੀ, ਸੋਮ ਨਾਥ ਅਰੋੜਾ, ਕੁਲਵੰਤ ਸਿੰਘ ਚਾਨੀ, ਸੁਦੇਸ਼ ਕਮਲ ਸ਼ਰਮਾ, ਰਮੇਸ਼ ਧਵਨ, ਦੀਪਕ ਕੁਮਾਰ, ਹਰਮੇਸ ਮਸੀਹ, ਸੁਰਿੰਦਰ ਸਿੰਘ ਸਮਾਲਸਰ, ਵਿਜੈ ਕੁਮਾਰ, ਤਰਸੇਮ ਸਿੰਘ, ਅਨੂਪ ਸਿੰਗਲਾ ਐਡਵੋਕੇਟ, ਕਸ਼ਮੀਰ ਕੌਰ ਲੰਬੀ, ਸੰਤੋਸ਼ ਕੁਮਾਰੀ ਚਾਵਲਾ, ਕੁਲਵੰਤ ਕੌਰ ਬਾਘਾਪੁਰਾਣਾ, ਮਧੂ ਗੁਲਾਟੀ ਤੋਂ ਇਲਾਵਾ ਜ਼ਿਲ੍ਹਾ ਫ਼ਰੀਦਕੋਟ, ਮੋਗਾ, ਮੁਕਤਸਰ ਦੇ ਸਾਖਰਤਾ ਕਾਰਕੁੰਨਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

## ਗੁਰੂ ਅਰਜਨ ਨਗਰ ਹਰਿਆਉ ਦਾ ਸਰਪੰਚ ਮੁਅੱਤਲ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਹਰਿਆਉ ਖੁਰਦ ਦੀ ਗ੍ਰਾਮ ਪੰਚਾਇਤ ਗੁਰੂ ਅਰਜਨ ਨਗਰ ਦੀ ਪੰਚਾਇਤ ਦੇ ਆਡਿਟ ਵਿੱਚ ਪਾਈਆਂ ਗਈਆਂ ਧਾਂਦਲੀਆਂ ਤੇ ਮਨਰੇਗਾ ਸਕੀਮ ਅਧੀਨ ਕਰਵਾਏ ਜਾਣ ਵਾਲੇ ਕੰਮਾਂ ਦੇ ਮਸਟਰੋਲ ਦੂਜੀਆਂ ਗਰਾਂਟਾਂ ਵਿੱਚ ਦਿਖਾਏ ਜਾਣ ਦੇ ਮਾਮਲੇ ਨੂੰ ਲੈ ਕੇ ਸਰਪੰਚ ਨੂੰ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਸਰਪੰਚ ਦੇ ਨਾਮ ਉੱਤੇ ਗ੍ਰਾਮ ਪੰਚਾਇਤ ਜਲਦੀ ਵੱਖ-ਵੱਖ ਬੈਂਕਾਂ 'ਚ ਚਲਦੇ ਖਾਤਿਆਂ ਨੂੰ ਤੁਰੰਤ ਸੀਲ ਕਰਕੇ ਸਰਪੰਚ ਦਾ ਚਾਰਜ ਵਾਪਸ ਲੈ ਕੇ ਰਿਪੋਰਟ ਭੇਜਣ ਦੇ ਹੁਕਮ ਜਾਰੀ ਕੀਤੇ ਗਏ ਹਨ। ਸ਼ਿਕਾਇਤਕਰਤਾ ਪੰਚ ਰੁਪਿੰਦਰ ਕੌਰ ਦੇ ਪਤੀ ਪਰਮਿੰਦਰ ਸਿੰਘ ਤੇ ਮਨਜੀਤ ਸਿੰਘ ਨੇ ਦੋਸ਼ ਲਗਾਇਆ ਸੀ ਕਿ ਮਿਲੀਆਂ ਗ੍ਰਾਂਟਾਂ 'ਚ ਬਹੁਤ ਸਾਰੇ ਘਪਲੇ ਕਰਕੇ ਸਰਪੰਚ ਵੱਲੋਂ ਗ੍ਰਾਮ ਪੰਚਾਇਤ ਨੂੰ ਚੂਨਾ ਲਗਾਇਆ ਗਿਆ ਹੈ, ਜਿਨ੍ਹਾਂ ਨੂੰ ਲੈ ਕੇ ਉਨ੍ਹਾਂ ਸ਼ਿਕਾਇਤ ਵੀ ਕੀਤੀ ਸੀ, ਜਿਸ 'ਤੇ ਕਾਰਵਾਈ ਦੌਰਾਨ ਬੀਡੀਪੀਓ ਸਮਾਣਾ ਨੇ ਪੜਤਾਲ ਕਰਕੇ ਇਸ ਦੀ ਰਿਪੋਰਟ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਨੂੰ ਭੇਜੇ ਜਾਣ ਮਗਰੋਂ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇ ਪੰਜਾਬ ਪੰਚਾਇਤੀ ਰਾਜ ਐਕਟ 1994 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗ੍ਰਾਮ ਪੰਚਾਇਤ ਗੁਰੂ ਅਰਜਨ ਨਗਰ ਹਰਿਆਉ ਦੇ ਸਰਪੰਚ ਗੁਰਨਾਮ ਸਿੰਘ ਨੂੰ ਅਹੁਦੇ ਤੋਂ ਮੁਅੱਤਲ ਕੀਤਾ ਹੈ।

## ਆੜ੍ਹਤੀਆ ਐਸੋਸੀਏਸ਼ਨ ਵੱਲੋਂ ਟਰੱਕ ਯੂਨੀਅਨ ਦੇ ਪ੍ਰਧਾਨ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਪਿਛਲੇ ਦਿਨੀ ਟਰੱਕ ਅਪ੍ਰੇਟਰ ਭਰਾਵਾਂ ਵੱਲੋਂ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਅਮਨਦੀਪ ਸਿੰਘ ਰਹਿਲ ਨੂੰ ਟਰੱਕ ਯੂਨੀਅਨ ਨਾਭਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ, ਜਿਸ ਨਾਲ ਟਰੱਕ ਅਪਰੇਟਰਾਂ 'ਚ ਖੁਸ਼ੀ ਦਾ ਮਾਹੌਲ ਬਣ ਗਿਆ, ਜਿਸ ਨੂੰ ਲੈ ਅੱਜ ਆੜ੍ਹਤੀਆ ਐਸੋਸੀਏਸ਼ਨ ਨਾਭਾ ਦੇ ਪ੍ਰਧਾਨ ਸੁਰਿੰਦਰ ਗੁਪਤਾ ਤੇ ਸਮੂਹ ਮੈਂਬਰਾਂ ਵੱਲੋਂ ਅਮਨਦੀਪ ਸਿੰਘ ਰਹਿਲ ਨਵ-ਨਿਯੁਕਤ ਪ੍ਰਧਾਨ ਟਰੱਕ ਯੂਨੀਅਨ ਨਾਭਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਪ੍ਰਧਾਨ ਸੁਰਿੰਦਰ ਗੁਪਤਾ ਤੇ ਸਮੂਹ ਮੈਂਬਰਾਂ ਨੇ ਪ੍ਰਧਾਨ ਅਮਨਦੀਪ ਸਿੰਘ ਰਹਿਲ ਨਾਲ ਨਵੀਂ ਅਨਾਜ ਮੰਡੀ ਵਿਖੇ ਸੀਜ਼ਨ ਦੇ ਦਿਨਾਂ 'ਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਸਨਮਾਨ ਹੋਣ ਉਪਰੰਤ ਅਮਨਦੀਪ ਸਿੰਘ ਰਹਿਲ ਨੇ ਸਮੂਹ ਆੜ੍ਹਤੀ ਐਸੋਸੀਏਸ਼ਨ ਭਾਈਚਾਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਸੀਜ਼ਨ ਦੇ ਦਿਨਾਂ 'ਚ ਕਿਸੇ ਵੀ ਆੜ੍ਹਤੀਆ ਭਾਈਚਾਰੇ ਨੂੰ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ, ਜੇਕਰ ਕਿਸੇ ਨੂੰ ਮੁਸ਼ਕਲ ਆਉਂਦੀ ਹੈ, ਉਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ ਚੇਅਰਮੈਨ ਸਿਕੰਦਰ ਸਿੰਘ ਦੰਦਰਾਲਾ ਢੀਂਡਸਾ, ਹਰਬੰਸ ਸਿੰਘ ਬੁੱਟਰ, ਜਨਰਲ ਸੈਕਟਰੀ, ਸੁਭਾਸ਼ ਚੰਦ ਸਰਪ੍ਰਸਤ, ਦੀਪਕ ਗੁਪਤਾ, ਸੁਰਿੰਦਰ ਸਿੰਗਲਾ ਸੈਕਟਰੀ, ਅਨੁਜ ਕੁਮਾਰ, ਅਸ਼ੋਕ ਗਰਗ, ਬਿਨੇ ਗੁਪਤਾ, ਕਰਮਜੀਤ ਸਿੰਘ ਅਲਹੋਰਾਂ, ਰੇਸ਼ਮ ਸਿੰਘ, ਮੇਜਰ ਸਿੰਘ, ਸੁਖਦੀਪ ਸਿੰਘ ਖਹਿਰਾ, ਰਾਜ ਤੇ ਹੋਰ ਅਹੁਦੇਦਾਰ ਮੌਜੂਦ ਸਨ।

## ਬਾਬਾ ਫ਼ਰੀਦ ਕਾਲਜ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ, ਜਿਸ ਵਿੱਚ ਬੀ. ਏ.-ਬੀ. ਐੱਡ ਭਾਗ ਦੂਜਾ ਤੇ ਬੀ. ਐੱਡ ਭਾਗ ਪਹਿਲਾ ਦੇ 85 ਵਿਦਿਆਰਥੀਆਂ ਅਤੇ ਸਮੂਹ ਅਧਿਆਪਕਾਂ ਨੇ ਭਾਗ ਲਿਆ। ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਡੀਨ ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ 'ਵਿਸ਼ਵ ਸਿਹਤ ਦਿਵਸ' ਮੌਕੇ ਆਪਣੀ ਸਿਹਤ ਦਾ ਧਿਆਨ ਰੱਖਣ ਲਈ ਪ੍ਰੇਰਿਆ, ਜਿਸ ਨਾਲ ਆਪਣੇ ਰੋਜ਼ਾਨਾ ਦੇ ਕੰਮ ਨੂੰ ਸੁਖਾਲਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੇ ਕੋਲ ਇੱਕ ਤੰਦਰੁਸਤ ਸਰੀਰ ਤੇ ਰੌਸ਼ਨ ਦਿਮਾਗ਼ ਹੈ ਤਾਂ ਅਸੀਂ ਸਮਾਜ ਨੂੰ ਯੋਗਦਾਨ ਦੇ ਸਕਦੇ ਹਾਂ। ਵਿਦਿਆਰਥੀਆਂ ਨੇ ਸਰੀਰਕ ਤੰਦਰੁਸਤੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਬੀ. ਐੱਡ ਤੇ ਬੀ.ਏ.-ਬੀ. ਐੱਡ ਦੇ ਵਿਦਿਆਰਥੀਆਂ ਨੇ ਇਸ ਸਬੰਧੀ ਨਾਟਕ ਪੇਸ਼ ਕੀਤਾ, ਜਿਸ ਨੇ ਸਾਰੇ ਹੀ ਸਰੋਤਿਆਂ ਨੂੰ ਚੰਗੀ ਸਿਹਤ ਦਾ ਸੰਦੇਸ਼ ਦਿੱਤਾ।

ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਮੰਗਲ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਸ਼ਵ ਸਿਹਤ ਦਿਵਸ ਹਰ ਸਾਲ 7 ਅਪ੍ਰੈਲ ਨੂੰ ਸਾਰੀ ਦੁਨੀਆ 'ਚ ਮਨਾਇਆ ਜਾਂਦਾ ਹੈ। ਇਸ ਦਾ ਇਹ ਮਾਟੋ ਰਿਹਾ ਹੈ ਕਿ ਤੰਦਰੁਸਤੀ ਜੀਵਨ ਵਿੱਚ ਸਾਰੀਆਂ ਖ਼ੁਸ਼ੀਆਂ ਦਾ ਆਧਾਰ ਹੈ, ਇਸ ਲਈ ਹਰੇਕ ਮਨੁੱਖ ਨੂੰ ਚੰਗੇ ਖਾਣ-ਪੀਣ, ਸਾਫ਼-ਸਫ਼ਾਈ ਤੇ ਕਸਰਤ ਨਾਲ ਸਰੀਰ ਨੂੰ ਤੰਦਰੁਸਤ ਬਣਾਈ ਰੱਖਣ ਦੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਵਿਸ਼ਵ ਸਿਹਤ ਦਿਵਸ ਦਾ ਮੁੱਖ ਮਕਸਦ ਲੋਕਾਂ ਨੂੰ ਸਿਹਤ ਸੰਬੰਧੀ ਜਾਗਰੂਕ ਕਰਨਾ ਹੈ।

## ਪਾਥਵੇਜ਼ ਸਕੂਲ ਵਿਖੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਵਿਸਾਖੀ ਮੇਲਾ ਬੱਚਿਆਂ ਵੱਲੋਂ 10 ਅਪ੍ਰੈਲ ਨੂੰ ਮਨਾਇਆ ਜਾ ਰਿਹਾ, ਜਿਸ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਪਾਥਵੇਜ਼ ਮੇਲੇ 'ਚ ਪੰਜਾਬੀ ਸੱਭਿਆਚਾਰ ਦਾ ਕਲਚਰ ਦੇਖਣ ਨੂੰ ਮਿਲੇਗਾ। ਬੱਚਿਆਂ ਦੁਆਰਾ ਗਿੱਧਾ, ਭੰਗੜਾ ਤੇ ਵਿਸਾਖੀ ਨਾਲ ਸਬੰਧਤ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੇ ਟਰੈਕਟਰ, ਗੱਡੇ, ਘੋੜੇ ਪ੍ਰੋਗਰਾਮ ਦੀ ਸ਼ੋਭਾ ਵਧਾਉਣਗੇ। ਇਸ ਤੋਂ ਇਲਾਵਾ ਮੇਲੇ 'ਚ ਵੱਖ ਵੱਖ ਖਾਣ-ਪੀਣ ਦੇ ਕਈ ਤਰ੍ਹਾਂ ਦੇ ਸਟਾਲ ਬੱਚਿਆਂ ਲਈ ਹੋਣਗੇ। ਇਸ ਤੋਂ ਇਲਾਵਾ ਝੂਲੇ ਤੇ ਖੇਡਾਂ ਮੌਜੂਦ ਹੋਣਗੀਆਂ। ਪਾਥਵੇਜ਼ ਦਾ ਇਹ ਮੇਲਾ ਪੰਜਾਬ ਦੇ ਵੱਡੇ ਮੇਲਿਆਂ ਦੀ ਝਲਕ ਦਿਖਾਵੇਗਾ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਬੀ ਐੱਲ ਵਰਮਾ, ਪ੍ਰਿੰਸੀਪਲ ਹਰਵੰਤ ਸਿੰਘ, ਡੀਨ ਮੈਡਮ ਪਰਮਿੰਦਰ ਤੂਰ ਤੇ ਸਟਾਫ ਮੇਲੇ ਦੀ ਤਿਆਰੀ ਲਈ ਦਿਨ ਰਾਤ ਇੱਕ ਕਰ ਰਹੇ ਹਨ।

ਅੱਜ ਪਾਥਵੇਜ਼ ਦੇ ਬੱਚਿਆਂ ਨੇ ਮੇਲੇ ਦਾ ਇਨਵੀਟੇਸ਼ਨ ਪਾਥਵੇਜ਼ ਗਲੋਬਲ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ ਤੇ ਜਸਵਿੰਦਰ ਸਿੰਘ ਸਿੱਧੂ ਨੂੰ ਸੌਂਪਿਆ।

## ਗੌਰਮਿੰਟ ਪੈਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀ ਮੀਟਿੰਗ ਹੋਈ



**ਸੰਗਰੂਰ (ਪ੍ਰਵੀਨ ਸਿੰਘ)**-ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਸੰਸਥਾ ਦੇ ਪ੍ਰਧਾਨ ਜੀਤ ਸਿੰਘ ਢੀਂਡਸਾ ਦੀ ਅਗਵਾਈ ਹੇਠ ਪੈਨਸ਼ਨ ਭਵਨ ਵਿਖੇ ਹੋਈ। ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਜਗਜੀਤ ਇੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਮੰਗਵਾਲ, ਰਾਜ ਕੁਮਾਰ ਅਰੋੜਾ, ਜ਼ਿਲ੍ਹਾ ਪ੍ਰਧਾਨ, ਰਾਮ ਲਾਲ ਪਾਂਧੀ, ਜ਼ਿਲ੍ਹਾ ਜਨਰਲ ਸਕੱਤਰ, ਪ੍ਰਿੰਸੀਪਲ ਅਮਰਜੀਤ ਸਿੰਘ ਖਹਿਰਾ, ਸੱਤਪਾਲ ਸਿੰਗਲਾ, ਮੀਤ ਪ੍ਰਧਾਨ ਬਲਦੇਵ ਰਾਜ ਮਦਾਨ, ਪਵਨ ਕੁਮਾਰ ਸਿੰਗਲਾ, ਨੰਦ ਲਾਲ ਮਲਹੋਤਰਾ ਸ਼ਾਮਲ ਸਨ। ਮੰਚ ਸੰਚਾਲਨ ਕਰਦਿਆਂ ਸੰਸਥਾ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਜੱਸੀ ਤੇ ਵੱਖ-ਵੱਖ ਬੁਲਾਰਿਆਂ, ਜਿਨ੍ਹਾਂ ਵਿੱਚ ਰਾਜ ਕੁਮਾਰ ਅਰੋੜਾ, ਜਗਜੀਤ ਇੰਦਰ ਸਿੰਘ, ਆਰ ਐਲ ਪਾਂਧੀ, ਡਾ. ਸਤਵੰਤ ਸਿੰਘ, ਸ਼ੇਰ ਸਿੰਘ ਬਾਲੇਵਾਲ, ਗੁਰਦੀਪ ਸਿੰਘ ਮੰਗਵਾਲ ਸ਼ਾਮਲ ਸਨ, ਨੇ ਪੈਨਸਨਰਾਂ ਪ੍ਰਤੀ ਸਰਕਾਰ ਦੇ ਨਾਂਹ ਪੱਖੀ ਹੁੰਗਾਰੇ ਦੀ ਜ਼ੋਰਦਾਰ ਢੰਗ ਨਾਲ ਨਿਖੇਧੀ ਕੀਤੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ ਪੇ ਕਮਿਸ਼ਨ ਦੀ ਸਿਫ਼ਾਰਸ਼ ਦੇ ਅਧਾਰ 'ਤੇ 2.59 ਦੇ ਫਾਰਮੂਲੇ ਤਹਿਤ ਪੈਨਸ਼ਨ ਵਿੱਚ ਵਾਧਾ ਦਿੱਤਾ ਜਾਵੇ। 1-1-16 ਤੋਂ ਪੈਨਸ਼ਨ ਦਾ ਅਤੇ ਡੀ ਏ ਦੀਆਂ 170 ਕਿਸ਼ਤਾਂ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ। ਡੀ ਏ ਦੀਆਂ ਬਕਾਇਆ ਦੋ ਕਿਸ਼ਤਾਂ ਦਿੱਤੀਆਂ ਜਾਣ। ਗੁਰਦੇਵ ਸਿੰਘ ਲੂੰਬਾ, ਜਾਤੀ ਰਾਮ, ਸੱਤਦੇਵ ਸਰਮਾ, ਬਾਬਾ ਹਰਦਿਆਲ ਸਿੰਘ, ਗੋਬਿੰਦਰ ਪਾਲ ਸ਼ਰਮਾ ਆਦਿ ਨੇ ਸਮਾਜਿਕ ਕੁਰੀਤੀਆਂ, ਇਤਿਹਾਸਕ ਤੇ ਧਾਰਮਿਕ ਵਾਰਾਂ ਸੁਣਾ ਕੇ ਸਰੋਤਿਆਂ ਨੂੰ ਚੰਗੀ ਸੇਧ ਦਿੱਤੀ। ਇਸ ਸਮੇਂ ਅਪ੍ਰੈਲ ਮਹੀਨੇ ਜਨਮੇ ਪੈਨਸ਼ਨਰਾਂ, ਜਿਨ੍ਹਾਂ ਵਿੱਚ ਭਾਨਾ ਰਾਮ, ਗੁਰਦੇਵ ਸਿੰਘ ਲੂੰਬਾ, ਜਾਤੀ ਰਾਮ, ਮਨਮੋਹਣ ਸਿੰਘ, ਜਗਜੀਤ ਇੰਦਰ ਸਿੰਘ, ਰਾਮ ਲਾਲ ਪਾਂਧੀ, ਸੁਰਿੰਦਰਪਾਲ ਗਰਗ, ਅਵਤਾਰ ਸਿੰਘ ਆਹੂਜਾ, ਜਰਨੈਲ ਸਿੰਘ ਲੁਬਾਣਾ, ਸੱਤ ਦੇਵ ਸ਼ਰਮਾ, ਅਮਰਜੀਤ ਸਿੰਘ ਖਹਿਰਾ, ਮੋਹਨ ਦੇਵੀ, ਸ਼ਿਵ ਕੁਮਾਰ, ਰਾਧੇ ਸ਼ਿਆਮ, ਪੀ ਪੀ ਸਰਮਾ, ਸ਼ੇਰ ਸਿੰਘ ਬਾਲੇਵਾਲ, ਗੁਰਦੀਪ ਸਿੰਘ ਮੰਗਵਾਲ, ਸੁਰਿੰਦਰ ਕੌਰ, ਸ਼ਿਵ ਦਾਸ, ਸੁਰਿੰਦਰ ਕੁਮਾਰ ਸਰਮਾ, ਹਰਦੀਪ ਸਿੰਘ, ਈਸ਼ਵਰ ਚੰਦ, ਭਾਈ ਜਰਨੈਲ ਸਿੰਘ, ਭਾਈ ਨਾਹਰ ਸਿੰਘ ਸ਼ਾਮਲ ਸਨ, ਦੇ ਜਨਮ ਦਿਨ ਮਨਾਏ ਗਏ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਦੀ ਤੰਦਰੁਸਤੀ ਤੇ ਲੰਬੀ ਉਮਰ ਦੀ ਕਾਮਨਾ ਕੀਤੀ ਗਈ।

## ਮੁਆਵਜ਼ੇ ਨੂੰ ਲੈ ਕੇ ਕਿਸਾਨ ਉੱਪ ਮੰਡਲ ਮੈਜਿਸਟਰੇਟ ਦਫ਼ਤਰ ਦਾ ਭਲਕੇ ਕਰਨਗੇ ਘਿਰਾਓ



**ਮਲੋਟ (ਗੁਰਮੀਤ ਸਿੰਘ ਮੱਕੜ)**

ਪਿਛਲੇ ਦਿਨੀਂ ਹੋਈ ਬਾਰਿਸ਼ ਨੂੰ ਕਈ ਦਿਨ ਬੀਤ ਚੁੱਕੇ ਹਨ ਅਤੇ ਖੇਤਾਂ ਵਿੱਚ ਅਜੇ ਵੀ ਪਾਣੀ ਭਰਿਆ ਹੋਇਆ। ਹਲਕਾ ਮਲੋਟ ਦੇ ਪਿੰਡ ਝੋਰੜ ਦੇ ਕਿਸਾਨਾਂ ਨੇ ਦੋਸ਼ ਲਗਾਇਆ ਹੈ ਕਿ ਅਜੇ ਤੱਕ ਕੋਈ ਵਿਭਾਗ ਦਾ ਅਧਿਕਾਰੀ ਉਨ੍ਹਾਂ ਕੋਲ ਨਹੀਂ ਪਹੁੰਚਿਆ, ਪ੍ਰੰਤੂ ਸਰਕਾਰ ਕਹਿ ਰਹੀ ਹੈ ਕਿ ਵਿਸਾਖੀ ਤੱਕ ਮੁਆਵਜ਼ਾ ਦੇ ਦਿੱਤਾ ਜਾਵੇਗਾ, ਇਹ ਸਿਰਫ ਇੱਕ ਝੂਠੀ ਬਿਆਨਬਾਜ਼ੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੀ ਕਿਸੇ ਨੇ ਕੋਈ ਸਾਰ ਨਾ ਲਈ ਤਾਂ ਉਹ 11 ਅਪ੍ਰੈਲ ਨੂੰ ਉੱਪ ਮੰਡਲ ਮੈਜਿਸਟਰੇਟ ਮਲੋਟ ਦੇ ਦਫਤਰ ਦਾ ਘਿਰਾਓ ਕਰਨ ਲਈ ਮਜਬੂਰ ਹੋਣਗੇ। ਪਿੰਡ ਝੋਰੜ ਦੇ ਕਿਸਾਨਾਂ ਨੇ ਆਪਣਾ ਦਰਦ ਬਿਆਨ ਕਰਦੇ ਹੋਏ ਤੇ ਪੰਜਾਬ ਸਰਕਾਰ ਨੂੰ ਕੋਸਦੇ ਹੋਏ ਦੱਸਿਆ ਕਿ ਉਨ੍ਹਾਂ ਦਾ ਬਹੁਤਾ ਰਕਬਾ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਸੇਮ ਦੀ ਮਾਰ ਹੇਠ ਗੁਜ਼ਰ ਰਿਹਾ ਹੈ, ਕਦੇ ਝੋਨੇ ਦਾ ਨੁਕਸਾਨ, ਕਦੇ ਕਣਕ ਦਾ ਅਤੇ ਹੁਣ ਪਿਛਲੇ ਦਿਨੀਂ ਹੋਈ ਬਾਰਿਸ਼ ਨੇ ਇੱਕ ਵਾਰ ਫਿਰ ਆਫ਼ਤ ਵਿੱਚ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸੈਂਕੜੇ ਏਕੜ ਕਣਕ ਵਿੱਚ ਪਾਣੀ ਭਰਿਆ ਹੋਇਆ ਤੇ ਜੇਕਰ ਮੋਟਰਾਂ ਪਾਣੀ ਕੱਢਣ ਲਈ ਲਗਾਈਆਂ ਗਈਆਂ, ਹੁਣ ਉਹ ਵੀ ਪਾਣੀ ਜ਼ਿਆਦਾ ਹੋਣ ਕਰਕੇ ਕੰਮ ਨਹੀਂ ਕਰ ਸਕਦੀਆਂ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕਣਕ ਦੀ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਹੈ। ਪਿੰਡ ਦੇ ਕਿਸਾਨਾਂ ਦਾ ਆਰੋਪ ਹੈ ਕੇ ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਹਲਕਾ ਲੰਬੀ ਦੇ ਪਿੰਡਾਂ ਵਿੱਚ ਦੌਰੇ ਦੌਰਾਨ ਭਰੋਸਾ ਦੇ ਕੇ ਗਏ ਸਨ ਕਿ ਪਟਵਾਰੀ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਉਨ੍ਹਾਂ ਦੇ ਖੇਤਾਂ ਵਿੱਚ ਆ ਕੇ ਗਿਰਦਾਵਰੀ ਕਰਨਗੇ, ਪ੍ਰੰਤੂ ਅਜੇ ਤੱਕ ਉਨ੍ਹਾਂ ਦੀ ਸਾਰ ਲੈਣ ਕੋਈ ਨਹੀਂ ਆਇਆ। ਕਿਸਾਨਾਂ ਨੇ ਕਿਹਾ ਕਿ ਪੰਜਾਬ ਦੇ ਮੰਤਰੀ ਇਹ ਕਹਿ ਰਹੇ ਹਨ ਕਿ ਕਿਸਾਨਾਂ ਨੂੰ ਵਿਸਾਖੀ ਤੱਕ ਹਰ ਇੱਕ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ, ਪ੍ਰੰਤੂ ਅਜੇ ਤੱਕ ਉਨ੍ਹਾਂ ਕੋਲ ਕੋਈ ਵਿਭਾਗ ਦਾ ਅਧਿਕਾਰੀ ਨਹੀਂ ਪਹੁੰਚਿਆ, ਮੁਆਵਜ਼ਾ ਕਿਵੇਂ ਦੇਣਗੇ। ਦੂਸਰੇ ਪਾਸੇ ਪਿਛਲੇ ਸਮੇਂ ਦਾ ਗੁਲਾਬੀ ਸੁੰਡੀ ਤੇ ਕਈ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਦਾ ਮੁਆਵਜ਼ਾ ਤਾਂ ਅਜੇ ਮਿਲਿਆ ਨਹੀਂ। ਕਿਸਾਨਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀ ਕੋਈ ਸੁਣਵਾਈ ਨਾ ਹੋਈ ਤਾਂ ਉਹ 11 ਅਪ੍ਰੈਲ ਨੂੰ ਮਲੋਟ ਦੇ ਉੱਪ ਮੰਡਲ ਮੈਜਿਸਟਰੇਟ ਦੇ ਦਫਤਰ ਦਾ ਘਿਰਾਓ ਕਰਨਗੇ।

## ਛਾਜਲੀ 'ਚ ਵਿੱਤ ਮੰਤਰੀ ਨੇ ਕੀਤਾ ਮੋਘੇ ਦਾ ਉਦਘਾਟਨ



**ਦਿੜ੍ਹਬਾ (ਜਸਵੀਰ ਲਾਡੀ)**

ਪਿੰਡ ਛਾਜਲੀ ਵਿਖੇ ਪੰਜਾਬ ਸਰਕਾਰ ਵੱਲੋਂ ਨਹਿਰੀ ਪਾਣੀ ਦੀ ਸੁਚੱਜੀ ਵਰਤੋ ਲਈ ਨਵੇਂ ਉਸਾਰੀ ਕੀਤੇ ਸਾਂਝੇ ਦੋਜਨਾਲੀਆ ਦੇ ਪ੍ਰਾਜੈਕਟ ਮੋਘਾ ਨੰਬਰ 4370/ਆਰ ਦਾ ਉਦਘਾਟਨ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ 'ਤੇ ਕੁੱਲ ਲਾਗਤ 95.84 ਲੱਖ ਆਵੇਗੀ ਤੇ 86.26 ਲੱਖ ਸਬਸਿਡੀ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ।

ਇਸ ਪ੍ਰਜੈਕਟ ਅਧੀਨ 241 ਹੈਕਟੇਅਰ ਰਕਬਾ ਸਿੰਚਾਈ ਅਧੀਨ ਲਿਆਂਦਾ ਗਿਆ ਹੈ। ਇਸ ਪ੍ਰਜੈਕਟ ਨਾਲ ਕਿਸਾਨਾਂ ਦੀ ਫ਼ਸਲਾਂ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ ਤੇ ਨਾਲ ਹੀ 20 ਤੋਂ 30 ਪ੍ਰਤੀਸ਼ਤ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ। ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਸਾਨਾਂ ਨੂੰ ਪਾਣੀ ਦੀ ਸੰਭਾਲ ਬਾਰੇ ਜ਼ੋਰ ਦੇ ਕੇ ਕਿਹਾ ਕਿ ਪਾਣੀ ਦੀ ਸਾਨੂੰ ਲੋੜ ਮੁਤਾਬਕ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਾਣੀ ਦੇ ਐਸੇ ਪ੍ਰਾਜੈਕਟਾਂ ਲਈ ਪੰਜਾਬ ਸਰਕਾਰ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦੇਵੇਗੀ।

ਇਸ ਪ੍ਰਜੈਕਟ ਦਾ ਉਦਘਾਟਨ ਭੂਮੀ ਤੇ ਜਲ ਸੰਭਾਲ ਵਿਭਾਗ ਪੰਜਾਬ ਮੰਡਲ ਭੂਮੀ ਰੱਖਿਆ ਅਫ਼ਸਰ ਸੰਗਰੂਰ ਗੁਰਬਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਭੂਮੀ ਤੇ ਜਲ ਸੰਭਾਲ ਵਿਭਾਗ ਪੰਜਾਬ ਦੇ ਉਪ ਮੰਡਲ ਭੂਮੀ ਰੱਖਿਆ ਅਫ਼ਸਰ ਸੁਨਾਮ ਗੁਰਸੇਵਕ ਸਿੰਘ ਧਾਲੀਵਾਲ ਤੇ ਭੂਮੀ ਰੱਖਿਆ ਅਫ਼ਸਰ ਦਿੜ੍ਹਬਾ ਸ੍ਰੀ ਸੁਰੇਸ਼ ਮਿੱਤਲ ਤੇ ਸਮੂਹ ਸਟਾਫ਼ ਹਾਜ਼ਰ ਸਨ।

## ਅਧਿਆਪਕਾਂ ਦੀ ਸਿਖਲਾਈ ਲਈ ਸੈਮੀਨਾਰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਅਧਿਆਪਕਾਂ ਦੀ ਸਿਖਲਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਐੱਸ ਆਰ ਐੱਸ ਵਿੱਦਿਆਪੀਠ ਵਿਖੇ ਵਾਧੂ ਅੰਕਾਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਧਿਆਪਕਾਂ ਨੂੰ ਸਿੱਖਿਆ ਨੂੰ ਰੌਚਕ ਬਣਾਉਣ ਲਈ ਸਮਾਰਟ ਬੋਰਡ ਚਲਾਉਣ ਦਾ ਗਿਆਨ ਦਿੱਤਾ ਗਿਆ, ਤਾਂ ਜੁ ਉਹ ਆਪਣੇ ਵਿਸ਼ੇ ਨੂੰ ਦਿਲਚਸਪ ਢੰਗ ਨਾਲ ਕਰਾ ਸਕਣ।

ਇਹ ਅਸਲ ਵਿੱਚ ਮਦਦਗਾਰ ਤੇ ਪ੍ਰਭਾਵਸ਼ਾਲੀ ਵਰਕਸ਼ਾਪ ਸੀ। ਇਸ ਵਰਕਸ਼ਾਪ ਤੋਂ ਪ੍ਰਾਪਤ ਹੋਏ ਗਿਆਨ ਤੋਂ ਪ੍ਰਭਾਵਤ ਹੋ ਕੇ ਸਕੂਲ ਦੀ ਪ੍ਰਿੰਸੀਪਲ ਮਿਸ ਮਿਲੀ ਬੋਸ ਅਤੇ ਚੇਅਰਮੈਨ ਅਮਿਤ ਸਿੰਗਲਾ ਨੇ ਵਰਕਸ਼ਾਪ ਦੀ ਪ੍ਰਸੰਸਾ ਕੀਤੀ ਤੇ ਭਵਿੱਖ ਵਿੱਚ ਵੀ ਅਜਿਹੀ ਗਿਆਨ ਭਰਪੂਰ ਵਰਕਸ਼ਾਪ ਦਾ ਆਯੋਜਨ ਕਰਨ ਦਾ ਵਿਚਾਰ ਪ੍ਰਗਟ ਕੀਤਾ, ਤਾਂ ਜੁ ਵਿਦਿਆਰਥੀ ਸਬੰਧਤ ਵਿਸ਼ੇ ਨਾਲ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰ ਸਕਣ।

## ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਬੂਟੇ ਵੰਡੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਨਦੀਪ ਸਿੰਘ ਕੈਲਪੁਰੀਆਂ ਜੇ.ਈ. (ਪੀ.ਐਸ.ਪੀ.ਸੀ.ਐਲ) ਨੇ ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਰਜਿ: ਨਾਲ ਤਾਲਮੇਲ ਕਰਕੇ ਵਾਤਾਵਰਣ ਨੂੰ ਬਚਾਉਣ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਆਪਣੀ ਮਾਤਾ ਅਮਰਜੀਤ ਕੌਰ, ਪਿਤਾ ਰਜਿੰਦਰ ਸਿੰਘ, ਸਮੇਤ ਸਮੂਹ ਕੈਲਪੁਰੀਆ ਪਰਵਾਰ ਨਾਲ ਭਾਰੀ ਗਿਣਤੀ ਵਿੱਚ ਫੁੱਲਦਾਰ ਪੌਦੇ ਵੰਡ ਕੇ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਦੀ ਸੰਭਾਲ ਲਈ ਬਹੁਮੁੱਲਾ ਯੋਗਦਾਨ ਪਾਇਆ। ਇਸ ਸੁਭਾਗੇ ਸਮੇਂ 'ਤੇ ਮਹਾਨ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ ਅਤੇ ਪਰਵਾਰ ਨੂੰ ਵਧਾਈਆਂ ਦਿੱਤੀਆਂ। ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਦੇ ਕਨਵੀਨਰ ਧਰਮਪਾਲ ਢੱਡਾ, ਪ੍ਰਧਾਨ ਧਰਮਵੀਰ ਖੰਨਾ, ਸਤਵੰਤ ਸਿੰਘ ਸੀਨੀਅਰ ਵਾਈਸ ਪ੍ਰਧਾਨ, ਨਿਰਭੈ ਸਿੰਘ ਵਾਈਸ ਪ੍ਰਧਾਨ, ਜਸਵੰਤ ਸਿੰਘ ਕਬਾੜੀਆ, ਅਧਿਆਪਕ ਸੰਦੀਪ ਕੁਮਾਰ ਖ਼ਜ਼ਾਨਚੀ, ਅਮ੍ਰਿਤਪਾਲ ਵਿੱਕੀ, ਜੀਵਨ ਕੁਮਾਰ ਗਰਗ, ਮਾਸਟਰ ਗਗਨਦੀਪ ਸਿੰਘ ਨੇ ਬਾਖ਼ੂਬੀ ਨਾਲ ਫ਼ਰਜ਼ ਨਿਭਾਇਆ। ਇਸ ਸਮੇਂ ਕੈਲਪੁਰੀਆ ਪਰਵਾਰ ਨੇ ਭਵਿੱਖ ਵਿੱਚ ਹਰ ਕਿਸਮ ਦਾ ਸਹਿਯੋਗ ਦੇਣ ਦਾ ਵਾਅਦਾ ਕਰਦੇ ਹੋਏ ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਰੁੱਖ ਤੇ ਮਨੁੱਖ ਦਾ ਅਟੁੱਟ ਰਿਸ਼ਤਾ ਹੈ। ਇਸ ਮੌਕੇ ਦੱਸਿਆ ਕਿ ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਹਰ ਖ਼ੁਸ਼ੀ ਗ਼ਮੀ ਦੇ ਮੌਕੇ 'ਤੇ ਬੂਟੇ ਵੰਡਣ ਦੀਆਂ ਸੇਵਾਵਾਂ ਫ੍ਰੀ ਪ੍ਰਦਾਨ ਕਰ ਰਹੀ ਹੈ।

## ਅਨਮੋਲ ਗਗਨ ਮਾਨ ਦੀ ਰਿਹਾਇਸ਼ ਸਾਹਮਣੇ 18 ਨੂੰ ਨੌਜਵਾਨ ਭਾਰਤ ਸਭਾ ਵੱਲੋਂ ਰੋਸ ਧਰਨਾ ਦੇਣ ਦਾ ਐਲਾਨ



**ਮੋਗਾ (ਅਮਰਜੀਤ ਬੱਬਰੀ)**-ਨੌਜਵਾਨ ਭਾਰਤ ਸਭਾ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਰੁਪਿੰਦਰ ਸਿੰਘ ਚੌਂਦਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸ਼ਹੀਦਾਂ ਨਾਲ ਸਬੰਧਤ ਇਤਿਹਾਸਕ ਇਮਾਰਤਾਂ ਨੂੰ ਨਾ ਸਾਂਭਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਰੜੀ ਅਲੋਚਨਾ ਕੀਤੀ ਗਈ ਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਖਰੜ (ਮੁਹਾਲੀ) ਵਿਖੇ ਸਥਿਤ ਦਫ਼ਤਰ ਸਾਹਮਣੇ ਰੋਸ ਧਰਨਾ ਲਾਉਣ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ। ਉਨ੍ਹਾਂ ਨੌਜਵਾਨਾਂ ਨੂੰ ਵੱਡੀ ਗਿਣਤੀ 'ਚ ਇਸ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਪ੍ਰੈਸ ਨਾਲ ਗੱਲਬਾਤ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਜਨਰਲ ਸਕੱਤਰ ਮੰਗਾ ਸਿੰਘ ਅਜ਼ਾਦ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਫ਼ਿਰੋਜ਼ਪੁਰ ਤੂੜੀ ਬਜ਼ਾਰ ਵਿਖੇ ਇਤਿਹਾਸਕ ਗੁਪਤ ਟਿਕਾਣਾ ਹੈ, ਜੋ ਉਨ੍ਹਾਂ ਦੀ ਕ੍ਰਾਂਤੀਕਾਰੀ ਪਾਰਟੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (ਐਚ ਐਸ ਆਰ ਏ) ਦਾ 10 ਅਗਸਤ 1928 ਤੋਂ 5 ਮਈ 1929 ਤੱਕ ਹੈਡਕੁਆਰਟਰ ਰਿਹਾ। ਇਸਦੀ ਖੋਜ ਇਤਿਹਾਸਕਾਰ ਰਾਕੇਸ਼ ਕੁਮਾਰ ਨੇ ਕੀਤੀ। ਇਹ ਟਿਕਾਣਾ ਸ਼ਹੀਦ ਭਗਤ ਸਿੰਘ ਹੋਰਾਂ ਦੀਆਂ ਗੁਪਤ ਸਰਗਰਮੀਆਂ ਦਾ ਕੇਂਦਰ ਰਿਹਾ। ਇਥੇ ਹੀ ਸਾਂਡਰਸ ਨੂੰ ਮਾਰਨ ਤੋਂ ਪਹਿਲਾਂ ਵਿਉਂਤਬੰਦੀ ਕੀਤੀ ਗਈ ਤੇ ਏਅਰ ਪਿਸਟਲ ਨਾਲ ਨਿਸ਼ਾਨੇਬਾਜ਼ੀ ਦਾ ਅਭਿਆਸ ਕੀਤਾ। ਇਸੇ ਗੁਪਤ ਟਿਕਾਣੇ 'ਤੇ ਰੂਪੋਸ਼ ਹੋਣ ਲਈ ਭਗਤ ਸਿੰਘ ਨੇ ਆਪਣੇ ਕੇਸ ਤੇ ਦਾੜੀ ਕਟਵਾਏ, ਚਾਂਦ ਰਸਾਲੇ ਦੇ ਫ਼ਾਂਸੀ ਵਿਸ਼ੇਸ਼ ਅੰਕ ਵਿੱਚ ਸ਼ਿਵ ਵਰਮਾ ਨੇ 56 ਸ਼ਹੀਦਾਂ ਦੀਆਂ ਜੀਵਨੀਆਂ ਇਸੇ ਗੁਪਤ ਟਿਕਾਣੇ 'ਤੇ ਲਿਖੀਆਂ। ਤਿੰਨ ਮੈਜਿਸਟ੍ਰੇਟ ਅਤੇ ਭਗਤ ਹੋਰਾਂ ਦੇ ਸਾਥੀ ਰਹੇ (ਬਾਅਦ ਵਿੱਚ ਸਰਕਾਰੀ ਗਵਾਹ ਬਣੇ) ਜੈ ਗੋਪਾਲ ਨੇ ਇਸ ਗੁਪਤ ਟਿਕਾਣੇ ਦੀ ਨਿਸ਼ਾਨਦੇਹੀ ਕੀਤੀ ਹੈ। ਆਗੂਆਂ ਕਿਹਾ ਹਰ ਤਰ੍ਹਾਂ ਦੀਆਂ ਰੰਗ-ਬਿਰੰਗੀਆਂ ਪਾਰਟੀਆਂ ਨੇ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦਾ ਨਾਂਅ ਆਪਣੇ ਮਨਸੂਬਿਆਂ ਲਈ ਵਰਤਿਆ ਹੈ, ਪ੍ਰੰਤੂ ਉਨ੍ਹਾਂ ਨਾਲ ਸਬੰਧਤ ਯਾਦਗਾਰ ਢਹਿ ਢੇਰੀ ਹੋ ਰਹੀਆਂ ਹਨ। ਇਸ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਸ ਗੁਪਤ ਟਿਕਾਣੇ ਨਾਲ ਸਬੰਧਤ 2015 ਵਿੱਚ ਪੰਜਾਬ ਸਰਕਾਰ ਵੱਲੋਂ ਸੁਰੱਖਿਅਤ ਇਮਾਰਤ ਐਲਾਨ ਦਿੱਤਾ ਗਿਆ ਅਤੇ ਗਜਟ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ, ਪਰ ਉਸ ਤੋਂ ਬਾਅਦ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਦੀ ਖਸਤਾ ਹਾਲਤ ਹੈ, ਬਾਰਸ਼ਾਂ ਕਾਰਨ ਛੱਤਾਂ ਚੋਂਦੀਆਂ, ਸ਼ਹੀਦ ਸੁਖਦੇਵ ਦੇ ਲੁਧਿਆਣਾ ਵਿਖੇ ਘਰ ਨੂੰ ਕਿਸੇ ਬਿਲਡਰ ਨੇ ਅੱਧਾ ਢਾਹ ਦਿੱਤਾ, ਮਦਨ ਲਾਲ ਢੀਂਗਰਾ ਦਾ ਅੰਮ੍ਰਿਤਸਰ ਵਿਖੇ ਸਥਿਤ ਘਰ ਢਹਿ ਗਿਆ ਹੈ, ਉਸ ਨੂੰ ਵੀ ਸਾਂਭਿਆ ਨਹੀਂ ਗਿਆ।

ਆਗੂਆਂ ਕਿਹਾ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਵਿੱਚ ਸ਼ਹੀਦਾਂ ਦੇ ਨਾਂਅ 'ਤੇ ਵੋਟਾਂ ਇਕੱਠੀਆਂ ਕਰਕੇ ਸੱਤਾ ਪ੍ਰਾਪਤ ਕਰ ਲਈ, ਪਰ ਇਹ ਵੀ ਦੂਜੀਆਂ ਪਾਰਟੀਆਂ ਵਾਂਗ ਹੀ ਸ਼ਹੀਦਾਂ ਦੀਆਂ ਵਿਰਾਸਤਾਂ ਨੂੰ ਸਾਂਭ ਨਹੀਂ ਰਹੇ। ਇਸ ਲਈ ਨੌਜਵਾਨ ਭਾਰਤ ਸਭਾ ਵੱਲੋਂ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਦੇ ਖਰੜ ਮੁਹਾਲੀ ਵਿਖੇ ਸਥਿਤ ਦਫ਼ਤਰ ਅੱਗੇ ਧਰਨਾ 18 ਅਪ੍ਰੈਲ ਨੂੰ ਦਿੱਤਾ ਜਾਵੇਗਾ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਨੌਨਿਹਾਲ ਸਿੰਘ ਦੀਪ ਸਿੰਘ ਵਾਲਾ, ਸੂਬਾ ਆਗੂ ਕਰਮਜੀਤ ਮਾਣੂੰਕੇ ਤੇ ਸੂਬਾ ਕਮੇਟੀ ਮੈਂਬਰ ਦਵਿੰਦਰ ਛਬੀਲਪੁਰ ਹਾਜ਼ਰ ਸਨ।

## ਸੁੱਕਿਆ ਦਰੱਖਤ ਚੁਕਵਾਉਣ ਦੀ ਮੰਗ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਿਛਲੇ ਲੰਮੇ ਸਮੇਂ ਤੋਂ ਪੁਰਾਣੀ ਕਚਹਿਰੀ ਦੇ ਨਜ਼ਦੀਕ ਸਰਕਾਰੀ ਸਕੂਲ ਦੇ ਪਿੱਛੇ ਰੇਲਵੇ ਸਟੇਸ਼ਨ ਨੂੰ ਜਾਣ ਵਾਲੇ ਰਸਤੇ ਦੇ ਬਿਲਕੁਲ ਵਿੱਚ ਇੱਕ ਸੁੱਕ ਕੇ ਡਿੱਗਿਆ ਹੋਇਆ ਦਰੱਖਤ ਕਿਸੇ ਵੇਲੇ ਵੀ ਹਾਦਸੇ ਦਾ ਕਾਰਨ ਬਣ ਸਕਦਾ ਹੈ। ਗਰਲਜ਼ ਸਕੂਲ ਦੇ ਬਿਲਕੁਲ ਨਾਲ ਤੇ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰਦੁਆਰਾ ਸਿੰਘ ਸਭਾ ਤੇ ਰੇਲਵੇ ਸਟੇਸ਼ਨ ਨੂੰ ਜਾਣ ਵਾਲੇ ਰਸਤੇ 'ਤੇ ਪਏ ਇਸ ਦਰੱਖਤ ਵਾਲੇ ਰਸਤੇ ਦੀ ਰੋਜ਼ਾਨਾ ਸੈਂਕੜੇ ਲੋਕ ਅਤੇ ਵਿਦਿਆਰਥੀ ਵਰਤੋਂ ਕਰਦੇ ਹਨ, ਉਥੇ ਇਹ ਰਸਤਾ ਹਰ ਰੋਜ ਧੂਰੀ ਪਿੰਡ, ਮਾਲਗੋਦਾਮ ਰੋਡ, ਪੰਜਾਹ ਫੁੱਟੀ ਰੋਡ, ਤਹਿਸੀਲ ਮੁਹੱਲਾ ਤੋਂ ਇਲਾਵਾ ਸੈਂਕੜੇ ਲੋਕ ਰੇਲਵੇ ਸਟੇਸ਼ਨ 'ਤੇ ਬਾਹਰ ਜਾਣ ਲਈ ਇਸ ਰਾਸਤੇ ਦੀ ਵਰਤੋਂ ਕਰਦੇ ਹਨ। ਹਨੇਰੇ 'ਚ ਦਰੱਖਤ ਨਾ ਦਿਖਣ ਕਾਰਨ ਆਉਣ ਵਾਲੇ ਕਿਸੇ ਵੀ ਯਾਤਰੀ ਨਾਲ ਦਰੱਖਤ ਦੇ ਸਿਰ ਨਾਲ ਟਕਰਾਉਣ ਕਾਰਨ ਬਹੁਤ ਵੱਡਾ ਜਾਨੀ ਨੁਕਸਾਨ ਹੋ ਸਕਦਾ ਹੈ, ਦੂਜਾ ਇਸ ਰਾਸਤੇ ਵਿੱਚੋਂ ਸੈਂਕੜੇ ਸਕੂਲੀ ਬੱਚੇ ਵੀ ਸਾਇਕਲਾਂ ਤੇ ਹੋਰ ਸਾਧਨਾਂ 'ਤੇ ਇਸ ਰਸਤੇ ਵਿੱਚੋਂ ਲੰਘਦੇ ਹਨ, ਪਰ ਪ੍ਰਸ਼ਾਸਨ ਏਨੇ ਦਿਨ ਬੀਤ ਜਾਣ 'ਤੇ ਵੀ ਕਿਸੇ ਵੱਡੇ ਹਾਦਸੇ ਦੇ ਇੰਤਜ਼ਾਰ ਵਿਚ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

10-April-PAGE-3.qxd 4/9/2023 9:37 PM Page 1



# ਨਸ਼ਿਆਂ ਖਿਲਾਫ ਪਿੱਦੀ 'ਚ ਬੀਬੀਆਂ ਨੇ ਉਠਾਈ ਜ਼ੋਰਦਾਰ ਆਵਾਜ਼

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਪਿੰਡ ਪਿੱਦੀ ਵਿਚ ਨਸ਼ਿਆਂ ਦੇ ਖ਼ਿਲਾਫ਼ ਇਕ ਮਾਰਚ ਬੀਬੀਆਂ ਵਲੋਂ ਕੱਢਿਆ ਗਿਆ। ਸਾਰੇ ਨਗਰ ਵਿਚੋਂ ਵੱਡੀ ਪੱਧਰ ਉਤੇ ਬੀਬੀਆਂ ਨੇ ਹਿੱਸਾ ਲਿਆ। ਨਸ਼ਿਆਂ ਨਾਲ ਹਰ ਰੋਜ਼ ਨੌਜਵਾਨ ਬੱਚਿਆਂ ਦੀਆਂ ਹੋ ਰਹੀਆਂ ਮੌਤਾਂ ਨਾਲ ਮਾਵਾਂ, ਭੈਣਾਂ ਮਾਨਸਿਕ ਰੋਗੀ ਬਣ ਰਹੀਆਂ ਹਨ, ਨਸ਼ੇ ਦੇ ਆਦੀ ਨੌਜਵਾਨਾਂ ਦੇ ਬੱਚੇ ਰੁਲ ਰਹੇ ਹਨ, ਘਰਾਂ ਦੀ ਹਾਲਤ ਖੰਡਰਾਂ ਵਰਗੀ ਹੋ ਰਹੀ ਹੈ ਤੇ ਸਮੇਂ ਦੀਆਂ ਸਰਕਾਰਾਂ ਨਸ਼ਿਆਂ ਦੇ ਖਿਲਾਫ ਕੁਝ ਨਹੀਂ ਕਰ ਰਹੀਆਂ। ਇਸ ਲਈ ਘਰ ਘਰ ਵਿਚ ਨੌਜਵਾਨਾਂ ਦੀਆਂ ਲਾਸ਼ਾਂ ਤੇ ਸਿਰ ਪਟਕਣ ਨਾਲੋਂ ਚੰਗਾ ਕਿ ਨਸ਼ੇ ਵੇਚਣ ਵਾਲੇ ਗਠਜੋੜ ਵਿਚ ਸ਼ਾਮਲ ਲੋਕਾਂ ਖਿਲਾਫ ਡੱਟਿਆ ਜਾਵੇ। ਇਸ ਤਹਿਤ ਪਿੰਡ ਪਿੱਦੀ ਦੇ ਸਕੂਲ ਵਿਚ ਬੀਬੀਆਂ ਦਾ ਇੱਕਠ ਕੀਤਾ ਗਿਆ ਤੇ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਮਾਰਚ ਨੂੰ ਸੰਬੋਧਨ ਕਰਦਿਆਂ ਬੀਬੀ ਦਵਿੰਦਰ ਕੌਰ ਪਿੱਦੀ, ਸੁਖਵੰਤ ਕੌਰ ਪਿੱਦੀ ਡਾਕਟਰ ਦਵਿੰਦਰ ਕੌਰ, ਸੁਰਜੀਤ ਕੌਰ, ਸਤਨਾਮ ਸਿੰਘ ਪੰਨੂ, ਜਸਬੀਰ ਸਿੰਘ ਪਿੱਦੀ, ਗੁਰਜੀਤ ਸਿੰਘ ਘੈਣਾ ਨੇ ਕਿਹਾ ਕਿ ਪੰਜਾਬ ਵਿੱਚ ਆਜ਼ਾਦੀ ਤੋਂ ਬਾਅਦ ਪੰਜਾਬ ਨੂੰ ਆਪਣਿਆਂ ਨਾਲ ਹੀ ਲੜਾਈ ਲੜਨੀ ਪਈ ਹੈ। ਪੰਜਾਬ ਉੱਤੇ ਧਾੜਵੀਆਂ ਨੇ ਪੰਜਾਬ ਦੀ ਜ਼ਰਖੇਜ਼ ਜ਼ਮੀਨ ਹਥਿਆਉਣ ਲਈ ਕਈ ਕੁਝ ਕੀਤਾ ਪਰ ਇਨ੍ਹਾਂ ਧਾੜਵੀਆਂ ਨੂੰ ਪੰਜਾਬ ਦੇ ਲੋਕਾਂ ਨੇ ਨੇੜੇ ਨਹੀਂ ਫਟਕਣ ਦਿੱਤਾ, ਪੰਜਾਬ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਆਜ਼ਾਦੀ ਤੋਂ ਬਾਅਦ 1966 ਵਿਚ ਵੱਡੇ ਪੰਜਾਬ ਦੇ ਤਿੰਨ ਹਿੱਸੇ ਕਰ ਦਿੱਤੇ, 1975 ਵਿਚ ਐਮਰਜੈਂਸੀ ਦਾ ਸੰਤਾਪ ਝੱਲਿਆ। 80-81 ਵਿਚ ਪੰਜਾਬ ਦੇ ਪਾਣੀਆਂ 'ਤੇ ਡਾਕਾ ਵੱਜਾ। 84 ਤੋਂ 92 ਤੱਕ ਅੱਤਵਾਦ ਵਿੱਚ ਲੱਖਾ ਨੌਜਵਾਨਾਂ ਨੂੰ ਆਪਣਿਆਂ ਨਾਲ ਲੜਾ ਕੇ ਮਰਵਾ ਦਿੱਤਾ ਤੇ 92-94 ਤੋਂ ਬਾਅਦ ਪੰਜਾਬ ਵਿੱਚ ਨਸ਼ਿਆਂ ਦਾ ਅੱਤਵਾਦ ਲੈ ਆਂਦਾ ਜੋ ਪਿਛਲੇ 30 ਸਾਲਾਂ ਤੋਂ ਪੰਜਾਬ ਦੇ ਲੱਖਾਂ ਬੱਚੇ ਖਾ ਚੁੱਕਾ ਹੈ। ਇਸ ਦੇ ਦਰਮਿਆਨ ਪੰਜਾਬ ਵਿਚੋਂ ਸਾਰੇ ਸਰਕਾਰੀ ਅਦਾਰੇ ਖਤਮ ਕਰ ਦਿੱਤੇ ਤੇ ਕਰੋੜਾਂ ਨੌਜਵਾਨ ਬੇਰੁਜ਼ਗਾਰ ਹੋ ਗਏ। ਬੇਰੋਜ਼ਗਾਰੀ ਕਾਰਨ ਨਸ਼ਿਆਂ ਦੇ ਦਰਿਆ ਵਿਚ ਵਹਿ ਗਏ। ਹੁਣ ਨਸ਼ੇ ਇਕ ਸਿਆਸੀ ਮੁੱਦਾ ਬਣ ਗਏ ਹਨ ਤੇ ਇਸ ਮੁੱਦੇ ਉਤੇ ਤਿੰਨ ਸਰਕਾਰਾਂ ਬਣ ਗਈਆਂ ਹਨ ਤੇ ਨਸ਼ਿਆਂ ਦੀ ਰੋਕਥਾਮ ਦੀ ਬਜਾਏ ਨਸ਼ਿਆਂ ਨੂੰ ਵੇਚਣ ਵਾਲਿਆਂ ਨੇ ਸਿਆਸੀ ਤੇ ਪ੍ਰਸ਼ਾਸਨਿਕ ਪੱਧਰ ਤੇ ਵੱਡੇ ਗਠਜੋੜ ਬਣ ਗਏ ਹਨ ਜੋ ਪੰਜਾਬ ਦੀ ਬਗੀਚੀ ਦੇ ਨੌਜਵਾਨਾਂ ਨੂੰ ਲਗਾਤਾਰ ਮਸਲ ਰਹੇ ਹਨ। ਇਨ੍ਹਾਂ ਨਸ਼ੇ ਦੇ ਗੱਠਜੋੜਾਂ ਵਲੋਂ ਹਰ ਰੋਜ਼ ਪੰਜਾਬ ਵਿੱਚ 500 ਕਰੋੜ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ ਤੇ ਸਰਕਾਰੀ ਅੰਕੜਿਆਂ ਅਨੁਸਾਰ ਅੱਜ ਪੰਜਾਬ ਦੇ 10 ਲੱਖ ਨੌਜਵਾਨ ਮਾਰੂ ਨਸ਼ੇ ਦੇ ਆਦੀ ਹਨ। ਪੰਜਾਬ ਦੀ ਜਵਾਨੀ ਤੇ ਕਿਸਾਨੀ ਦੋਹਾਂ ਨੂੰ ਸਰਕਾਰਾਂ ਵੱਲੋਂ ਜ਼ਲੀਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਬੀਬੀਆਂ ਨੂੰ ਨਸ਼ਿਆਂ ਖਿਲਾਫ ਤੇ ਕਾਲੇ ਅੰਗਰੇਜ਼ਾਂ ਦੀਆਂ ਲੂੰਬੜ ਚਾਲਾਂ ਖਿਲਾਫ ਜੱਥੇਬੰਦ ਹੋਣਾ ਪਵੇਗਾ ਤਾਂ ਹੀ ਮਾਵਾਂ ਦੇ ਪੁੱਤਾਂ ਨੂੰ ਬਚਾਇਆ ਜਾ ਸਕੇਗਾ। ਬੀਬੀਆਂ ਅੱਖਾਂ ਸਾਹਮਣੇ ਪੁੱਤਾਂ, ਪੋਤਰਿਆਂ ਤੇ ਧੀਆਂ ਨੂੰ ਤੜਫਦਾ ਵੇਖਣ ਦੀ ਬਜਾਏ ਨਸ਼ਿਆਂ ਖਿਲਾਫ ਲੜਾਈ ਦੇ ਮੈਦਾਨ ਵਿੱਚ ਆਉਣ ਤਾਂ ਕਿ ਆਪਣੀ ਇਸ ਨੌਜਵਾਨ ਪੀੜ੍ਹੀ ਨੂੰ ਬਚਾਇਆ ਜਾ ਸਕੇ। ਇਸ ਮੌਕੇ ਗੁਰਮੀਤ ਕੌਰ, ਰਾਣੀ, ਬਲਦੀਸ਼ ਕੌਰ ਮੈਂਬਰ, ਰਾਜਵਿੰਦਰ ਕੌਰ ਮੈਂਬਰ, ਲਖਵਿੰਦਰ ਕੌਰ, ਗੁਰਬਚਨ ਕੌਰ, ਕਰਮਜੀਤ ਕੌਰ, ਭਜਨ ਕੌਰ, ਨਿਰਮਲ ਕੌਰ, ਪਰਮਜੀਤ ਕੌਰ, ਗੁਰਦੀਪ ਕੌਰ ਸਵਿੰਦਰ ਸਿੰਘ, ਸਵਿੰਦਰਪਾਲ ਸਿੰਘ, ਸਵਿੰਦਰ ਸਿੰਘ, ਸੁਖਦੇਵ ਸਿੰਘ, ਜੈਮਲ ਸਿੰਘ, ਹਰਵਿੰਦਰ ਸਿੰਘ, ਸੰਤੋਖ ਸਿੰਘ, ਸਮੁੱਚੀ ਪੰਚਾਇਤ, ਦਿਲਬਾਗ ਸਿੰਘ, ਦਵਿੰਦਰ ਸਿੰਘ ਗੁਰਨੈਬ ਸਿੰਘ,ਸੋਨਾ ਸਿੰਘ ਆਦਿ ਹਾਜ਼ਰ ਸਨ।



## ਸੰਤ ਹੀਰਾ ਦਾਸ ਸਕੂਲ ਦਾ 5ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਕਾਲਾ ਸੰਘਿਆਂ (ਮਨਜੀਤ ਮਾਨ)** ਦੁਆਬੇ ਇਲਾਕੇ ਦੀ ਨਾਮਵਰ ਸੰਸਥਾ ਸੰਤ ਹੀਰਾ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ (ਕਪੂਰਥਲਾ) ਦਾ 5ਵੀਂ ਦਾ ਨਤੀਜਾ 100 ਫੀਸਦੀ ਰਿਹਾ। ਇਸ ਸੰਬੰਧੀ ਪ੍ਰਿੰਸੀਪਲ ਨਰਿੰਦਰਜੀਤ ਕੌਰ ਸ਼ਾਹੀ ਨੇ ਦੱਸਿਆ ਕਿ 45 ਬੱਚਿਆਂ ਨੇ 5ਵੀਂ ਦੇ ਪੇਪਰ ਦਿੱਤੇ ਇਨ੍ਹਾਂ ਵਿਚੋਂ ਜੋਬਨਵੀਰ ਸਿੰਘ 500 'ਚੋਂ 449 ਅੰਕ , ਆਸ਼ੂ 448, ਹਰਪ੍ਰੀਤ ਚਾਹਲ 446, ਸੁਖਮਨਪ੍ਰੀਤ ਕੌਰ 444 ਅੰਕ ਹਾਸਲ ਕਰਕੇ ਕਮਵਾਰ ਪਹਿਲਾ, ਦੂਸਰਾ, ਤੀਸਰਾ ਤੇ ਚੌਥਾ ਸਥਾਨ ਹਾਸਲ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਉਨ੍ਹਾਂ ਅੱਗੇ ਕਿਹਾ ਕਿ ਸਾਰੇ ਦੇ ਸਾਰੇ ਵਿਦਿਆਰਥੀਆਂ ਨੇ ਫਸਟ ਡਵੀਜਨ ਹਾਸਿਲ ਕੀਤੀ। ਇਸ ਮੌਕੇ ਸਕੂਲ ਮੈਨੇਜਮੈਂਟ ਦੇ ਪਧਾਨ ਸ਼ੀਤਲ ਸਿੰਘ ਸੰਘਾ ਤੇ ਪ੍ਰਿੰਸੀਪਲ ਨਰਿੰਦਰਜੀਤ ਕੌਰ ਸਾਹੀ ਤੇ ਸਮੂਹ ਸਟਾਫ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਰੇਲ ਇੰਜਣ 'ਚ ਖਰਾਬੀ ਹੋਣ ਨਾਲ ਆਵਾਜਾਈ ਪ੍ਰਭਾਵਤ

**ਫਿਲੌਰ (ਨਿਰਮਲ)**- ਅੱਜ ਸਵੇਰੇ ਫਿਲੌਰ ਵਿਖੇ ਰੇਲ ਇੰਜਣ 'ਚ ਖਰਾਬੀ ਹੋਣ ਨਾਲ ਕਈ ਰੇਲ ਗੱਡੀਆਂ ਪ੍ਰਭਾਵਿਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸੰਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ 9 ਵਜੇ ਦੇ ਫਿਲੌਰ ਰੇਲਵੇ ਸਟੇਸ਼ਨ ਦੇ ਕਰੀਬ ਰੇਲ ਇੰਜਣ ਖਰਾਬ ਹੋ ਗਿਆ। ਜਿਸ ਕਾਰਨ ਕਈ ਗੱਡੀਆਂ ਪ੍ਰਭਾਵਿਤ ਹੋ ਗਈਆਂ, ਜਿਨ੍ਹਾਂ 'ਚ ਅੰਮ੍ਰਿਤਸਰ ਹਰਿਦੁਆਰ ਜਨ ਸ਼ਤਾਬਦੀ 12054, ਜਨ ਸੇਵਾ ਐਕਸਪ੍ਰੈਸ 14618, ਡੀਲਕਸ 12926 ਅਤੇ ਹੋਰ ਰੇਲ ਗੱਡੀਆਂ ਰਸਤੇ ਵਿੱਚ ਖੜ੍ਹੀਆਂ ਹੋਣ ਕਾਰਨ ਸਮੇਂ ਤੋਂ ਇੱਕ ਘੰਟਾ ਦੇਰੀ ਨਾਲ ਚੱਲੀਆਂ। ਜਿਸ ਕਾਰਨ ਦੂਰ ਦੁਰਾਡੇ ਜਾਣ ਵਾਲੀਆਂ ਸਵਾਰੀਆਂ ਖੱਜਲ ਖੁਆਰ ਹੁੰਦੀਆਂ ਦੇਖੀਆਂ ਗਈਆਂ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਫ਼ਤ ਮੈਡੀਕਲ ਕੈਂਪ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਡਾ. ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਨਵਾਂ ਪਿੰਡ ਸਰਦਾਰਾਂ ਵਿੱਚ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਅਮਨਦੀਪ ਹਸਪਤਾਲ ਅੰਮ੍ਰਿਤਸਰ ਦੇ ਸਹਿਯੋਗ ਨਾਲ ਲਗਵਾਇਆ ਗਿਆ। ਇਸ ਮੌਕੇ ਰਾਜੀਵ ਸਿੰਘ, ਸਕੱਤਰ ਰੈੱਡ ਕਰਾਸ ਸੋਸਾਇਟੀ, ਗੁਰਦਾਸਪੁਰ ਵੱਲੋਂ ਦੱਸਿਆ ਗਿਆ ਕਿ ਇਸ ਕੈਂਪ ਵਿਚ ਅਮਨਦੀਪ ਹਸਪਤਾਲ ਵਲੋਂ ਡਾ. ਵੂਹਾਨ, ਐੱਮ.ਐੱਸ ਆਰਥੋ, ਡਾ. ਵਕਾਰ ਹੁਸੈਨ, ਐੱਮ. ਡੀ., ਮੈਡੀਸਨ ਅਤੇ ਡਾ. ਬਬਿਤਾ, ਐੱਮ. ਡੀ., ਇਸਤਰੀ ਰੋਗਾਂ ਦੇ ਮਾਹਿਰ ਡਾਕਟਰਾਂ ਨੇ 157 ਮਰੀਜ਼ਾਂ ਦਾ ਚੈੱਕਅਪ ਕੀਤਾ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਇਸ ਤੋਂ ਇਲਾਵਾ ਇਸ ਕੈਂਪ ਵਿਚ ਨਵਾਂ ਪਿੰਡ ਸਰਦਾਰਾਂ ਦੇ ਨਾਲ ਲੱਗਦੇ ਪਿੰਡਾਂ ਦੇ ਕਾਫੀ ਮਰੀਜ਼ਾਂ ਨੇ ਆ ਕੇ ਆਪਣਾ ਚੈੱਕਅਪ ਕਰਵਾਇਆ ਅਤੇ ਮੁਫਤ ਦਵਾਈਆਂ ਵੀ ਪ੍ਰਾਪਤ ਕੀਤੀਆਂ। ਇਸ ਕੈਂਪ ਵਿਚ ਦਵਾਈ ਲੈਣ ਆਈ ਮਰੀਜ਼ ਸ਼ਕੁੰਤਲਾ ਦੇਵੀ, ਪੂਜਾ ਦੇਵੀ ਅਤੇ ਮਨੋਹਰ ਲਾਲ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਰੈੱਡ ਕਰਾਸ ਸੋਸਾਇਟੀ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਕਾਫੀ ਪ੍ਰਸ਼ੰਸਾ ਕੀਤੀ। ਰਜਿੰਦਰ ਕੁਮਾਰ ਸਰਪੰਚ ਨਵਾਂ ਪਿੰਡ ਸਰਦਾਰਾਂ ਵਲੋਂ ਪਿੰਡ ਵਾਸੀਆਂ ਦੀ ਤਰਫੋਂ ਜ਼ਿਲ੍ਹਾ ਪ੍ਰਸ਼ਾਸਨ, ਰੈੱਡ ਕਰਾਸ ਸੁਸਾਇਟੀ ਅਤੇ ਅਮਨਦੀਪ ਹਸਪਤਾਲ ਅੰਮ੍ਰਿਤਸਰ ਤੋਂ ਆਏ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪ੍ਰਿੰ. ਗਗਨਦੀਪ ਕੌਰ ਸਰਕਾਰੀ ਪ੍ਰਾਇਮਰੀ ਸਕੂਲ, ਨਵਾਂ ਪਿੰਡ ਸਰਦਾਰਾਂ, ਯੋਗੇਸ਼ ਕੁਮਾਰ ਪੀ. ਆਰ. ਓ. ਅਮਨਦੀਪ ਹਸਪਤਾਲ, ਅੰਮ੍ਰਿਤਸਰ ਅਤੇ ਕਾਫੀ ਪਿੰਡਾਂ ਦੀਆਂ ਆਂਗਨਵਾੜੀ ਵਰਕਰਜ਼ ਵੀ ਹਾਜ਼ਰ ਸਨ।

**ਮਾਮਲਾ ਪਾਵਰ ਪਲਾਂਟ ਦੀ ਜ਼ਹਿਰੀਲੀ ਸੁਆਹ ਦਾ**

# ਗੁਜਰਪੁਰ ਵਾਸੀਆਂ ਨੇ ਫੂਕੇ ਅਧਿਕਾਰੀਆਂ ਦੇ ਪੁਤਲੇ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾ ਪੁਰੀਆ)** ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ 'ਚ ਚੱਲ ਰਹੇ ਇਹ ਨਿੱਜੀ ਕੰਪਨੀ ਦੇ ਕੋਜੈਨਰੇਸ਼ਨ ਪਾਵਰ ਪਲਾਂਟ 'ਚੋਂ ਨਿਕਲਕੇ ਸ਼ਹਿਰ ਵਾਸੀਆਂ ਅਤੇ ਨਾਲ ਦੇ ਪਿੰਡਾਂ ਉੱਤੇ ਡਿੱਗ ਰਹੀ ਸੁਆਹ ਬੰਦ ਕਰਾਉਣ ਲਈ ਲੋਕ ਸੰਘਰਸ਼ ਮੰਚ ਦੀ ਅਗਵਾਈ 'ਚ ਚੱਲ ਰਹੇ ਸੰਘਰਸ਼ ਦੀ ਅਗਲੀ ਕੜੀ ਵਜੋਂ ਪਿੰਡ ਗੁਜਰਪੁਰ ਵਾਸੀਆਂ ਵੱਲੋਂ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ, ਪਾਵਰ ਪਲਾਂਟ ਦੇ ਪ੍ਰਧਾਨ ਐਸ.ਬੰਦੋਉਪਾਧਿਆਏ ਅਤੇ ਖੰਡ ਮਿੱਲ ਦੇ ਜੀ ਐਮ ਸੁਰਿੰਦਰ ਪਾਲ ਦੇ ਪੁਤਲੇ ਫੂਕੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਮੰਚ ਦੇ ਕਨਵੀਨਰ ਜਸਬੀਰ ਦੀਪ, ਮੰਚ ਦੇ ਆਗੂਆਂ ਮੁਕੰਦ ਲਾਲ, ਜਰਨੈਲ ਸਿੰਘ ਖਾਲਸਾ, ਬਲਵੀਰ ਕੁਮਾਰ, ਹਰਮੀਤ ਸਿੰਘ ਗੁਜਰਪੁਰ, ਰਣਜੀਤ ਸਿੰਘ, ਸਤਨਾਮ ਸਿੰਘ ਸੁੱਜੋਂ ਨੇ ਕਿਹਾ ਕਿ ਕੁਝ ਦਿਨਾਂ ਤੋਂ ਪਾਵਰ ਪਲਾਂਟ ਦੀ ਸੁਆਹ ਵੱਡੀ ਮਾਤਰਾ ਵਿੱਚ ਡਿੱਗਣ ਲੱਗ ਪਈ ਹੈ ਪਰ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਅਤੇ ਅਧਿਕਾਰੀਆਂ ਨੇ ਅੱਖਾਂ ਮੀਟੀਆਂ ਹੋਈਆਂ ਹਨ। ਮਿੱਲ ਦੇ ਪ੍ਰਬੰਧਕੀ ਬੋਰਡ, ਸਿਹਤ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਵੀ ਇਸ ਤੋਂ ਬਰੀ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਉਕਤ ਸਾਰੀਆਂ ਧਿਰਾਂ ਦੇ ਵਿਰੁੱਧ ਸੰਘਰਸ਼ ਤੇਜ਼ ਕੀਤਾ ਜਾਵੇਗਾ।




# ਤਰਕਸ਼ੀਲਾਂ ਨੇ ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਨੂੰ ਬਹਾਲ ਕਰਵਾਉਣ ਲਈ ਕੀਤਾ ਰੋਸ ਮੁਜ਼ਾਹਰਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲੋਕਪੱਖੀ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਜਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਟਰੱਸਟ ਵਲੋਂ ਜਲ੍ਹਿਆਂਵਾਲਾ ਬਾਗ਼ ਦੇ ਸੁੰਦਰੀਕਰਨ ਅਤੇ ਨਵੀਨੀਕਰਨ ਦੇ ਨਾਂਅ ਹੇਠ ਇਸ ਦੇ ਮੂਲ ਸਰੂਪ, ਇਤਿਹਾਸਕ ਤੱਥਾਂ ਅਤੇ ਇਨਕਲਾਬੀ ਵਿਰਾਸਤ ਨਾਲ ਛੇੜਛਾੜ ਕਰਨ ਦੇ ਵਿਰੋਧ 'ਚ ਜਲ੍ਹਿਆਂਵਾਲਾ ਬਾਗ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਇਸ ਦਾ ਮੂਲ ਸਰੂਪ ਅਤੇ ਇਤਿਹਾਸਕ ਤੱਥਾਂ ਨੂੰ ਬਹਾਲ ਕਰਨ ਦੀ ਜ਼ੋਰਦਾਰ ਮੰਗ ਕੀਤੀ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਆਗੂ ਸੁਮੀਤ ਸਿੰਘ ਨੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਹੋਰਨਾਂ ਲੋਕਪੱਖੀ ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਇਤਿਹਾਸਕ ਜਲ੍ਹਿਆਂਵਾਲਾ ਬਾਗ ਦਾ ਮੂਲ ਸਰੂਪ ਬਹਾਲ ਕਰਵਾਉਣ ਲਈ ਪਿਛਲੇ ਤਿੰਨ ਸਾਲ ਤੋਂ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜਿਸ ਦੇ ਜਥੇਬੰਦਕ ਦਬਾਅ ਹੇਠ ਈ-ਟਿਕਟਿੰਗ ਬੈਰੀਅਰ ਤਾਂ ਹਟਾ ਦਿੱਤੇ ਗਏ ਹਨ ਪਰ ਮੁੱਖ ਦਰਵਾਜ਼ੇ ਉੱਤੇ ਟਿਕਟ ਕਾਊਂਟਰ ਅਤੇ ਗਲੀ 'ਚ ਨੱਚਦੇ-ਟੱਪਦੇ ਲੋਕਾਂ ਦੀਆਂ ਮੂਰਤੀਆਂ ਨੂੰ ਨਹੀਂ ਹਟਾਇਆ ਗਿਆ ਪਰ ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਜਲ੍ਹਿਆਂਵਾਲੇ ਬਾਗ ਦਾ ਸਮੁੱਚਾ ਪੁਰਾਤਨ ਮੂਲ ਸਰੂਪ ਬਹਾਲ ਨਹੀਂ ਕੀਤਾ ਜਾਂਦਾ। ਤਰਕਸ਼ੀਲ ਆਗੂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਸਾਮਰਾਜੀ ਤਾਕਤਾਂ ਦੀ ਏਜੰਟ ਬਣ ਕੇ ਦੇਸ਼ ਦੇ ਇਤਿਹਾਸਕ ਕੌਮੀ ਵਿਰਾਸਤੀ ਸਥਾਨਾਂ ਦਾ ਮੂਲ ਸਰੂਪ ਵਿਗਾੜਨ ਦੇ ਨਾਲ ਨਾਲ ਇਨ੍ਹਾਂ ਦਾ ਨਿੱਜੀਕਰਨ ਅਤੇ ਭਗਵਾਂਕਰਨ ਕਰਕੇ ਅਜ਼ਾਦੀ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੀ ਹੈ। ਬੀ ਕੇ ਯੂ (ਏਕਤਾ ਉਗਰਾਹਾਂ) ਦੇ ਕਿਸਾਨ ਆਗੂ ਗੁਰਬਚਨ ਸਿੰਘ ਨੇ ਮੋਦੀ ਸਰਕਾਰ ਵੱਲੋਂ ਜਮਹੂਰੀਅਤ ਅਤੇ ਫੈਡਰਲ ਢਾਂਚੇ ਉਤੇ ਕੀਤੇ ਜਾ ਰਹੇ ਹਮਲਿਆਂ ਦਾ ਡਟਵਾਂ ਵਿਰੋਧ ਕਰਦਿਆਂ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਬਰਤਾਨਵੀ ਸਾਮਰਾਜ ਦੇ ਜਾਬਰ ਖੂਨੀ ਹਮਲੇ ਦੇ ਖ਼ਿਲਾਫ਼ ਭਾਈਚਾਰਕ ਸਾਂਝ ਅਤੇ ਇਨਕਲਾਬੀ ਵਿਦਰੋਹ ਦਾ ਪ੍ਰਤੀਕ ਹੈ ਅਤੇ ਮੋਦੀ ਸਰਕਾਰ ਵੱਲੋਂ ਇਸ ਦੇ ਇਤਿਹਾਸਕ ਸਰੂਪ ਅਤੇ ਪ੍ਰਮਾਣਿਕ ਤੱਥਾਂ ਨਾਲ ਕੀਤੀ ਗਈ ਛੇੜਛਾੜ ਨੂੰ ਰੱਦ ਕਰਵਾ ਕੇ ਇਸ ਦਾ ਇਤਿਹਾਸਕ ਵਿਰਾਸਤੀ ਸਰੂਪ ਬਹਾਲ ਕਰਵਾਉਣ ਲਈ ਲੋਕਪੱਖੀ ਜਨਤਕ ਜਥੇਬੰਦੀਆਂ ਨਾਲ ਸਾਂਝੇ ਮੰਚ ਤੋਂ ਲਗਾਤਾਰ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪੀ ਐਸ ਯੂ ਲਲਕਾਰ ਦੇ ਵਿਦਿਆਰਥੀ ਆਗੂਆਂ ਰਵਿੰਦਰ ਗੁਰਪ੍ਰੀਤ ਅਤੇ ਸਿਮਰਨ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੀਆਂ ਸ਼ਹਾਦਤਾਂ ਸਾਡੇ ਇਤਿਹਾਸ ਦਾ ਉਹ ਸ਼ਾਨਾਮੱਤਾ ਹਿੱਸਾ ਹਨ ਜਿਸ ਦੀ ਇਕੋ ਇਕ ਪ੍ਰੀਭਾਸ਼ਾ ਸਾਮਰਾਜਵਾਦ ਦੇ ਬੁਨਿਆਦੀ ਵਿਰੋਧ ਅਤੇ ਇਸ 'ਚੋਂ ਪਣਪਦੀ ਲੋਕਾਂ ਦੀ ਖਰੀ ਅਜ਼ਾਦੀ ਦੀ ਹੈ। ਉਨ੍ਹਾਂ ਦੇ ਇਨਕਲਾਬ ਦਾ ਸੰਕਲਪ ਇਕ ਅਜਿਹੇ ਨਿਜ਼ਾਮ ਦੀ ਸਥਾਪਤੀ ਵਾਲਾ ਸੀ ਜਿਸ ਵਿਚ ਕਿਰਤੀ ਅਤੇ ਕਿਸਾਨ ਹਰ ਤਰਾਂ ਦੀ ਆਰਥਕ ਅਤੇ ਰਾਜਸੀ ਲੁੱਟ ਤੋਂ ਨਿਜਾਤ ਪਾ ਕੇ ਆਜ਼ਾਦੀ ਦਾ ਨਿੱਘ ਮਾਣ ਸਕਣ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਕਤ ਸਾਮਰਾਜਵਾਦੀ ਬਹੁਕੌਮੀ ਕੰਪਨੀਆਂ ਮੌਜੂਦਾ ਹਕੂਮਤਾਂ ਦੀ ਮਿਲੀਭੁਗਤ ਨਾਲ ਭਾਰਤ ਦੇ ਕੁਦਰਤੀ ਸਾਧਨਾਂ ਅਤੇ ਕਿਰਤੀਆਂ ਨੂੰ ਹਰ ਪਾਸਿਓਂ ਲੁੱਟ ਰਹੀਆਂ ਹਨ ਅਤੇ ਇਸੇ ਫਿਰਕੂ ਏਜੰਡੇ ਹੇਠ ਜਲ੍ਹਿਆਂਵਾਲੇ ਬਾਗ ਦਾ ਮੂਲ ਸਰੂਪ ਵਿਗਾੜਿਆ ਗਿਆ ਹੈ। ਤਰਕਸ਼ੀਲ ਆਗੂ ਬਲਦੇਵ ਰਾਜ ਵੇਰਕਾ ਨੇ ਕਿਹਾ ਕਿ ਮੋਦੀ ਹਕੂਮਤ ਦੇ ਹਿੰਦੂਤਵੀ ਏਜੰਡੇ ਤਹਿਤ ਵਧ ਰਹੇ ਫਾਸ਼ੀਵਾਦੀ ਰਾਜ ਦਾ ਮੁਕਾਬਲਾ ਲੋਕਾਂ ਦੇ ਏਕੇ ਨੂੰ ਇਕ ਵਾਰ ਫਿਰ ਤੋਂ ਉਜਾਗਰ ਕਰਕੇ ਹੀ ਕੀਤਾ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਹਿਸ਼ੀ ਕਤਲੇਆਮ ਨੂੰ 104 ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਵਲੋਂ ਸ਼ਹੀਦ ਹੋਏ ਲੋਕਾਂ ਦੀ ਸੂਚੀ ਅਜੇ ਤੱਕ ਜਲ੍ਹਿਆਂਵਾਲਾ ਬਾਗ਼ 'ਚ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ। ਤਰਕਸ਼ੀਲ ਆਗੂ ਜਸਪਾਲ ਬਾਸਰਕੇ ਵੱਲੋਂ ਰੋਸ ਮੁਜ਼ਾਹਰੇ 'ਚ ਸ਼ਾਮਲ ਪੰਜਾਬ ਸਟੂਡੈਂਟ ਯੂਨੀਅਨ ਲਲਕਾਰ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਪੈਰਾ ਮੈਡੀਕਲ ਸਟਾਫ ਐਸੋਸੀਏਸ਼ਨ ਅਤੇ ਪੰਜਾਬੀ ਸਾਹਿਤ ਸੰਗਮ ਦੇ ਆਗੂਆਂ ਅਤੇ ਹੋਰਨਾਂ ਕਾਰਕੁੰਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਮਾਸਟਰ ਕੁਲਜੀਤ ਵੇਰਕਾ, ਅਸ਼ਵਨੀ ਕੁਮਾਰ, ਪੈਰਾ ਮੈਡੀਕਲ ਐਸਸੀਏਸ਼ਨ ਦੇ ਨਰਿੰਦਰ ਸਿੰਘ, ਉੱਘੇ ਸ਼ਾਇਰ ਡਾਕਟਰ ਮੋਹਨ, ਤਰਕਸ਼ੀਲ ਆਗੂ ਸੁਖਮੀਤ ਸਿੰਘ, ਰਾਜ ਕੁਮਾਰ ਵੇਰਕਾ, ਹਰਜਿੰਦਰ ਜਲਾਲਪੁਰ, ਮੇਲਾ ਰਾਮ ਬੀ ਈ ਓ, ਹਰਜੀਤ ਕੌਰ, ਵਿਦਿਆਰਥੀ ਆਗੂ ਪਰਨੀਤ, ਤਰਕਸ਼ੀਲ ਰਮੇਸ ਜੈਨ, ਬਨਾਰਸੀ ਦਾਸ, ਅਨਮੋਲ ਸਿੰਘ, ਦਮਨਜੀਤ ਕੌਰ, ਹਰਜੀਤ ਕੌਰ, ਸੁਖਵਿੰਦਰ ਕੌਰ, ਕੈਪਟਨ ਕੁਲਵਿੰਦਰ ਸਿੰਘ, ਬੀ ਐਮ ਸਿੰਘ ਅਤੇ ਲੇਖਕ ਜਸਬੀਰ ਝਬਾਲ ਆਦਿ ਹਾਜ਼ਰ ਹੋਏ।




## ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ 'ਤੇ ਦੋ ਘੰਟੇ ਆਵਾਜਾਈ ਰਹੇਗੀ ਠੱਪ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ ਤੇ ਸਥਿਤ ਪਿੰਡ ਖਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ਾ ਵਿਰੁੱਧ ਲਾਇਆ ਧਰਨਾ ਅੱਜ 98ਵੇਂ ਦਿਨ ਵਿੱਚ ਸਾਮਲ ਹੋ ਗਿਆ ਹੈ। ਧਰਨੇ ਦੇ ਜਥੇ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਵੱਲੋਂ ਕੁਲਵਿੰਦਰਜੀਤ ਸਿੰਘ ਨੇ ਕੀਤੀ। ਅੱਜ ਦੇ ਜਥੇ ਵਿੱਚ ਕੁਲਵਿੰਦਰ ਜੀਤ ਸਿੰਘ ਅਠਵਾਲ, ਸੁਖਵਿੰਦਰ ਸਿੰਘ ਫੋਰਮੈਨ, ਦਰਸਨ ਸਿੰਘ, ਬਲਕਾਰ ਸਿੰਘ, ਜਸਵੰਤ ਸਿੰਘ ਮਾਹਲ, ਗੁਰਦਿਆਲ ਸਿੰਘ, ਜਸਦੇਵ ਸਿੰਘ, ਨਿਰਮਲ ਸਿੰਘ, ਦਿਲਬਾਗ ਸਿੰਘ, ਬਲਦੇਵ ਮਸੀਹ, ਨਰਿੰਦਰਪਾਲ ਕੌਰ ਭੋਪਰ ਆਦਿ ਹਾਜਰ ਸਨ। ਅੱਜ ਦੇ ਜਥੇ ਨੂੰ ਸਨਮਾਨਿਤ ਕਰਨ ਵਾਲਿਆਂ ਵਿੱਚ ਜਮਹੂਰੀ ਕਿਸਾਨ ਸਭਾ ਵੱਲੋਂ ਬਲਕਾਰ ਸਿੰਘ ਨੜਾਂਵਾਲੀ, ਬੀਕੇਯੂ ਏਕਤਾ ਉਗਰਾਹਾਂ ਵੱਲੋਂ ਗੁਰਮੁੱਖ ਸਿੰਘ, ਨਾਜਰ ਸਿੰਘ ਤੇ ਅਜੀਤ ਸਿੰਘ, ਪੰਜਾਬ ਕਿਸਾਨ ਯੂਨੀਅਨ ਵੱਲੋਂ ਅਸ਼ਵਨੀ ਕੁਮਾਰ ਲੱਖਣ ਕਲਾਂ ਨੇ ਜਥੇ ਨੂੰ ਸਨਮਾਨਿਤ ਕੀਤਾ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਧਰਨੇ ਵਾਲੀ ਥਾਂ 10 ਅਪ੍ਰੈਲ ਦਿਨ ਸੋਮਵਾਰ ਨੂੰ ਵੱਡੀ ਰੈਲੀ ਕਰਕੇ ਇਲਾਕੇ ਦੇ ਲੋਕਾਂ ਵੱਲੋਂ ਇਸ ਟੋਲ ਪਲਾਜੇ ਨੂੰ ਉਸਾਰਨ ਦਾ ਵਿਰੋਧ ਕਰਦਿਆਂ ਦੋ ਘੰਟੇ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ ਉਪਰ ਆਵਾਜਾਈ ਠੱਪ ਰੱਖੀ ਜਾਵੇਗੀ। ਬੁਲਾਰਿਆਂ ਕਿਹਾ ਕੇਂਦਰ ਸਰਕਾਰ ਹੁਣ ਹੋਛੇ ਹੱਥਕੰਡਿਆਂ ਤੇ ਆ ਗਈ ਹੈ ਅਤੇ ਧਾਰਮਿਕ ਸਥਾਨਾਂ ਤੇ ਜਾਣ ਵਾਲੀਆਂ ਸੰਗਤਾਂ ਤੇ ਵੀ ਜਜੀਆ ਟੈਕਸ ਲਾ ਕੇ ਲੋਕਾਂ ਨੂੰ ਲੁੱਟਣ ਲਈ ਉਤਾਵਲੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਧਰਨੇ ਵਾਲੀ ਥਾਂ ਤੇ ਪਹੁੰਚਿਆ ਜਾਵੇ।

## ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀਨਾਨਗਰ ਦੀ ਮਾਸਿਕ ਇਕੱਤਰਤਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**—ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਦੀ ਮਾਸਿਕ ਇਕੱਤਰਤਾ ਸਰਵਸ੍ਰੀ ਜਨਕ ਰਾਜ ਗੁਪਤਾ ਸਰਪ੍ਰਸਤ, ਅਸ਼ੋਕ ਕੁਮਾਰ ਪੈਨਸ਼ਨਰ ਮੁੱਦਿਆਂ ਦੇ ਮਾਹਿਰ, ਦੇਸ ਰਾਜ ਪਾਵਰ ਕਾਰਪੋਰੇਸ਼ਨ ਅਤੇ ਕੇਵਲ ਸਿੰਘ ਸੈਣੀ ਫੂਡ ਸਪਲਾਈ ਵਿਭਾਗ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਕੱਤਰਤਾ ਦੀ ਕਾਰਵਾਈ ਆਰੰਭ ਕਰਦਿਆਂ ਜਨਰਲ ਸਕੱਤਰ ਮੰਗਤ ਚੰਚਲ ਵੱਲੋਂ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਨੂੰ ਆਖਿਆ ਗਿਆ ਅਤੇ ਐਸੋਸੀਏਸ਼ਨ ਦੇ ਮੈਂਬਰ ਵੇਦ ਮਿੱਤਰ ਸ਼ਰਮਾ ਦੇ ਸਦੀਵੀ ਵਿਛੋੜੇ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾ ਸੁਮਨ ਭੇਟ ਕੀਤੇ ਗਏ। ਏਜੰਡੇ 'ਤੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਮਸਲਿਆਂ 'ਤੇ ਪਿਛਲੀਆਂ ਸਰਕਾਰਾਂ ਵਾਂਗ ਅਪਣਾਈ ਗਈ ਡੰਗ ਟਪਾਊ ਨੀਤੀ ਦਾ ਜ਼ੋਰਦਾਰ ਖੰਡਣ ਕੀਤਾ ਗਿਆ ਅਤੇ ਸਬੰਧਤ ਮੁੱਦਿਆਂ ਜਿਨਾਂ ਵਿੱਚ 2.59 ਦਾ ਗੁਣਾਂਕ,1/1/16 ਤੋਂ 30/6/21 ਤੱਕ ਦਾ ਪੈਨਸ਼ਨ ਸੋਧ ਦਾ ਏਰੀਅਰ ਯਕਮੁਸ਼ਤ ਦਿੱਤਾ ਜਾਵੇ, ਕੈਸ਼ਲੈੱਸ ਹੈਲਥ ਸਕੀਮ ਲਾਗੂ ਕੀਤੀ ਜਾਵੇ, ਏਡਿਡ ਸਕੂਲਾਂ ਦੀ ਪੇ-ਕਮਿਸ਼ਨ ਰਿਪੋਰਟ ਫੌਰਨ ਜਾਰੀ ਕੀਤੀ ਜਾਵੇ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਆਦਿ ਦੇ ਮਸਲੇ ਫੌਰਨ ਹੱਲ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਅਸ਼ੋਕ ਕੁਮਾਰ ਨੇ ਕਿਹਾ ਕਿ ਪੈਨਸ਼ਨਰ ਅਧਾਰ ਕਾਰਡ ਨੂੰ ਪੈਨ ਕਾਰਡ ਨਾਲ 30 ਜੂਨ ਤੋਂ ਪਹਿਲਾਂ ਪਹਿਲਾਂ ਹਰ ਹਾਲ 'ਚ ਲਿੰਕ ਕਰਵਾ ਲੈਣ ਅਤੇ ਇਨਕਮ ਟੈਕਸ ਰਿਟਰਨ ਹਰ ਪੈਨਸ਼ਨਰ ਨੂੰ ਭਰਨ ਦਾ ਮਸ਼ਵਰਾ ਦਿੱਤਾ ਅਤੇ ਇਨਕਮ ਟੈਕਸ ਰਿਟਰਨ ਭਰਨ ਹਿਤ ਨਵੇਂ ਬਜਟ ਵਿੱਚ ਆਈਆਂ ਨਵੀਂਆਂ ਅਤੇ ਪੁਰਾਣੀਆਂ ਸਲੈਬਾਂ ਦੀ ਤੁਲਨਾਤਮਕ ਅਤੇ ਵਿਸਤ੍ਰਿਤ ਜਾਣਕਾਰੀ ਦਿੱਤੀ। ਜੋਗਿੰਦਰ ਪਾਲ ਸੈਣੀ ਪ੍ਰਧਾਨ ਨੇ ਪੈਨਸ਼ਨ ਦੁਹਰਾਈ ਦੇ ਏ ਜੀ ਪੰਜਾਬ ਦਫਤਰ ਵਿਖੇ ਪਏ ਪੈਂਡਿੰਗ ਕੇਸਾਂ ਦੇ ਜਲਦ ਨਿਪਟਾਰੇ ਦੀ ਮੰਗ ਕੀਤੀ ਅਤੇ ਪੈਨਸ਼ਨਰ ਸਾਥੀਆਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਹਿਤ ਇੱਕਮੁੱਠ ਹੋ ਕੇ ਚਲਣ ਦੀ ਅਪੀਲ ਕੀਤੀ। ਇਸ ਮੌਕੇ ਪੈਨਸ਼ਨਰ ਮਸਲਿਆਂ 'ਤੇ ਦਿਆ ਰਾਮ, ਮੰਗਤ ਚੰਚਲ, ਅਮਰਜੀਤ ਸਰਮਾ, ਪ੍ਰੇਮ ਨਾਥ, ਜੋਗਿੰਦਰ ਪਾਲ ਕਲੀਜਪੁਰ ਅਤੇ ਬੂਟਾ ਸਿੰਘ ਨੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਪ੍ਰੋਗਰਾਮ ਦੀ ਪ੍ਰਧਾਨਗੀ ਕਰ ਰਹੇ ਦੇਸ ਰਾਜ ਨੇ ਵੱਖ ਵੱਖ ਵਿਭਾਗਾਂ ਦੇ ਪੈਨਸ਼ਨਰ ਸਾਥੀਆਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਸਲਾਹ ਦਿੱਤੀ ਅਤੇ ਉਨ੍ਹਾਂ ਪਾਵਰ ਕਾਮ ਦੇ ਪੈਨਸ਼ਨਰਾਂ ਵੱਲੋਂ ਭਰਵਾਂ ਸਹਿਯੋਗ ਦੇਣ ਦਾ ਵੀ ਅਹਿਦ ਦੁਹਰਾਇਆ। ਹਾਜ਼ਰ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਮਦਨ ਲਾਲ ਸ਼ਰਮਾ ਵਿੱਤ ਸਕੱਤਰ ਵੱਲੋਂ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮ ਸਿੰਘ ਜੱਗੀ, ਧਰਮ ਪਾਲ, ਮੋਹਨ ਲਾਲ, ਸੰਤੋਖ ਲਾਲ, ਰਵਿੰਦਰ ਮਹਾਜਨ, ਰਮੇਸ਼ ਚੰਦ, ਪੂਰਨ ਚੰਦ, ਹੰਸ ਰਾਜ, ਬਸੰਤ ਭੱਲਾ, ਬਿਸ਼ਨ ਦਾਸ, ਕਰਮ ਚੰਦ, ਗੁਰਦਿਆਲ ਚੰਦ, ਸੁਭਾਸ਼ ਚੰਦਰ, ਰਮੇਸ਼ ਲਾਲ, ਪਰਮਜੀਤ ਸਿੰਘ, ਰਾਜਪਾਲ ਸਿੰਘ ਚੀਮਾ, ਵਿਜੇ ਮਹਿਤਾ, ਦਲਬੀਰ ਸਿੰਘ, ਨੰਦ ਲਾਲ, ਮਹਿੰਦਰ ਪਾਲ, ਕੇਵਲ ਕ੍ਰਿਸ਼ਨ, ਨਰੇਸ਼ ਕੁਮਾਰ, ਚਰੰਜੀ ਲਾਲ, ਕਮਲ ਸਿੰਘ, ਵਿਦਿਆ ਸਾਗਰ, ਬੰਸੀ ਲਾਲ, ਦਰਸ਼ਨ ਕੁਮਾਰ, ਜਗਦੀਸ਼ ਰਾਜ, ਜੋਗਿੰਦਰ ਪਾਲ ਮਹਾਜਨ ਆਦਿ ਦੇ ਨਾਂ ਸ਼ਾਮਲ ਹਨ।

## ਪੰਜਾਬ ਸਰਕਾਰ ਲਾਰੇ-ਲੱਪੇ ਲਗਾ ਕੇ ਮੁਲਾਜ਼ਮਾਂ/ਪੈਨਸ਼ਨਰਾਂ ਨਾਲ ਕਰ ਰਹੀ ਸਰਾਸਰ ਧੋਖਾ : ਗਿੱਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਯੂਨਿਟ ਧਾਰੀਵਾਲ ਦੀ ਮਹੀਨਾਵਾਰ ਮੀਟਿੰਗ 132 ਕੇ ਵੀ ਸਬ-ਸਟੇਸ਼ਨ ਧਾਰੀਵਾਲ ਵਿਖੇ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਪਾਵਰਕਾਮ ਪੈਨਸ਼ਨਰਾਂ ਦੀਆਂ ਭੱਖਦੀਆਂ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਮਹਿੰਦਰ ਸਿੰਘ, ਹਰਕਿਰਪਾਲ ਸਿੰਘ ਸੋਹਲ, ਹਜਾਰਾ ਸਿੰਘ ਗਿੱਲ ਆਦਿ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰਜ਼ ਤੇ ਚੱਲਦੇ ਹੋਏ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਲਾਰੇ ਲੱਪੇ ਲਗਾ ਧੋਖਾ ਕਰ ਰਹੀ ਹੈ। ਪੰਜਾਬ ਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੀ ਮਨਪ੍ਰੀਤ ਬਾਦਲ ਵਾਂਗ ਹੀ ਐਲਾਨ ਮੰਤਰੀ ਬਣ ਕੇ ਰਹਿ ਗਿਆ ਹੈ। ਪੰਜਾਬ ਸਰਕਾਰ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਪੰਜਾਬ ਸਰਕਾਰ ਪੈਨਸ਼ਨਰਾਂ ਦੀ 1-1-2016 ਤੋਂ ਪੈਨਸ਼ਨ ਰਵੀਜਨ 2.59 ਫੈਕਟਰ ਨਾਲ ਕਰਨ, 1-1-2016 ਤੋਂ 30-6-2021 ਤੱਕ ਦਾ ਏਰੀਅਰ ਅਦਾ ਕਰਨ, ਡੀ ਏ 28% ਤੋਂ 38% ਤੱਕ ਸਮੇਤ ਬਕਾਇਆ ਲਾਗੂ ਕਰਨ ਤੋਂ ਵੀ ਭੱਜ ਰਹੀ ਹੈ। ਯੂਨੀਅਨ ਆਗੂਆਂ ਨੇ ਪਾਵਰਕਾਮ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਮੰਨਣ ਦੀ ਅਪੀਲ ਕੀਤੀ ਹੈ। ਇਸ ਮੀਟਿੰਗ ਵਿੱਚ ਹਰਪਾਲ ਸਿੰਘ, ਕਰਮ ਸਿੰਘ, ਸਤਨਾਮ ਸਿੰਘ, ਮਨਜਿੰਦਰ ਸਿੰਘ, ਜਸਪਾਲ ਸਿੰਘ, ਨਜੀਰ ਮਸੀਹ, ਗੁਰਪਾਲ ਸਿੰਘ, ਬਲਕਾਰ ਸਿੰਘ, ਰਣਜੀਤ ਸਿੰਘ, ਵਰਿੰਦਰ ਸਿੰਘ, ਕਸ਼ਮੀਰ ਸਿੰਘ, ਵਰਿੰਦਰ ਕੁਮਾਰ, ਕੁਲਵੰਤ ਸਿੰਘ ਸੱਗੂ, ਸਰੂਪ ਸਿੰਘ, ਸਵਰਨ ਸਿੰਘ, ਸੁਖਦੇਵ ਸਿੰਘ, ਸਵਰਨ ਮਸੀਹ, ਸੁਭਾਸ਼ ਚੰਦਰ, ਸੱਤਪਾਲ ਸਿੰਘ ਅਤੇ ਗੁਰਭੇਜ ਸਿੰਘ ਆਦਿ ਪੈਨਸ਼ਨਰ ਹਾਜ਼ਰ ਸਨ।

# ਬਾਬਾ ਅਮਰੀਕ ਸਿੰਘ ਸਨੋਲੀ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਈ



**ਭਲਾਣ (ਢਿੱਲੋਂ)**-ਇਲਾਕੇ ਦੀ ਮਾਨਮੱਤੀ ਸ਼ਖ਼ਸੀਅਤ ਬਾਬਾ ਅਮਰੀਕ ਸਿੰਘ ਸਨੋਲੀ ਅੱਜ ਅਚਾਨਕ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾ ਦੀ ਅਚਾਨਕ ਦਿਹਾਂਤ ਦੀ ਖਬਰ ਸੁਣ ਕੇ ਇਲਾਕੇ 'ਚ ਸੋਗ ਦੀ ਲਹਿਰ ਪਸਰ ਗਈ। ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥੇੜਾ ਵਿਖੇ ਬਤੌਰ ਪੀ ਟੀ ਆਈ ਅਧਿਆਪਕ ਸੇਵਾਵਾਂ ਨਿਭਾ ਰਹੇ ਬਾਬਾ ਅਮਰੀਕ ਸਿੰਘ ਧਾਰਮਕ ਅਤੇ ਸਮਾਜਕ ਖੇਤਰ 'ਚ ਇੱਕ ਵੱਖਰੀ ਪਹਿਚਾਣ ਬਣਾ ਚੁੱਕੇ ਸਨ। ਜਿਸ ਦਾ ਪ੍ਰਤੱਖ ਪ੍ਰਮਾਣ ਅੱਜ ਉਨ੍ਹਾ ਦੇ ਅੰਤਿਮ ਸੰਸਕਾਰ ਵੇਲੇ ਹਜ਼ਾਰਾਂ ਦੀ ਗਿਣਤੀ 'ਚ ਹਲਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਹਜ਼ਾਰਾਂ ਸੇਜਲ ਅੱਖਾਂ ਵੱਲੋਂ ਉਨ੍ਹਾ ਨੂੰ ਅੰਤਿਮ ਵਿਦਾਈ ਦਿੱਤੀ ਗਈ। ਬਾਬਾ ਅਮਰੀਕ ਸਿੰਘ ਨੂੰ ਅੱਜ ਅੰਮ੍ਰਿਤ 3:30 ਵੇਲੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਲੋਕਾਂ ਦੇ ਦਰਦ ਵੰਡਾਉਣ ਦਾ ਬਲ ਪਾ ਲੈਣਾ ਜੁਆਨੀ ਵੇਲੇ ਹੀ ਮਾਸਟਰ ਅਮਰੀਕ ਸਿੰਘ ਦੇ ਹਿੱਸੇ ਆ ਗਿਆ ਸੀ। ਇਹ ਚੇਟਕ ਉਨ੍ਹਾ ਨੂੰ ਸਮਾਜਕ ਤੇ ਧਾਰਮਕ ਸਫ਼ਾਂ 'ਚ ਲੈ ਆਈ ਤੇ ਇਲਾਕੇ ਦੇ ਕਾਰਜਾਂ 'ਚ ਲਗਾਤਾਰ ਕਾਰਜਸ਼ੀਲ ਰਹੇ। 55 ਸਾਲ ਦੀ ਉਮਰ 'ਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖਣ ਵਾਲੇ ਬਾਬਾ ਅਮਰੀਕ ਸਿੰਘ ਨੇ ਜਿਥੇ ਧਾਰਮਕ ਅਤੇ ਸਮਾਜਕ ਖੇਤਰ 'ਚ ਵੱਡੀਆਂ ਸੇਵਾਵਾਂ ਨਿਭਾਈਆਂ, ਉਥੇ ਸੈਕੜੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਗੁਰਬਾਣੀ ਨਾਲ ਜੋੜਿਆ। ਬਾਬਾ ਅਮਰੀਕ ਸਿੰਘ ਬਹੁਤ ਸਾਰੀਆਂ ਧਾਰਮਕ ਅਤੇ ਸਮਾਜਕ ਸੰਸਥਾਵਾਂ ਨਾਲ ਜੁੜੇ ਹੋਏ ਸਨ। ਉਨ੍ਹਾ ਦਾ ਅੰਤਿਮ ਸੰਸਕਾਰ ਅੱਜ ਪਿੰਡ ਮੋਜੋਵਾਲ ਦੇ ਸ਼ਮਸ਼ਾਨਘਾਟ 'ਚ ਪੂਰੀਆਂ ਧਾਰਮਕ ਰਸਮਾਂ ਨਾਲ ਕੀਤਾ ਗਿਆ। ਅੰਤਿਮ ਸੰਸਕਾਰ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼ਵੰਸ਼ ਬਾਬਾ ਸਰਬਜੋਤ ਸਿੰਘ ਬੇਦੀ, ਤਖਤ ਸ੍ਰੀ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਦੇ ਹੈੱਡ ਗ੍ਰੰਥੀ ਜੋਗਿੰਦਰ ਸਿੰਘ , ਸਾਬਕਾ ਹੈੱਡ ਗ੍ਰੰਥੀ ਭਾਈ ਸੁਖਵਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਤਪਾਲ ਸੱਤੀ ਵਿਧਾਇਕ ਊਨਾ, ਬਾਬਾ ਜਰਨੈਲ ਸਿੰਘ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ, ਬਾਬਾ ਸਰੂਪ ਸਿੰਘ ਡੂਮੇਵਾਲ, ਠੇਕੇਦਾਰ ਬਚਿੱਤਰ ਸਿੰਘ ਬੈਂਸ, ਜਸਵੰਤ ਸਿੰਘ ਬੇਲਾ, ਮੋਹਣ ਸਿੰਘ ਢਾਹੇ, ਮਨਜਿੰਦਰ ਸਿੰਘ ਬਰਾੜ, ਨੰਬਰਦਾਰ ਕੁਲਵਿੰਦਰ ਸਿੰਘ, ਬਾਬਾ ਰਵਿੰਦਰ ਸਿੰਘ ਬੰਟੀ, ਸਰਪੰਚ ਕੁਲਦੀਪ ਸਿੰਘ ਸੰਧੂ ਮਜਾਰਾ, ਸਤਵੀਰ ਸਿੰਘ, ਹਰਪਾਲ ਸਿੰਘ ਭਸੀਨ, ਕਮਲ ਸਿੰਘ ਮਜਾਰੀ, ਪ੍ਰਿੰਸੀਪਲ ਪਰਮਿੰਦਰ ਕੌਰ ਦੂਆ, ਸੋਮ ਸਿੰਘ ਅਟਵਾਲ ਸਨੋਲੀ , ਹਰਦਿਆਲ ਸਿੰਘ ਮਲੂਕਪੁਰ, ਨੰਬਰਦਾਰ ਬਲਵਿੰਦਰ ਸਿੰਘ, ਗੁਰਦਿਆਲ ਸਿੰਘ ਮਲੂਕਪੁਰ, ਮਾਸਟਰ ਮਹਿੰਦਰ ਸਿੰਘ , ਬਖਸ਼ੀਸ਼ ਸਿੰਘ, ਠੇਕੇਦਾਰ ਸੁਰਿੰਦਰ ਸਿੰਘ ਸਨੋਲੀ, ਕਮਲ ਸਿੰਘ ਮਜਾਰੀ, ਡਾ. ਗੁਰਦਾਸ ਦੀਵਾਨ, ਡਾ. ਰਜਿੰਦਰ ਕੁਮਾਰ ਸਾਬਕਾ ਕੌਂਸਲਰ, ਕੰਵਰ ਪੋਸਵਾਲ, ਹਰਜਿੰਦਰ ਸਿੰਘ ਛੇਤਰਾ, ਬਖ਼ਸ਼ੀਸ਼ ਸਿੰਘ ਹਾਜੀਪੁਰ ਟਿੱਕਾ, ਜਸਵੀਰ ਚੰਦ ਭਲਾਣ, ਪ੍ਰਿੰਸੀਪਲ ਗੁਰਨਾਮ ਸਿੰਘ ਭੱਲੜੀ , ਪ੍ਰਿੰਸੀਪਲ ਰਾਮ ਸਿੰਘ, ਰਣਜੀਤ ਸਿੰਘ ਭੱਟੀ, ਜਸਵੰਤ ਸਿੰਘ ਭੱਲੜੀ, ਜਰਨੈਲ ਸਿੰਘ , ਅਵਤਾਰ ਸਿੰਘ ਮਜਾਰਾ, ਸੋਹਣ ਸਿੰਘ ਪੀ ਏ ਸੀ ਐਲ, ਕੁਲਜੀਤ ਸਿੰਘ ਬਿੱਟਾ ਤੋਂ ਇਲਾਵਾ ਵੱਡੀ ਗਿਣਤੀ ਵੱਖ ਵੱਖ ਧਾਰਮਕ, ਸਮਾਜਕ ਸੰਸਥਾਵਾਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਕਾਰ ਸੇਵਾ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਵੱਲੋਂ ਬਾਬਾ ਪਰੇਮ ਸਿੰਘ, ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਸਮੇਤ ਵੱਖ ਵੱਖ ਸੰਸਥਾਵਾਂ ਵੱਲੋਂ ਬਾਬਾ ਅਮਰੀਕ ਸਿੰਘ ਦੀ ਮ੍ਰਿਤਕ ਦੇਹ ਦੇ ਸਿਰੋਪੇ ਭੇਟ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## 'ਡਾ. ਅੰਬੇਡਕਰ ਰਾਜਨੀਤਕ, ਸਮਾਜਿਕ ਤੇ ਆਰਥਿਕ ਵਿਵਸਥਾ ਬਾਰੇ ਡੂੰਘੀ ਸੋਝੀ ਰੱਖਣ ਵਾਲੇ ਵਿਦਵਾਨ ਸਨ'



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**—ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਵਿਦਵਾਨ, ਫਿਲਾਸਫਰ, ਕਾਨੂੰਨਦਾਨ ਅਤੇ ਦੇਸ਼ ਨੂੰ ਪਿਆਰ ਕਰਨ ਵਾਲੇ ਇਨਸਾਨ ਸਨ। ਉਹ ਰਾਜਨੀਤਿਕ ਸਮਾਜਿਕ ਅਤੇ ਆਰਥਿਕ ਵਿਵਸਥਾ ਬਾਰੇ ਡੂੰਘੀ ਸੋਝੀ ਰੱਖਣ ਵਾਲੇ ਵਿਦਵਾਨ ਸਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਮਾਜਸੇਵੀ ਰਵੀ ਮੋਹਨ ਅਤੇ ਜੋਤੀ ਭੀਮ ਕੌਂਟਾ ਨੇ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਬਹੁਜਨ ਸਮਾਜ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਇਆ ਅਤੇ ਸਮਾਜ ਵਿਚੋਂ ਅਨਪੜ੍ਹਤਾ, ਅੰਧਵਿਸ਼ਵਾਸ, ਛੂਤ-ਛਾਤ ਖਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਇਨਾਂ ਯਤਨਾਂ ਨਾਲ ਹੀ ਬਹੁਜਨ ਸਮਾਜ ਦੇ ਲੋਕਾਂ ਨੂੰ ਅੱਗੇ ਲਿਆਂਦਾ ਗਿਆ। ਉਨ੍ਹਾਂ ਬਹੁਜਨ ਸਮਾਜ ਨੂੰ ਅਪੀਲ ਕੀਤੀ ਕਿ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਲਈ 14 ਅਪ੍ਰੈਲ ਨੂੰ ਪ੍ਰੇਮ ਨਗਰ ਸ੍ਰੀ ਗੁਰੂ ਰਵਿਦਾਸ ਭਵਨ ਅਤੇ 23 ਅਪ੍ਰੈਲ ਦੇ ਦਿਨ ਪਿੰਡ ਮੁਗਰਾਲਾ ਸ੍ਰੀ ਗੁਰੂ ਰਵਿਦਾਸ ਭਵਨ ਦੀਨਾਨਗਰ ਵਿਖੇ ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਕਰਦੇ ਹੋਏ ਬਹੁਜਨ ਸਮਾਜ ਨੂੰ ਇਕੱਠਾ ਕਰੀਏ।

## ਗਰੀਬਾਂ ਨੂੰ ਸਸਤੀ ਕਣਕ ਨਾ ਮਿਲਣ ਵਿਰੁੱਧ 12 ਨੂੰ ਲਾਇਆ ਜਾਵੇਗਾ ਰੋਸ ਧਰਨਾ : ਪੰਡੋਰੀ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸੂਬੇ ਅੰਦਰ ਸਸਤੀ ਕਣਕ ਦੇ ਕਾਰਡਾਂ ਦੀ ਛਾਂਟੀ ਦੀ ਆੜ ਵਿਚ ਗਰੀਬ ਪਰਿਵਾਰਾਂ ਦੇ ਲਿਸਟਾਂ ਚੋ ਨਾਂ ਕੱਟ ਕੇ ਉਨ੍ਹਾਂ ਨੂੰ ਸਸਤੀ ਕਣਕ ਤੋਂ ਵਾਂਝਿਆਂ ਕਰ ਦਿੱਤਾ। ਸੂਬਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਖਿਲਾਫ ਦਿਹਾਤੀ ਮਜ਼ਦੂਰ ਸਭਾ ਦੀ ਭਰਵੀ ਮੀਟਿੰਗ ਪਿੰਡ ਮੁਗਲਚੱਕ ਵਿਖੇ ਜਰਨੈਲ ਸਿੰਘ ਮੁਗਲਚੱਕ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਜਥੇਦਾਰ ਨਰਿੰਦਰ ਸਿੰਘ ਫੌਜੀ ਰਟੋਲ, ਅਮਰਜੀਤ ਸਿੰਘ ਕੋਟਲੀ ਆਦਿ ਆਗੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ । ਪੰਡੋਰੀ ਨੇ ਬੋਲਦਿਆ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਵਿੱਚ ਕੋਈ ਅੰਤਰ ਨਹੀਂ। ਇਹ ਦੋਵੇਂ ਸਰਕਾਰਾਂ ਦੀਆਂ ਨੀਤੀਆਂ ਮਜ਼ਦੂਰ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਗਰੀਬ ਲੋਕਾਂ ਨੂੰ ਆਟਾ ਦਾਲ ਸਕੀਮ ਤੋਂ ਵਾਂਝਿਆਂ ਕੀਤਾ ਜਾ ਰਿਹਾ। ਮਜ਼ਦੂਰਾਂ ਨੂੰ ਮਿਲਦੀ ਕਣਕ 25% ਦੇ ਕੱਟ ਦੇ ਬਹਾਨੇ ਵੱਡੀ ਪੱਧਰ ਤੇ ਕਣਕ ਤੋਂ ਵਾਂਝਿਆਂ ਰੱਖਿਆ ਗਿਆ ਹੈ। ਖਾਂਦੇ-ਪੀਂਦੇ ਘਰਾਂ ਦੇ ਲੋਕਾਂ ਨੂੰ ਕਣਕ ਦੀਆਂ ਪਰਚੀਆ ਕੱਟ ਕੇ ਦਿੱਤੀਆਂ ਗਈਆਂ ਹਨ ਅਤੇ ਮਜ਼ਦੂਰਾਂ ਨੂੰ ਪਰਚੀਆਂ ਕੱਟ ਕੇ ਨਹੀਂ ਦਿੱਤੀਆਂ ਗਈਆਂ । ਉਨ੍ਹਾਂ ਮਨਰੇਗਾ ਸਕੀਮ 'ਤੇ ਬੋਲਦਿਆਂ ਕਿਹਾ ਕੇਂਦਰ ਦੀ ਸਰਕਾਰ ਨੇ ਮਨਰੇਗਾ ਫੰਡ ਵਿੱਚ ਕਟੌਤੀ ਕਰ ਦਿੱਤੀ ਹੈ। ਮਨਰੇਗਾ ਵਰਕਰਾਂ ਨੂੰ ਸਮੇਂ ਤੇ ਕੰਮ ਨਹੀਂ ਮਿਲ ਰਿਹਾ। ਉਨ੍ਹਾਂ ਪੰਜਾਬ ਸਰਕਾਰ ਅਤੇ ਫੂਡ ਸਪਲਾਈ ਮਹਿਕਮੇ ਤੋਂ ਜ਼ੋਰਦਾਰ ਮੰਗ ਕੀਤੀ ਕਿ ਜਿਨ੍ਹਾਂ ਗਰੀਬ ਲੋਕਾਂ ਨੂੰ ਕਣਕ ਨਹੀਂ ਮਿਲੀ ਤੁਰੰਤ ਦਿੱਤੀ ਜਾਵੇ ਅਤੇ ਮਨਰੇਗਾ ਵਰਕਰਾਂ ਦੇ ਜੌਬਕਾਰਡ ਤੁਰੰਤ ਬਣਾ ਕੇ ਦਿੱਤੇ ਜਾਣ। ਪੰਡੋਰੀ ਨੇ ਦੱਸਿਆ ਕਿ 12 ਅਪ੍ਰੈਲ ਨੂੰ ਕਣਕ ਦੇ ਮਸਲੇ ਨੂੰ ਲੈ ਕੇ ਐੱਸਡੀਐੱਮ ਤਰਨ ਤਾਰਨ ਦੇ ਦਫਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਪੰਡੋਰੀ ਨੇ ਦੱਸਿਆ ਕਿ ਕਣਕ ਦੇ ਮਸਲੇ ਲੈ ਕੇ ਪਿਛਲੇ ਦਿਨੀਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਵੀ ਮਿਲ ਚੁੱਕੇ ਹਾਂ ਜੋ ਪੜਤਾਲ ਕਰਨ ਲਈ ਐੱਸਡੀਐੱਮ ਤਰਨਤਾਰਨ ਦੀ ਡਿਊਟੀ ਲਾਈ ਸੀ ਪਰ ਅਜੇ ਤੱਕ ਕੋਈ ਨਿਆਂ ਨਹੀਂ ਮਿਲਿਆ। ਇਸ ਮੌਕੇ ਜਰਨੈਲ ਸਿੰਘ, ਬੁੱਘਾ ਸਿੰਘ, ਗੁਰਮੁੱਖ ਸਿੰਘ, ਹਰਿੰਦਰ ਸਿੰਘ, ਵਿਸਾਖਾ ਸਿੰਘ, ਬੂਟਾ ਸਿੰਘ, ਅਵਤਾਰ ਸਿੰਘ, ਜੋਗਾ ਸਿੰਘ, ਪਿਆਰ ਕੌਰ, ਬਲਜਿੰਦਰ ਕੌਰ, ਸਤਨਾਮ ਕੌਰ, ਹਰਜੀਤ ਕੌਰ, ਸਵਿੰਦਰ ਕੌਰ, ਹਰਿੰਦਰ ਕੌਰ, ਨਿਰਮਲ ਕੌਰ, ਰਾਜਵਿੰਦਰ ਕੌਰ ਅਤੇ ਹਰਜੀਤ ਕੌਰ ਆਦਿ ਹਾਜ਼ਰ ਸਨ।

## ਵਿਸ਼ਵ ਸਿਹਤ ਦਿਵਸ ਨੂੰ ਸਮਰਪਿਤ ਸੰਪੂਰਨ ਬਾਡੀ ਪ੍ਰੋਫਾਈਲ ਟੈਸਟ ਪੈਕੇਜ ਕੈਂਪ ਲੱਗਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਭਾਰਤ ਵਿਕਾਸ ਪ੍ਰੀਸ਼ਦ ਸਾਖਾ ਦੀਨਾਨਗਰ ਅਤੇ ਬੀਵੀਪੀ ਚੈਰੀਟੇਬਲ ਵੈੱਲਫੇਅਰ ਸੁਸਾਇਟੀ ਗੁਰਦਾਸਪੁਰ ਦੇ ਸਹਿਯੋਗ ਨਾਲ ਵਿਸ਼ਵ ਸਿਹਤ ਦਿਵਸ ਨੂੰ ਸਮਰਪਿਤ ਇੱਕ ਸੰਪੂਰਨ ਬਾਡੀ ਪ੍ਰੋਫਾਈਲ ਟੈਸਟ ਪੈਕੇਜ ਕੈਂਪ ਪੰਜਾਬ ਨੈਸ਼ਨਲ ਬੈਂਕ ਜੀ. ਟੀ. ਰੋਡ ਦੀਨਾਨਗਰ ਨੇੜੇ ਸ੍ਰੀ ਕ੍ਰਿਸ਼ਨਾ ਮਾਰਕੀਟ ਵਿਖੇ ਪ੍ਰਧਾਨ ਰਾਕੇਸ਼ ਮਹਾਜਨ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ। ਇਸ ਕੈਂਪ ਵਿੱਚ 83 ਵਿਅਕਤੀਆਂ ਦੇ ਟੈਸਟ ਕੀਤੇ ਗਏ। ਇਸ ਮੌਕੇ ਡਾ. ਐਸ. ਪੀ. ਸਿੰਘ, ਸਟਾਫ ਸੀਮਾ, ਰਮਨ ਕੁਮਾਰ, ਬੀ. ਬੀ. ਗੁਪਤਾ, ਸੁਨੀਲ ਮਹਾਜਨ ਨੇ ਸੀ. ਬੀ. ਸੀ., ਕਿਡਨੀ ਫੰਕਸ਼ਨ ਟੈਸਟ, ਲਿਵਰ ਫੰਕਸ਼ਨ ਟੈਸਟ, ਈ. ਸੀ. ਆਰ., ਲਿਪਿਡ ਪ੍ਰੋਫਾਈਲ, ਵਿਟਾਮਿਨ ਡੀ, ਵਿਟਾਮਿਨ ਬੀ-12, ਈ. ਜੀ. ਐੱਫ. ਆਰ., ਆਇਰਨ ਪ੍ਰੋਫਾਈਲ, ਥਾਇਰਾਈਡ ਪ੍ਰੋਫਾਈਲ, ਯੂਰਾਨ ਦੇ ਸਾਰੇ ਟੈਸਟ ਕੀਤੇ ਗਏ।

ਇਸ ਮੌਕੇ ਪ੍ਰਧਾਨ ਰਾਕੇਸ਼ ਮਹਾਜਨ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਚੰਗੇ ਕੰਮ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਤੋਂ ਵੱਡੀ ਕੋਈ ਸੇਵਾ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵੀ ਲੋਕ ਆ ਕੇ ਟੈਸਟ ਕਰਵਾ ਚੁੱਕੇ ਹਨ, ਉਹ ਆਪਣੀ ਪਰਚੀ ਧਿਆਨ ਨਾਲ ਰੱਖਣ। ਉਨ੍ਹਾਂ ਸਲਿੱਪਾਂ ਰਾਹੀਂ ਤੁਸੀਂ ਗੁਰਦਾਸਪੁਰ ਸਥਿਤ ਲੈਬਾਰਟਰੀ ਵਿੱਚ 1 ਹਫਤੇ ਦੇ ਅੰਦਰ-ਅੰਦਰ ਆਪਣਾ ਮੁਫ਼ਤ ਈਸੀਜੀ ਟੈਸਟ ਕਰਵਾ ਸਕਦੇ ਹੋ। ਇਸ ਮੌਕੇ ਵਿਜੇ ਕੰਸਾਰਾ, ਵਿਨੋਦ ਸ਼ਰਮਾ, ਮੋਹਿਤ ਅਗਰਵਾਲ, ਜਤਿੰਦਰ ਮਹਾਜਨ, ਖਜ਼ਾਨਚੀ ਹਰੀਸ਼ ਸ਼ਰਮਾ, ਜਨਕ ਰਾਜ ਮਹਾਜਨ, ਕਮਲ ਮਹਾਜਨ, ਈਸ਼ਵਰ ਭੱਲਾ, ਨਰੇਸ਼ ਤ੍ਰਿਪਾਠੀ, ਕੇਵਲ ਕ੍ਰਿਸ਼ਨ ਮਹਾਜਨ, ਅਨਿਲ ਮਹਾਜਨ, ਰਾਜੇਸ਼ ਮਹਾਜਨ, ਸਤਪਾਲ ਸਰਮਾ, ਵਰੁਣ ਮਹਾਜਨ, ਸੰਜੀਵ ਕੁਮਾਰ, ਸੈਲਿਕਾ ਅਗਰਵਾਲ, ਪ੍ਰੇਮ ਭਾਰਤ ਆਦਿ ਹਾਜ਼ਰ ਸਨ।

## ਵੇਅਰ ਹਾਊਸ ਦੇ ਗੋਦਾਮ 'ਚੋਂ ਚੌਲਾਂ ਦੀਆਂ ਬੋਰੀਆਂ ਚੋਰੀ ਕਰਦੇ ਤਿੰਨ ਕਾਬੂ



**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਦੀ ਪੁਲਸ ਵੱਲੋਂ ਤਿੰਨ ਅਜਿਹੇ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਜੋ ਵੇਅਰ ਹਾਊਸ ਦੇ ਗੋਦਾਮ ਵਿੱਚੋਂ ਚੌਲਾਂ ਦੀਆਂ ਬੋਰੀਆਂ ਚੋਰੀ ਕਰਕੇ ਇਕ ਟਰੱਕ ਵਿਚ ਲੋਡ ਕਰ ਰਹੇ ਸਨ। ਮਾਮਲੇ ਵਿਚ ਗ੍ਰਿਫਤਾਰ ਕੀਤੇ ਗਏ ਤਿੰਨ ਵਿਅਕਤੀਆਂ ਵਿਚੋਂ ਇਕ ਵਿਅਕਤੀ ਵੇਅਰ ਹਾਊਸ ਇੰਸਪੈਕਟਰ ਵੀ ਦੱਸਿਆ ਜਾ ਰਿਹਾ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰੀ ਅਨਾਜ ਦੀ ਚੋਰੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋ ਰਹੀ ਹੈ। ਐੱਸਐੱਚਓ ਥਾਣਾ ਸਿਟੀ ਗੁਰਦਾਸਪੁਰ ਗੁਰਮੀਤ ਸਿੰਘ ਨੇ ਦੱਸਿਆ ਕਿ ਏਐੱਸਆਈ ਹਰਮੇਸ਼ ਕੁਮਾਰ ਪੁਲਸ ਪਾਰਟੀ ਸਮੇਤ ਗਸ਼ਤ ਦੇ ਸਬੰਧ ਵਿੱਚ ਬਾਈਪਾਸ ਘੁਰਾਲਾ ਚੌਕ ਗੁਰਦਾਸਪੁਰ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸ੍ਰੀ ਨੰਗਲੀ ਵਾਲੇ ਵੇਅਰ ਹਾਊਸ ਦੇ ਗੋਦਾਮਾਂ ਵਿਚੋਂ ਮਹਿਕਮੇ ਦੇ ਅਧਿਕਾਰੀਆਂ ਤੇ ਵਿਅਕਤੀਆਂ ਵਲੋਂ ਰਲ ਕੇ ਚਾਵਲ ਦੀ ਚੋਰੀ ਕੀਤੀ ਜਾ ਰਹੀ ਹੈ ਅਤੇ ਹੁਣ ਵੀ ਮੌਕੇ 'ਤੇ ਗੋਦਾਮਾਂ ਵਿੱਚੋਂ ਟਰੱਕ ਤੇ ਚੋਰੀ ਚਾਵਲ ਲੋਡ ਕੀਤੇ ਜਾ ਰਹੇ ਹਨ। ਇਸ ਬਾਰੇ ਇਤਲਾਹ ਮਿਲਣ 'ਤੇ ਤਫਤੀਸ਼ੀ ਅਫਸਰ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਮਨਬੀਰ ਸਿੰਘ ਮੰਨੂ ਪੁੱਤਰ ਸੁਰਿੰਦਰ ਸਿੰਘ ਵਾਸੀ ਤਲਵੰਡੀ ਵਿਰਕ ਥਾਣਾ ਤਿੱਬੜ, ਵਰਿੰਦਰ ਕੁਮਾਰ ਪੁੱਤਰ ਤਿਲਕ ਰਾਜ, ਅਭੀਸ਼ੇਕ ਪੁੱਤਰ ਸਤੀਸ਼ ਕੁਮਾਰ ਵਾਸੀਆਂ ਪਨਿਆੜ ਥਾਣਾ ਦੀਨਾਨਗਰ ਜੋ ਟਰੱਕ ਵਿੱਚ ਚਾਵਲ ਲੋਡ ਕਰ ਰਹੇ ਸਨ, ਨੂੰ ਕਾਬੂ ਕਰਕੇ ਟਰੱਕ ਨੰਬਰੀ ਪੀਬੀ.06 ਬੀਡੀ.7364 ਜਿਸ ਵਿੱਚ 130 ਬੋਰੀਆਂ (ਹਰੇਕ ਬੋਰੀ ਵਜ਼ਨੀ 50 ਕਿਲੋਗ੍ਰਾਮ) ਚਾਵਲ ਭਰੇ ਸੀ, ਨੂੰ ਕਬਜ਼ੇ ਵਿੱਚ ਲੈ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਤਫਤੀਸ਼ ਕੀਤੀ ਜਾ ਰਹੀ ਹੈ। ਐੱਸਐੱਚਓ ਅਨੁਸਾਰ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ ਵਰਿੰਦਰ ਕੁਮਾਰ ਵੇਅਰ ਹਾਊਸ ਦਾ ਇੰਸਪੈਕਟਰ ਰੈਂਕ ਦਾ ਅਧਿਕਾਰੀ ਹੈ ਜਦਕਿ ਅਭਿਸ਼ੇਕ ਕੁਮਾਰ ਵੀ ਵਿਭਾਗ ਵਿੱਚ ਡੈਟਾ ਐਂਟਰੀ ਓਪਰੇਟਰ ਦੇ ਤੌਰ 'ਤੇ ਤਾਇਨਾਤ ਹੈ। ਮਾਮਲੇ ਵਿੱਚ ਤਫਤੀਸ਼ ਤੋਂ ਬਾਅਦ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ ਅਤੇ ਮਾਮਲੇ ਵਿਚ ਹੋਰ ਸਰਕਾਰੀ ਅਧਿਕਾਰੀ ਵੀ ਸ਼ਾਮਲ ਹੋ ਸਕਦੇ ਹਨ।

## ਮਿੱਡ ਡੇ ਮੀਲ ਤੇ ਸਫਾਈ ਵਰਕਰਜ਼ ਯੂਨੀਅਨ ਵੱਲੋਂ ਸਰਕਾਰ ਖਿਲਾਫ ਰੋਸ ਰੈਲੀ



**ਬਟਾਲਾ (ਤਰਲੋਕ ਬੱਗਾ)**-ਮਿਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਪੰਜਾਬ (ਸਬੰਧਤ) ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਇੱਕ ਰੋਸ ਰੈਲੀ ਪੰਜਾਬ ਅਤੇ ਕੇਂਦਰ ਸਰਕਾਰ ਖਿਲਾਫ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਯਾਦਗਾਰੀ ਪਾਰਕ ਵਿਖੇ ਕੀਤੀ ਜਿਸ ਦੀ ਪ੍ਰਧਾਨਗੀ ਮੰਡਲ ਜ਼ਿਲ੍ਹਾ ਪ੍ਰਧਾਨ ਕਾਮਰੇਡ ਕਪਤਾਨ ਸਿੰਘ ਬਾਸਰਪੁਰਾ ਪਰਮਜੀਤ ਕੌਰ ਅਤੇ ਮਿਡ ਡੇ ਮੀਲ ਯੂਨੀਅਨ ਦੀ ਜ਼ਿਲ੍ਹਾ ਜਰਨਲ ਸਕੱਤਰ ਕਾਮਰੇਡ ਸਤਿੰਦਰ ਕੌਰ ਬਟਾਲਾ ਨੇ ਕੀਤੀ ਜਿਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਮਿਡ ਡੇ ਮੀਲ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਲੁੱਟੇ ਖਸੁੱਟੇ ਲੋਕਾਂ ਦਾ ਸ਼ੋਸ਼ਣ ਹੀ ਕੀਤਾ ਹੈ। ਪੰਜਾਬ ਤੇ ਕੇਂਦਰ ਸਰਕਾਰ ਨੇ ਪੰਜਾਬ ਦੇ ਸੰਘਰਸ਼ਸ਼ੀਲ ਲੋਕਾ ਨਾਲ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾ ਕੇ 20 25 ਸਾਲਾਂ ਤੋਂ ਇਨ੍ਹਾਂ ਵਰਕਰਾਂ ਨੂੰ ਬੰਧੂਵਾ ਮਜ਼ਦੂਰ ਬਣਾ ਕੇ ਕੰਮ ਲਿਆ ਹੈ ਤੇ ਇੱਕ ਕੁੱਕ ਨੂੰ ਸਿਰਫ 50 ਬੱਚਿਆਂ ਦਾ ਖਾਣਾਂ ਬਣਾਉਣ ਦਾ 3000 ਰੁਪਏ ਹੀ ਮਹੀਨਾ ਮਾਣਭੱਤਾ ਦਿੱਤਾ ਜਾਂਦਾ ਹੈ। ਸਰਕਾਰ ਖਾਣਾ ਬਣਾਉਣ ਲਈ ਵਰਕਰਾਂ ਨੂੰ ਸਕੂਲਾਂ ਵਿਚ ਗਿੱਲਾਂ ਬਾਲਣ ਦਿੰਦੀ ਹੈ ਜੋ ਵਰਕਰਾਂ ਦੀ ਸਿਹਤ ਲਈ ਹਾਨੀਕਾਰਕ ਹੈ ਤੇ ਕਾਨੂੰਨ ਵਿੱਚ ਖਾਣਾ ਬਣਾਉਣਾ ਸਿਲੰਡਰ ਤੇ ਬਣਾਉਣਾ ਜ਼ਰੂਰੀ ਹੈ। ਵਰਕਰਾਂ ਦੇ ਕਾਨੂੰਨ ਵਿੱਚ ਹੈ ਕਿ ਕੱਕੂ ਸਾਫ-ਸੁਥਰਾ ਖਾਣਾ ਬਣਾਉਣ ਲਈ ਸਫਾਈ ਰੱਖੇ ਤੇ ਸਿਰਫ ਖਾਣਾ ਬਣਾਉਣਾ ਵਰਤਾਉਣਾ ਬੱਚਿਆਂ ਨੂੰ ਤੇ ਰਸੋਈ ਸਾਫ ਕਰਕੇ ਘਰ ਜਾ ਸਕਦਾ ਹੈ ਪਰ ਸਕੂਲਾਂ ਦੇ ਅਧਿਆਪਕ ਆਪਣਾ ਕਾਨੂੰਨ ਸਕੂਲਾਂ ਵਿਚ ਚਲਾਉਂਦੇ ਹਨ ਤੇ ਵਰਕਰਾਂ ਤੋਂ ਸਕੂਲਾਂ ਦੀ ਗਰਾਊਂਡਾ ਕਮਰਿਆਂ ਨਾਲੀਆਂ ਤੱਕ ਦੀ ਸਫਾਈ ਕਰਵਾਈ ਜਾਂਦੀ ਕਰਵਾਉਂਦੇ ਹਨ ਅਤੇ ਖਾਣਾ ਬੱਚਿਆਂ ਨੂੰ ਖਵਾਉਣ ਤੋਂ ਬਾਅਦ ਵੀ ਪੂਰੀ ਛੁੱਟੀ ਤੱਕ ਸਕੂਲਾਂ ਵਿਚ ਬੰਦੀ ਬਣਾਈ ਰੱਖਦੇ ਹਨ ਜੋ ਸਿੱਧੀ ਸਰਕਾਰ ਦੇ ਬਣਾਏ ਕਾਨੂੰਨ ਦੀ ਉਲੰਘਣਾ ਹੈ ਪਰ ਇਨ੍ਹਾਂ ਸਕੂਲਾਂ ਦੇ ਮੁਖੀਆਂ 'ਤੇ ਕੋਈ ਕਾਰਵਾਈ ਨਹੀਂ। ਕਈ ਸਕੂਲਾਂ ਵਿਚ ਜਬਰੀ ਵਰਕਰਾਂ ਨੂੰ ਕੱਢ ਦਿੱਤਾ ਜਾਂਦਾ ਹੈ। ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਚੋਣਾਂ ਸਮੇਂ ਬੜੇ ਵੱਡੇ ਵਾਅਦੇ ਕੀਤੇ ਸਨ ਪਰ ਸਰਕਾਰ ਨੇ ਆਪਣੇ ਕਾਰਜਕਾਲ ਵਿਚ ਵਰਕਰਾਂ ਦਾ ਵਾਅਦਾ ਪੂਰਾ ਨਹੀਂ ਕੀਤਾ। ਅੱਜ ਦੀ ਰੈਲੀ ਮੰਗ ਕਰਦੀ ਹੈ ਕਿ ਸਰਕਾਰ ਵਰਕਰਾਂ ਨੂੰ ਪੱਕਾ ਕਰੇ, ਪੰਜਾਬ ਤੇ ਕੇਂਦਰ ਸਰਕਾਰ ਵਰਕਰਾਂ ਨੂੰ ਡੀਸੀ ਰੇਟ ਮੁਤਾਬਕ ਤਨਖਾਹ ਦੇਵੇ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਜ਼ਦੂਰਾਂ, ਕਿਸਾਨਾਂ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਯੂਨੀਅਨ ਸੰਘਰਸ਼ਸ਼ੀਲ ਕਰਕੇ ਵੱਡੇ ਰੋਸ ਪ੍ਰਦਰਸ਼ਨ ਤੋਂ ਅਰਥੀ ਫੂਕ ਮੁਜ਼ਾਹਰੇ ਕਰੇਗੀ ਅਤੇ ਵਿਧਾਇਕ ਤੇ ਮੰਤਰੀ ਦਾ ਘਿਰਾਓ ਕਰੇਗੀ। ਇਸ ਮੌਕੇ ਰਚਨਾ, ਲਵਲੀ, ਕਸ਼ਮੀਰੋ, ਕਾਂਤਾ ਰਾਣੀ, ਮੱਖਣ ਡੇਵਿਡ, ਸੁਖਦੇਵ ਸਿੰਘ, ਪਰਮਜੀਤ ਸਿੰਘ, ਕਮਲਜੀਤ ਗੁਰਦੇਵ ਸਿੰਘ, ਦਿਆਲ ਸਿੰਘ, ਕੁਲਵਿੰਦਰ ਸਿੰਘ ਡਾਢਾ, ਪ੍ਰਭਜੋਤ ਸਿੰਘ ਕਾਲਾ ਅਗਫਾਨਾ ਆਦਿ ਵੱਡੀ ਗਿਣਤੀ ਵਿਚ ਸਕੂਲਾਂ ਦੇ ਕੁੱਕ ਅਤੇ ਸਫਾਈ ਵਰਕਰ ਹਾਜ਼ਰ ਸਨ।

ਨਵਾਂ ਜ਼ਮਾਨਾ
ਸੋਮਵਾਰ, 10 ਅਪ੍ਰੈਲ 2023

# ਗਊ ਹੱਤਿਆ ਦੇ ਦੋਸ਼ੀ ਨਿਕਲੇ ਹਿੰਦੂ ਮਹਾਂਸਭਾ ਵਾਲੇ

*ਗਊ ਹੱਤਿਆ ਦੇ ਨਾਂਅ 'ਤੇ ਬੇਦੋਸ਼ੇ ਮੁਸਲਿਮ ਨੌਜਵਾਨਾਂ ਨੂੰ ਕਿਸ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਸ ਦੀ ਹਕੀਕਤ ਬਿਆਨ ਕਰਦੇ ਦੋ ਮਾਮਲੇ ਸਾਹਮਣੇ ਆਏ ਹਨ। ਇਹ ਦੋਵੇਂ ਉੱਤਰ ਪ੍ਰਦੇਸ਼ ਨਾਲ ਸੰਬੰਧਤ ਹਨ, ਜਿਹੜਾ ਝੂਠੇ ਪੁਲਸ ਮੁਕਾਬਲਿਆਂ ਤੇ ਬੁਲਡੋਜ਼ਰ ਸੱਭਿਆਚਾਰ ਲਈ ਪਹਿਲਾਂ ਹੀ ਬਦਨਾਮ ਹੈ।*

*ਪਹਿਲਾ ਮਾਮਲਾ ਆਗਰਾ ਜ਼ਿਲ੍ਹੇ ਦਾ ਹੈ, ਜਿਥੇ ਰਾਮ ਨੌਮੀ ਮੌਕੇ ਮਾਹੌਲ ਖਰਾਬ ਕਰਨ ਲਈ ਹਿੰਦੂ ਮਹਾਂਸਭਾ ਨਾਲ ਸੰਬੰਧਤ ਵਿਅਕਤੀਆਂ ਵੱਲੋਂ ਇੱਕ ਸਾਜ਼ਿਸ਼ ਰਚੀ ਗਈ ਸੀ। ਇਸ ਦਾ ਮੁੱਖ ਸਾਜ਼ਿਸ਼ਕਰਤਾ ਹਿੰਦੂ ਮਹਾਂਸਭਾ ਦਾ ਕੌਮੀ ਬੁਲਾਰਾ ਸੰਜੈ ਜਾਟ ਸੀ। ਇਸ ਸਾਜ਼ਿਸ਼ ਅਧੀਨ ਉਸ ਸਮੇਤ ਮਹਾਂਸਭਾ ਦੇ ਚਾਰ ਅਹੁਦੇਦਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।*

*ਉੱਤਰ ਪ੍ਰਦੇਸ਼ ਵਿੱਚ ਗਊ ਹੱਤਿਆ ਵਿਰੋਧੀ ਸਖ਼ਤ ਕਾਨੂੰਨ ਹੈ, ਜਿਸ ਅਧੀਨ 10 ਸਾਲ ਦੀ ਸਜ਼ਾ ਤੇ 5 ਲੱਖ ਜੁਰਮਾਨਾ ਹੋ ਸਕਦਾ ਹੈ। ਆਗਰਾ ਦੇ ਛਾਤਾ ਇਲਾਕੇ ਵਿੱਚ ਰਾਮ ਨੌਮੀ ਉੱਤੇ ਗਊ ਹੱਤਿਆ ਹੋਈ ਸੀ। ਮੌਕੇ ਤੋਂ ਗਊ ਮਾਸ ਵੀ ਬਰਾਮਦ ਕੀਤਾ ਗਿਆ ਸੀ। ਇਸ ਦੀ ਖ਼ਬਰ ਫੈਲਣ ਉੱਤੇ ਹਿੰਦੂ ਮਹਾਂਸਭਾ ਦੇ ਅਹੁਦੇਦਾਰ ਮੌਕੇ ਉੱਤੇ ਪਹੁੰਚੇ ਤੇ ਇੱਕ ਅਹੁਦੇਦਾਰ ਜਿਤੇਂਦਰ ਕੁਸ਼ਵਾਹਾ ਵੱਲੋਂ ਮੁਹੰਮਦ ਰਿਜਵਾਨ, ਮੁਹੰਮਦ ਨਦੀਮ ਤੇ ਮੁਹੰਮਦ ਸ਼ਾਨੂ ਵਿਰੁੱਧ ਕੇਸ ਦਰਜ ਕਰਵਾਇਆ ਗਿਆ ਸੀ।*

*ਕੇਸ ਦੀ ਡੂੰਘਾਈ ਨਾਲ ਜਾਂਚ ਕਰਨ ਤੋਂ ਪਤਾ ਲੱਗਾ ਕਿ ਜਿਨ੍ਹਾਂ ਲੋਕਾਂ ਵਿਰੁੱਧ ਕੇਸ ਦਰਜ ਕਰਾਇਆ ਗਿਆ ਸੀ, ਉਹ ਜੁਰਮ ਵਾਲੀ ਥਾਂ 'ਤੇ ਪਿਛਲੇ ਇੱਕ ਮਹੀਨੇ ਤੋਂ ਗਏ ਹੀ ਨਹੀਂ ਸਨ। ਆਗਰਾ ਦੇ ਛਾਤਾ ਇਲਾਕੇ ਦੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਜਾਂਚ ਤੋਂ ਬਾਅਦ ਪਤਾ ਲੱਗਾ ਕਿ ਸੰਜੈ ਜਾਟ ਤੇ ਉਸ ਦੇ ਸਹਿਯੋਗੀਆਂ ਨੇ 29 ਮਾਰਚ ਦੀ ਰਾਤ ਨੂੰ ਮਹਿਤਾਬ ਬਾਗ ਇਲਾਕੇ ਵਿੱਚ ਇੱਕ ਗਾਂ ਦੀ ਹੱਤਿਆ ਕਰਕੇ ਮੁਸਲਮਾਨ ਨੌਜਵਾਨਾਂ ਵਿਰੁੱਧ ਕੇਸ ਦਰਜ ਕਰਾ ਦਿੱਤਾ, ਜਿਨ੍ਹਾਂ ਨਾਲ ਉਨ੍ਹਾਂ ਦੀ ਪੁਰਾਣੀ ਦੁਸ਼ਮਣੀ ਸੀ।*

*ਅਜਿਹੇ ਹੀ ਇੱਕ ਕੇਸ ਵਿੱਚ ਅਲਾਹਾਬਾਦ ਹਾਈਕੋਰਟ ਨੇ ਨਿਜ਼ਾਮੂਦੀਨ ਨਾਂਅ ਦੇ ਇੱਕ ਵਿਅਕਤੀ ਨੂੰ ਉਸ ਵਿਰੁੱਧ ਗਊ ਹੱਤਿਆ ਦੇ ਕੇਸ ਵਿੱਚ ਅਗਾਊਂ ਜ਼ਮਾਨਤ ਦਿੰਦਿਆਂ ਕਿਹਾ ਹੈ ਕਿ ਮੁਲਜ਼ਮ ਵਿਰੁੱਧ ਦਰਜ ਕੇਸ ਦੰਡ ਕਾਨੂੰਨ ਦੇ ਦੁਰਉਪਯੋਗ ਦੀ ਸਪੱਸ਼ਟ ਉਦਾਹਰਨ ਹੈ। ਜਸਟਿਸ ਫੈਜ਼ ਆਲਮ ਖਾਨ ਨੇ ਕੇਸ ਦੀ ਸੁਣਵਾਈ ਕਰਦਿਆਂ ਕਿਹਾ ਕਿ ਕਥਿਤ ਦੋਸ਼ੀ ਦੇ ਕਬਜ਼ੇ ਵਿੱਚੋਂ ਨਾ ਹੀ ਪਸ਼ੂ ਮਿਲਿਆ ਤੇ ਨਾ ਹੀ ਗਊ ਮਾਸ। ਮੌਕੇ ਤੋਂ ਇੱਕ ਰੱਸੀ ਤੇ ਕੁਝ ਗੋਹਾ ਬਰਾਮਦ ਕੀਤਾ ਗਿਆ ਸੀ। ਇਹ ਕੇਸ ਸੀਤਾਪੁਰ ਜ਼ਿਲ੍ਹੇ ਦੇ ਰਿਊਸਾ ਥਾਣੇ ਦਾ ਹੈ, ਜਿਥੇ ਕੁਝ ਵਿਅਕਤੀਆਂ ਦੇ ਬਿਆਨਾਂ ਉੱਤੇ ਕੇਸ ਦਰਜ ਕੀਤਾ ਗਿਆ ਸੀ ਜਿਨ੍ਹਾਂ ਇਹ ਦਾਅਵਾ ਕੀਤਾ ਸੀ ਕਿ ਉਨ੍ਹਾਂ ਉਕਤ ਵਿਅਕਤੀ ਨੂੰ ਇੱਕ ਗੰਨੇ ਦੇ ਖੇਤ ਵੱਲ ਵੱਛਾ ਲੈ ਕੇ ਜਾਂਦਿਆਂ ਦੇਖਿਆ ਸੀ। ਪਿੰਡਾਂ ਵਿੱਚ ਹਰ ਕੋਈ ਜਾਨਵਰ ਰੱਖਦਾ ਹੈ ਤੇ ਉਨ੍ਹਾਂ ਨੂੰ ਖੇਤਾਂ ਵਿੱਚ ਵੀ ਲੈ ਕੇ ਜਾਂਦਾ ਹੈ। ਇਸ ਕੇਸ ਵਿੱਚ ਚਾਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਹੈਰਾਨੀ ਤਾਂ ਇਹ ਹੈ ਕਿ ਜਾਂਚ ਅਧਿਕਾਰੀ ਨੇ ਗਊ ਮਾਸ ਨਾ ਮਿਲਣ 'ਤੇ ਗੋਹੇ ਨੂੰ ਹੀ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ। ਇਸ ਦੇ ਜਵਾਬ ਵਿੱਚ ਫੋਰੈਂਸਿਕ ਲੈਬ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਫੋਰੈਂਸਿਕ ਲੈਬ ਗਾਂ ਦੇ ਗੋਹੇ ਦੀ ਜਾਂਚ ਕਰਨ ਲਈ ਨਹੀਂ ਬਣਾਈ ਗਈ।*

*ਇਸ ਦੇ ਨਾਲ ਹੀ ਅਦਾਲਤ ਨੇ ਨਿਜ਼ਾਮੂਦੀਨ ਨੂੰ ਜ਼ਮਾਨਤ ਦਿੰਦਿਆਂ ਪੁਲਸ ਦੇ ਡੀ ਜੀ ਪੀ ਨੂੰ ਕਿਹਾ ਕਿ ਉਹ ਜਾਂਚ ਅਫ਼ਸਰਾਂ ਨੂੰ ਆਪਣੇ ਫਰਜ਼ਾਂ ਦੀ ਪਾਲਣਾ ਕਰਨ ਦਾ ਨਿਰਦੇਸ਼ ਦੇਣ। ਇਸ ਤੋਂ ਪਹਿਲਾਂ ਵੀ ਅਲਾਹਾਬਾਦ ਹਾਈਕੋਰਟ ਨੇ ਨਿਰਦੋਸ਼ ਵਿਅਕਤੀਆਂ ਨੂੰ ਫਸਾਏ ਜਾਣ ਉੱਤੇ ਗਊ ਹੱਤਿਆ ਕਾਨੂੰਨ ਦੀ ਦੁਰਵਰਤੋਂ ਉੱਤੇ ਚਿੰਤਾ ਜ਼ਾਹਰ ਕੀਤੀ ਸੀ। ਕੋਰਟ ਨੇ ਕਿਹਾ ਸੀ ਕਿ ਜਿਹੜਾ ਵੀ ਮਾਸ ਬਰਾਮਦ ਹੁੰਦਾ ਹੈ, ਉਸ ਨੂੰ ਬਿਨਾਂ ਕਿਸੇ ਫੋਰੈਂਸਿਕ ਜਾਂਚ ਦੇ ਗਊ ਮਾਸ ਕਹਿ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਬੇਕਸੂਰ ਲੋਕਾਂ ਨੂੰ ਨਹੱਕ ਫਸਾ ਦਿੱਤਾ ਜਾਂਦਾ ਹੈ। ਅਜਿਹੇ ਨਿਰਦੋਸ਼ ਵਿਅਕਤੀਆਂ ਨੂੰ ਅਜਿਹੇ ਅਪਰਾਧਾਂ ਲਈ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ, ਜੋ ਸ਼ਾਇਦ ਹੋਏ ਹੀ ਨਹੀਂ ਹੁੰਦੇ।*

# ਵਿਕਾਸ ਦਾ ਪੂੰਜੀਵਾਦੀ ਮਾਡਲ, ਬਿਰਧ ਆਸ਼ਰਮ ਨੂੰ ਜਾਂਦਾ ਰਾਹ


ਪਵਨ ਕੁਮਾਰ ਕੌਸ਼ਲ

ਜਦੋਂ ਤੋਂ ਮਨੁੱਖ ਦੀ ਉਤਪਤੀ ਹੋਈ ਹੈ, ਉਦੋਂ ਤੋਂ ਹੀ ਮਨੁੱਖ ਨੂੰ ਸ਼ਮਸ਼ਾਨਘਾਟ ਨੂੰ ਜਾਂਦੇ ਰਾਹ ਦਾ ਪਤਾ ਸੀ। ਯੁੱਗ ਭਾਵੇਂ ਮੁਢਕਦੀਮ ਕਬੀਲਿਆਂ ਦਾ ਸੀ, ਭਾਵੇਂ ਗੁਲਾਮੀ, ਜਗੀਰੂ ਜਾਂ ਫਿਰ ਮੌਜੂਦਾ ਸਰਮਾਏਦਾਰੀ ਦਾ, ਸ਼ਮਸ਼ਾਨਘਾਟ ਜਾਂ ਕਬਰਸਤਾਨ ਨੂੰ ਜਾਂਦੇ ਰਾਹ ਦਾ ਪਤਾ ਹੈ। ਇਹ ਵੱਖਰੀ ਗੱਲ ਹੈ ਕਿ ਹੁਣ ਜਾਤ-ਪਾਤ 'ਤੇ ਅਧਾਰਤ ਵੀ ਸ਼ਮਸ਼ਾਨਘਾਟ ਬਣੇ ਹੋਏ ਹਨ, ਰਜਵਾੜਿਆਂ ਦੇ ਅਲੱਗ, ਪਰ ਰਾਹ ਸਭ ਨੂੰ ਪਤਾ ਹੈ।

ਸਮਾਜ ਦੇ ਵਿਕਾਸ ਦੇ ਨਾਲ ਨਾਲ ਮਨੁੱਖ ਦਾ ਬੌਧਿਕ ਵਿਕਾਸ ਵੀ ਹੁੰਦਾ ਗਿਆ। ਉਸ ਦੀ ਵਿਆਕਤੀਗਤ, ਨਿੱਜੀ ਅਜ਼ਾਦੀ ਵਿੱਚ ਵੀ ਗੁਲਾਮੀ ਅਤੇ ਰਜਵਾੜਾਸ਼ਾਹੀ ਤੇ ਜਗੀਰੂ ਸਮੇਂ ਨਾਲੋ ਵਾਧਾ ਹੋਇਆ। ਗੁਲਾਮੀ ਯੁੱਗ ਅੰਦਰ ਮਨੁੱਖ ਗੁਲਾਮ ਸੀ, ਕੋਈ ਨਿੱਜੀ ਅਜ਼ਾਦੀ ਨਹੀ ਸੀ। ਰਜਵਾੜਾਸ਼ਾਹੀ ਅੰਦਰ ਨਿੱਜੀ ਅਜ਼ਾਦੀ ਵਿੱਚ ਕੁੱਝ ਰਾਹਤ ਮਿਲੀ। ਅੱਜ ਵੀ ਪੂੰਜੀਵਾਦੀ ਸਰਮਾਏਦਾਰੀ ਪ੍ਰਬੰਧ ਅਧੀਨ ਕਿਰਤੀ ਦੀ ਗੁਲਾਮੀ ਅਧੁਨਿਕ ਰੂਪ ਧਾਰਨ ਕਰ ਗਈ ਹੈ। ਰੁਪਏ-ਪੈਸੇ ਦੀ ਮਹੱਤਤਾ ਮਨੁੱਖੀ ਕਦਰਾਂ-ਕੀਮਤਾਂ ਨਾਲੋ -ਵੱਧ ਗਈ ਹੈ।

ਮਨੁੱਖ ਪੈਸੇ ਦੀ ਦੌੜ ਵਿੱਚ ਅੰਨ੍ਹਾ ਹੋਇਆ ਫਿਰਦਾ। ਸਰਮਾਏਦਾਰੀ ਪ੍ਰਬੰਧ ਨੇ ਮਨੁੱਖ ਦੁਆਲੇ ਪੈਸੇ ਦਾ ਐਸਾ ਮਕੜ ਜਾਲ ਵਿਛਾਇਆ ਹੋਇਆ ਕਿ ਮਨੁੱਖ ਲਈ ਇਸ ਵਿਚੋਂ ਨਿਕਲਣਾ ਮੁਸ਼ਕਲ ਹੋ ਗਿਆ ਹੈ। ਮਨੁੱਖ ਲਈ ਪੈਸਾ ਇੱਕ ਪਾਸੇ ਅਤੇ ਮਾਂ-ਬਾਪ, ਭੈਣ-ਭਰਾ ਤੇ ਰਿਸ਼ਤੇਨਾਤੇ ਇੱਕ ਪਾਸੇ ਰਹਿ ਗਏ।

ਪੂੰਜੀਵਾਦੀ ਪ੍ਰਬੰਧ ਅਧੀਨ ਪਰਵਾਰਕ ਰਿਸ਼ਤੇ ਨਾਤੇ ਕੋਈ ਮਾਇਨੇ ਨਹੀ ਰਖਦੇ। ਕਮਿਊਨਿਸਟ ਮੈਨੀਫੈਸਟੋ ਵਿੱਚ ਮਾਰਕਸ ਤੇ ਏਂਜਲ ਲਿਖਦੇ ਹਨ, 'ਬੁਰਜੂਆਜੀ ਨੇ, ਜਿੱਥੇ ਕਿਤੇ ਵੀ ਇਸ ਦਾ ਬੋਲਬਾਲਾ ਹੈ, ਉੱਥੇ ਸਾਰੇ ਜਗੀਰੂ, ਪੁਰਖ-ਪ੍ਰਧਾਨ, ਆਡੰਬਰਵਾਦੀ ਸੰਬੰਧਾਂ ਨੂੰ ਖ਼ਤਮ ਕਰ ਦਿੱਤਾ ਹੈ। ਇਸ ਨੇ ਬੇਰਹਿਮੀ ਨਾਲ ਉਨ੍ਹਾਂ ਵਿਭਿੰਨ ਜਗੀਰੂ ਰਿਸ਼ਤਿਆਂ ਨੂੰ ਤੋੜ ਦਿੱਤਾ ਹੈ, ਜੋ ਮਨੁੱਖ ਨੂੰ ਉਸ ਦੇ 'ਕੁਦਰਤੀ ਵਡੇਰਿਆਂ' ਨਾਲ ਜੋੜਦੇ ਹਨ ਅਤੇ ਮਨੁੱਖ ਅਤੇ ਮਨੁੱਖ ਵਿਚਕਾਰ ਨੰਗੇ ਸਵੈ-ਹਿੱਤ ਤੋਂ ਇਲਾਵਾ, ਬੇਰਹਿਮ 'ਨਕਦ ਭੁਗਤਾਨ' ਤੋਂ ਇਲਾਵਾ ਹੋਰ ਕੋਈ ਗਠਜੋੜ ਨਹੀਂ ਬਚਿਆ ਹੈ। ਇਸ ਨੇ ਧਾਰਮਕ ਜਜ਼ਬੇ ਦੇ ਸਭ ਤੋਂ ਸਵਰਗੀ ਅਨੰਦ ਨੂੰ, ਸਰੇਆਮ ਜੋਸ਼, ਧਰਮਵਾਦੀ ਭਾਵਨਾਤਮਕਤਾ ਦੇ, ਹੰਕਾਰ ਦੇ ਹਿਸਾਬ ਦੇ ਬਰਫੀਲੇ ਪਾਣੀਆਂ ਵਿੱਚ ਡੋਬ ਦਿੱਤਾ ਹੈ। ਇਸ ਨੇ ਨਿੱਜੀ ਮੁੱਲ ਨੂੰ ਵਟਾਂਦਰਾ ਮੁੱਲ ਵਿੱਚ ਬਦਲ ਦਿਤਾ ਹੈ, ਅਤੇ ਅਣਗਿਣਤ ਅਸੰਭਵ ਚਾਰਟਰਡ ਸੁਤੰਤਰਤਾਵਾਂ ਦੀ ਥਾਂ 'ਤੇ ਉਸ ਇਕਹਿਰੀ, ਬੇਲੋੜੀ ਆਜ਼ਾਦੀ, ਮੁਕਤ ਵਪਾਰ ਦੀ ਸਥਾਪਨਾ ਕੀਤੀ ਹੈ। ਇਕ ਸ਼ਬਦ ਵਿਚ, ਸ਼ੋਸ਼ਣ ਲਈ, ਧਾਰਮਿਕ ਅਤੇ ਰਾਜਨੀਤਕ ਭਰਮਾਂ ਦੁਆਰਾ ਪਰਦਾ ਪਾ ਕੇ, ਇਸ ਨੇ ਨੰਗੀ, ਬੇਸ਼ਰਮੀ, ਸਿੱਧੀ, ਵਹਿਸ਼ੀਆਨਾ ਸ਼ੋਸ਼ਣ ਦੀ ਥਾਂ ਲੈ ਲਈ ਹੈ।

ਅਸੀਂ 'ਉਮਰ ਦੇ ਵਿਸਫੋਟ/ ਬੁਢਾਪੇ' ਦੇ ਪ੍ਰਭਾਵ ਬਾਰੇ ਡਰ ਅਤੇ ਵੱਡੀ ਗਿਣਤੀ ਵਿੱਚ ਬਜ਼ੁਰਗ ਲੋਕਾਂ ਦੇ ਆਰਥਕ ਅਤੇ ਸਮਾਜਕ ਬੋਝ ਬਾਰੇ ਨਿਰਾਸ਼ਾਵਾਦ ਬਾਰੇ ਸੁਣਦੇ ਹਾਂ। ਪੂੰਜੀਵਾਦੀ ਸਮਾਜ ਦੇ ਅੰਦਰ ਬਜ਼ੁਰਗਾਂ ਨੇ ਹੁਣ ਇੱਕ ਸਮਾਜਕ ਸਮੱਸਿਆ ਦਾ ਦਰਜਾ ਪ੍ਰਾਪਤ ਕਰ ਲਿਆ ਹੈ, ਉਹਨਾਂ ਦੀ ਭਟਕਣਾ ਅਤੇ ਸਮਾਜਕ ਨਿਯੰਤਰਣ ਬਾਰੇ ਦਿੱਖ ਨੌਜਵਾਨਾਂ ਦੇ ਨਾਲ ਰਵਾਇਤੀ ਰੁਝੇਵਿਆਂ ਵਿੱਚ ਕਮਜ਼ੋਰੀ ਨੂੰ ਦਰਸਾਉਂਦੀ ਹੈ। ਕੁਰਬਾਨੀ ਅਤੇ ਸਮਾਯੋਜਨ ਉਹ ਸ਼ਬਦ ਹਨ, ਜੋ ਸਾਡੇ ਪਰਵਾਰਕ ਜੀਵਨ ਵਿੱਚੋਂ ਤੇਜ਼ੀ ਨਾਲ ਅਲੋਪ ਹੋ ਰਹੇ ਹਨ। ਸਿੱਟੇ ਵਜੋਂ ਬਜ਼ੁਰਗਾਂ ਨੂੰ ਪਰਵਾਰ ਦੇ ਛੋਟੇ ਲੋਕਾਂ ਨਾਲ ਅਨੁਕੂਲ ਹੋਣਾ ਮੁਸ਼ਕਲ ਹੋ ਰਿਹਾ ਹੈ।

ਪੂੰਜੀਵਾਦੀ ਪ੍ਰਬੰਧ ਅਧੀਨ ਕਿਸੇ ਵਸਤੂ ਦੀ ਕੀਮਤ ਉਸ ਦੀ ਉਪਯੋਗਤਾ ਉੱਪਰ ਨਿਰਭਰ ਕਰਦੀ ਹੈ। ਜਿਸ ਵਸਤੂ ਦੀ ਉਪਯੋਗਤਾ ਬਿਲਕੁਲ ਨਾ ਹੋਵੇ ਤਾਂ ਉਸ ਦੀ ਕੋਈ ਕੀਮਤ ਵੀ ਨਹੀ ਹੋਵੇਗੀ। ਇਸ ਆਰਥਕ ਸਮਾਜਕ ਪ੍ਰਬੰਧ ਅਧੀਨ ਮਨੁੱਖ ਨੂੰ ਇਸੇ ਸ਼੍ਰੇਣੀ ਵਿੱਚ ਰੱਖਿਆ ਗਿਆ ਸਮਝਿਆ ਜਾਂਦਾ ਹੈ। ਜਦੋਂ ਮਨੁੱਖ ਕੋਈ ਕੰਮ ਕਰਨੋਂ ਅਪਾਹਜ ਜਾਂ ਅਸਮਰਥ ਹੋ ਜਾਏ ਤਾਂ ਪੂੰਜੀਵਾਦ ਉਸ ਨੂੰ ਆਪਣੀ ਆਰਥਕਤਾ ਉਪਰ ਇੱਕ ਬੋਝ ਦੀ ਤਰ੍ਹਾਂ ਹੀ ਲੈਂਦਾ ਹੈ। ਉਸ ਦੀ ਕਦਰ-ਕੀਮਤ ਅਤੇ ਪੁੱਛਗਿੱਛ ਘਟ ਜਾਂਦੀ ਹੈ।

ਇਸ ਬਾਰੇ ਮਾਰਕਸ ਨੇ 'ਪੂੰਜੀ' ਜਿਲਦ ਇੱਕ ਚੈਪਟਰ ਕੀਮਤ (ਵੈਲਊ) ਵਿੱਚ ਲਿਖਿਆ ਹੈ, 'ਇੱਕ ਵਸਤੂ ਬਣਨ ਲਈ ਇੱਕ ਉਤਪਾਦ ਨੂੰ ਕਿਸੇ ਹੋਰ ਨੂੰ ਟ੍ਰਾਂਸਫਰ/ਤਬਦੀਲ ਕੀਤਾ ਜਾਣਾ ਚਾਹੀਦਾ ਹੈ, ਜਿਸ ਨੂੰ ਇਹ ਇੱਕ ਐਕਸਚੇਂਜ/ਬਦਲ ਦੇ ਮਾਧਿਅਮ ਦੁਆਰਾ ਇੱਕ ਵਰਤੋਂ ਮੁੱਲ ਵਜੋਂ ਕੰਮ ਕਰੇਗਾ। ਅੰਤ ਵਿੱਚ ਉਪਯੋਗਤਾ ਦੀ ਵਸਤੂ ਹੋਣ ਤੋਂ ਬਿਨਾਂ ਕਿਸੇ ਵੀ ਚੀਜ਼ ਦਾ ਮੁੱਲ ਨਹੀਂ ਹੋ ਸਕਦਾ। ਜੇ ਚੀਜ਼ ਬੇਕਾਰ ਹੈ, ਤਾਂ ਇਸ ਵਿੱਚ ਕਿਰਤ ਤਾਂ ਹੈ, ਪਰ ਕਿਰਤ ਨੂੰ ਕਿਰਤ ਨਹੀਂ ਗਿਣਿਆ ਜਾਂਦਾ ਅਤੇ ਇਸ ਲਈ ਕੋਈ ਮੁੱਲ ਨਹੀਂ ਪੈਦਾ ਕਰਦਾ।'

ਅਜਿਹੇ ਹਾਲਾਤ ਅੰਦਰ ਬਜ਼ੁਰਗਾਂ ਲਈ 'ਬਿਰਧ-ਆਸ਼ਰਮਾਂ' ਦਾ ਅਵਿਸ਼ਕਾਰ ਹੋਇਆ ਹੈ। ਜਗੀਰੂ ਪ੍ਰਬੰਧ ਅਧੀਨ ਨਾ ਮਾਤਰ ਆਮਦਨ ਵਾਲੇ ਗਰੀਬ ਤਬਕੇ ਦੀ ਰੋਜ਼ੀ-ਰੋਟੀ ਬੜੀ ਮੁਸ਼ਕਲ ਨਾਲ ਚਲਦੀ ਹੁੰਦੀ ਹੈ। ਜਦੋਂ ਘਰ ਦਾ ਕੋਈ ਕਮਾਊ ਬੰਦਾ ਕੰਮ ਕਰਨੋ ਅਸਮਰਥ ਹੋ ਜਾਵੇ ਜਾਂ ਫਿਰ ਕੋਈ ਬਜ਼ੁਰਗ ਅਵਸਥਾ ਵਿੱਚ ਹੋਵੇ ਤਾਂ ਪਰਵਾਰ ਦਾ ਰੋਟੀ-ਪਾਣੀ ਚਲਣਾ ਹੋਰ ਵੀ ਔਖਾ ਹੋ ਜਾਂਦਾ ਹੈ। ਅਪਾਹਜ ਵਿਅਕਤੀ ਜਾਂ ਮੰਦਬੁੱਧੀ ਨੂੰ ਤਾਂ ਪਿੰਗਲਵਾੜੇ ਭੇਜ ਦਿੱਤਾ ਜਾਂਦਾ ਅਤੇ ਬਜ਼ੁਰਗ ਲਈ ਸਮੇਂ ਦੀ ਲੋੜ ਅਨੁਸਾਰ ਬਿਰਧ-ਆਸ਼ਰਮ ਹੋਂਦ ਵਿੱਚ ਆ ਗਏ। ਇਨ੍ਹਾਂ ਆਸ਼ਰਮਾਂ ਨੂੰ ਸਮਾਜ ਸੇਵੀ ਜਥੇਬੰਦੀਆਂ ਅਤੇ ਡੇਰਿਆਂ ਦੇ ਸਾਧਾਂ ਵਲੋਂ ਚਲਾਇਆ ਜਾਂਦਾ। ਸਰਕਾਰ ਵੱਲੋਂ ਕੋਈ ਸਹਾਇਤਾ ਜਾਂ ਪ੍ਰਬੰਧ ਨਹੀ ਕੀਤਾ ਹੋਇਆ।

ਅੱਜ ਅਸੀਂ ਪੂਰੇ ਭਾਰਤ ਵਿੱਚ ਓਲਡ ਏਜ ਹੋਮਜ਼ ਦੇ ਵਾਧੇ ਨੂੰ ਦੇਖ ਕੇ ਘਬਰਾ ਰਹੇ ਹਾਂ। ਓਲਡ ਏਜ ਹੋਮ ਕਿਉਂ? ਅਸੀਂ ਕਦੇ ਇੱਕ ਛੱਤ ਹੇਠ ਇੱਕ ਸੰਯੁਕਤ ਪਰਵਾਰ ਦੇ ਰੂਪ ਵਿੱਚ ਵੱਖ-ਵੱਖ ਖ਼ੂਨ ਦੇ ਰਿਸ਼ਤੇਦਾਰਾਂ - ਪਿਤਾ, ਮਾਤਾ, ਦਾਦੀ, ਦਾਦਾ, ਦਾਦਾ, ਚਾਚਾ, ਚਾਚੀ, ਪੋਤੇ-ਪੋਤੀਆਂ ਅਤੇ ਹੋਰ ਬਹੁਤ ਸਾਰੇ ਨਾਲ ਏਕਤਾ ਵਿੱਚ ਰਹਿੰਦੇ ਸੀ, ਹੁਣ ਇਕੱਲੇਪਣ ਦੀ ਤਰਸਯੋਗ ਜ਼ਿੰਦਗੀ ਜੀ ਰਹੇ ਹਾਂ।

ਪੀੜ੍ਹੀਆਂ ਤੋਂ ਭਾਰਤ ਵਿੱਚ ਸੰਯੁਕਤ ਪਰਵਾਰ ਜਾਂ ਅਣਵੰਡੇ ਪਰਵਾਰ ਦੀ ਪ੍ਰਚੱਲਤ ਪਰੰਪਰਾ ਰਹੀ ਹੈ। ਇਹ ਪ੍ਰਣਾਲੀ ਇੱਕ ਵਿਸਤ੍ਰਿਤ ਪਰਿਵਾਰਕ ਪ੍ਰਬੰਧ ਹੈ, ਜੋ ਪੂਰੇ ਭਾਰਤੀ ਉਪ-ਮਹਾਂਦੀਪ ਵਿੱਚ ਪ੍ਰਚੱਲਤ ਹੈ, ਖਾਸ ਤੌਰ 'ਤੇ ਭਾਰਤ ਵਿੱਚ, ਜਿਸ ਵਿੱਚ ਇੱਕੋ ਘਰ ਵਿੱਚ ਰਹਿੰਦੀਆਂ ਕਈ ਪੀੜ੍ਹੀਆਂ ਸ਼ਾਮਲ ਹੁੰਦੀਆਂ ਹਨ, ਸਾਰੀਆਂ ਸਾਂਝਾਂ ਇੱਕ ਰਿਸ਼ਤੇ ਨਾਲ ਬੱਝੀਆਂ ਹੁੰਦੀਆਂ ਹਨ।

ਜੇ ਬਿਰਧ ਆਸ਼ਰਮਾਂ ਨੂੰ ਸਮਾਜਕ ਪੱਖੋਂ ਦੇਖਿਆ ਜਾਵੇ ਤਾਂ ਇਹ ਇੱਕ ਸਰਾਪ ਹੈ, ਜਦੋਂ ਬੱਚੇ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦੀ ਬਜਾਏ ਉਨ੍ਹਾਂ ਨੂੰ ਬਿਰਧ ਆਸ਼ਰਮ ਵਿੱਚ ਭੇਜ ਦਿੰਦੇ ਹਨ ਅਤੇ ਉਹ ਵੀ ਜਦੋਂ ਮਾਤਾ-ਪਿਤਾ ਨੇ ਆਪਣੀ ਸਾਰੀ ਉਮਰ ਬੱਚਿਆਂ ਦੀ ਭਲਾਈ ਵਿੱਚ ਲਗਾ ਦਿੱਤੀ। ਇਹ ਉਨ੍ਹਾਂ ਬੱਚਿਆਂ ਲਈ ਵਰਦਾਨ ਬਣ ਗਿਆ ਹੈ, ਜੋ ਆਪਣੇ ਬੁੱਢੇ ਮਾਂ-ਬਾਪ ਨੂੰ ਬੋਝ ਸਮਝਦੇ ਹਨ ਅਤੇ ਉਨ੍ਹਾਂ ਲਈ ਸਮਾਂ ਨਹੀਂ ਦੇ ਪਾ ਰਹੇ।

ਜੇਕਰ ਕਦੀ ਵਰਿੰਦਾਬਣ ਜਾਣ ਦਾ ਮੌਕਾ ਮਿਲੇ ਤਾਂ ਉਥੇ ਗਲੀ-ਮੁਹੱਲਿਆਂ ਵਿੱਚ ਖੁੱਲ੍ਹੇ ਬਿਰਧ ਆਸ਼ਰਮਾਂ ਵਿੱਚ ਵਿਧਵਾਵਾਂ ਤਰਸਯੋਗ ਹਾਲਤ ਵਿੱਚ ਮਿਲਣਗੀਆਂ। ਪੂੰਜੀਵਾਦ ਦੇ ਵਿਕਾਸ ਦੇ ਨਾਲ ਬਿਰਧ ਆਸ਼ਰਮਾਂ ਵਿੱਚ ਜਾਣ ਵਾਲੇ ਬਜ਼ੁਰਗ ਹੁਣ ਚੰਗੇ ਖਾਂਦੇ-ਪੀਂਦੇ ਘਰਾਂ ਦੀ ਔਲਾਦ ਵੀ ਆਪਣੇ ਬਿਰਧ ਮਾਂ-ਬਾਪ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਆਉਂਦੇ ਹਨ।

ਪੂੰਜੀਵਾਦ ਦੀ ਚਕਾਚੌਂਧ ਦੇ ਮਕੜ ਜਾਲ 'ਚ ਫਸੇ ਲੋਕ ਆਪਣੇ ਬਿਰਧ ਮਾਂ-ਬਾਪ ਦੀ ਦੇਖਭਾਲ ਲਈ ਕੋਈ ਸਹਾਇਕ ਰੱਖ ਕਿ ਮਾਂ-ਬਾਪ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਨ। ਮਾਂ ਬਾਪ ਆਪਣੇ ਪੁੱਤਰਾਂ ਕੋਲੋਂ ਸੇਵਾ ਕਰਵਾਉਣ ਅਤੇ ਉਨ੍ਹਾਂ ਦੇ ਪਿਆਰ ਤੋਂ ਵਾਂਝੇ ਹੋ ਜਾਂਦੇ ਹਨ ਅਤੇ ਇਕੱਲਾਪਣ ਮਹਿਸੂਸ ਕਰਨ ਲੱਗਦੇ ਹਨ, ਜਿਸ ਕਾਰਨ ਮਾਨਸਕ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ।

ਨੈਸ਼ਨਲ ਕਾਊਂਸਲ ਆਫ ਏਜਿੰਗ ਮੁਤਾਬਕ 92 ਫੀਸਦੀ ਬਜ਼ੁਰਗ ਘੱਟੋ-ਘੱਟ ਦੋ ਚਿਰਕਾਲੀਨ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ, ਜਿਹੜੀਆਂ ਡਿਪਰੈਸ਼ਨ, ਇਕੱਲਾਪਣ, ਦਿਲ ਦੇ ਰੋਗਾਂ,ਸਟਰੋਕ, ਕੈਂਸਰ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਆਦਿ ਬਿਮਾਰੀਆਂ ਤੋਂ ਪੀੜਤ ਹੁੰਦੇ ਹਨ। ਇਸ ਅਵਸਥਾ ਵਿੱਚ ਸਿਹਤ ਉਪਰ ਆਰਥਕ ਬੋਝ ਬਹੁਤ ਜ਼ਿਆਦਾ ਵਧ ਜਾਂਦਾ ਹੈ। ਅਜਿਹੀ ਹਾਲਤ ਵਿੱਚ ਬਜ਼ੁਰਗਾਂ ਨੂੰ ਦੇਖਭਾਲ ਲਈ ਆਪਣੇ ਬੱਚਿਆਂ ਦੀ ਵਧੇਰੇ ਲੋੜ ਹੁੰਦੀ ਹੈ, ਪ੍ਰੰਤੂ ਸਿਸਟਮ ਦੀ ਤ੍ਰਾਸਦੀ ਇਹ ਹੈ ਕਿ ਨੌਜਵਾਨ ਜੋੜੇ ਛੋਟੇ ਪਰਵਾਰਾਂ ਨੰ ਤਰਜੀਹ ਦੇ ਰਹੇ ਹਨ, ਤਦੇ ਹੀ ਉਹ ਸਮਾਜ ਤੋਂ ਅਲੱਗ-ਥਲੱਗ ਹੋਏ ਆਪਣੇ ਪਰਵਾਰਾਂ ਦੇ ਬਜ਼ੁਰਗਾਂ ਨੂੰ ਇਕੱਲੇ ਰਹਿਣ ਜਾਂ ਫਿਰ ਬਿਰਧ ਆਸ਼ਰਮਾਂ ਵਿੱਚ ਜਾਣ ਲਈ ਮਜ਼ਬੂਰ ਕਰ ਦਿੰਦੇ ਹਨ।

ਇਸ ਸ਼ੋਸ਼ਣਕਾਰੀ ਪੂੰਜੀਵਾਦੀ ਸਮਾਜ ਅੰਦਰ ਪੈਸੇ ਦੀ ਦੌੜ ਮਾਂ-ਬਾਪ, ਭੈਣ-ਭਰਾ ਅਤੇ ਰਿਸ਼ਤੇ-ਨਾਤੇ ਸਭ ਭੁਲਾ ਦਿੰਦੀ ਹੈ। ਪਤੀ ਪਤਨੀ ਦੋਵਾਂ ਦੇ ਦਫਤਰਾਂ, ਕੰਪਨੀਆਂ ਵਿੱਚ 10-10 ਘੰਟੇ ਕੰਮ ਕਰਨ ਕਾਰਨ ਉਨ੍ਹਾਂ ਕੋਲ ਬਜ਼ੁਰਗ ਮਾਂ-ਬਾਪ ਦੀ ਦੇਖ ਭਾਲ ਕਰਨ ਲਈ ਕੋਈ ਸਮਾਂ ਹੀ ਨਹੀ ਹੁੰਦਾ। ਜੇ ਕੁਝ ਬਚਦਾ ਵੀ ਹੋਵੇ, ਉਹ ਬੱਚਿਆਂ ਦੀ ਪੜ੍ਹਾਈ ਅਤੇ ਸਕੂਲੋਂ ਮਿਲੇ ਹੋਮ ਵਰਕ ਕਰਵਾਉਣ ਵਿੱਚ ਲਗਾ ਦਿੰਦੇ ਹਨ। ਇਥੇ ਵੀ ਮਾਂ-ਬਾਪ ਇਕੱਲੇਪਣ ਦਾ ਸ਼ਿਕਾਰ ਹੋ ਜਾਂਦੇ ਹਨ।

ਮਾਂ-ਬਾਪ ਦੀ ਇਸ ਜ਼ਿੰਮੇਵਾਰੀ ਤੋਂ ਮੁਕਤ ਹੋਣ ਲਈ ਉਹ ਉਨ੍ਹਾਂ ਨੂੰ ਅਜਿਹੇ ਬਿਰਧ ਆਸ਼ਰਮਾਂ 'ਚ ਛੱਡ ਆਉਂਦੇ ਹਨ, ਜਿਥੇ ਥਰੀਸਟਾਰ ਹੋਟਲਾਂ ਵਰਗੀਆਂ ਸਹੂਲਤਾਂ ਮਿਲਦੀਆਂ ਹੋਣ, ਪ੍ਰੰਤੂ ਮਾਪੇ ਇਥੇ ਵੀ ਬੁਢਾਪੇ ਵਿੱਚ ਸਹਾਰਾ ਬਣਨ ਵਾਲੀ ਔਲਾਦ ਦੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹਾ ਹੀ ਕਹਿਣ ਨੂੰ ਇੱਕ ਬਿਰਧ ਆਸ਼ਰਮ 'ਹੈਵਨਲੀ ਪੈਲੇਸ' ਦੋਰਾਹਾ ਵਿਖੇ ਹੈ, ਜਿਸ ਵਿੱਚ ਜੀਵਨ ਦੀਆਂ ਸਭ ਲੋੜਾਂ ਸਿਵਾਏ ਔਲਾਦ ਦੇ ਪਿਆਰ ਤੋਂ ਮੌਜੂਦ ਹਨ। ਇਥੇ 250-300 ਦੇ ਕਰੀਬ ਬਜ਼ੁਰਗ ਰਹਿੰਦੇ ਹਨ। ਇਸੇ ਤਰ੍ਹਾਂ ਜਿਹੜੇ ਪਰਵਾਰ ਬਾਹਰਲੇ ਦੇਸ਼ਾਂ 'ਚ ਚਲੇ ਜਾਂਦੇ ਹਨ, ਉਹ ਵੀ ਆਪਣੇ ਬਜ਼ੁਰਗ ਮਾਂ-ਬਾਪ ਨੂੰ ਅਜਿਹੇ ਬਿਰਧ-ਆਸ਼ਰਮਾਂ ਵਿੱਚ ਛੱਡ ਜਾਂਦੇ ਹਨ ਅਤੇ ਮੁੜ ਉਨ੍ਹਾਂ ਦੀ ਖ਼ਬਰ ਨਹੀ ਲੈਂਦੇ।

ਬਜ਼ੁਰਗਾਂ ਲਈ ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਕਿ ਜਿਹੜੀ ਔਲਾਦ ਨੂੰ ਉਨ੍ਹਾਂ ਬੜੇ ਚਾਵਾਂ-ਲਾਡਾਂ ਨਾਲ ਇਸ ਆਸ ਨਾਲ ਪਾਲਿਆ ਹੋਵੇ ਕਿ ਉਹ ਬੁਢਾਪੇ ਵਿੱਚ ਉਨ੍ਹਾਂ ਦੀ ਡੰਗੋਰੀ ਬਣਨਗੇ, ਉਨ੍ਹਾਂ ਨੂੰ ਕੀ ਪਤਾ ਸੀ ਕਿ ਉਹ ਇਸ ਲੁੱਟ-ਖਸੁੱਟ 'ਤੇ ਅਧਾਰਤ ਪੂੰਜੀਵਾਦੀ ਸਮਾਜ ਦੀ ਚਕਾਚੌਂਧ ਅੰਦਰ ਉਨ੍ਹਾਂ ਤੋਂ ਮੂੰਹ ਮੋੜ ਲੈਣਗੇ ਅਤੇ ਇਸ ਗੱਲ ਤੋਂ ਵੀ ਅਣਜਾਣ ਰਹੇ ਕਿ ਵਿਕਾਸ ਦਾ ਇਹ ਪੂੰਜੀਵਾਦੀ ਮਾਡਲ ਉਨ੍ਹਾਂ ਨੂੰ ਬਿਰਧ-ਆਸ਼ਰਮਾਂ ਦੇ ਰਾਹ ਪਾ ਦੇਵੇਗਾ।

**# ਸੰਪਰਕ : 98550-04500**

# ਅਸੀਂ ਕਿੰਨੇ ਕੁ ਪੜ੍ਹੇ-ਲਿਖੇ ਹਾਂ !


ਵਿਸ਼ਵਾ ਮਿੱਤਰ ਬੰਮੀ

ਸ਼ਾਇਦ ਕੋਈ ਸੋਚਦਾ ਹੋਵੇ ਕਿ ਉਸ ਨੇ ਬੀ. ਏ, ਐੱਮ. ਏ ਜਾਂ ਇੰਜੀਨੀਅਰਿੰਗ ਕਰ ਲਈ ਹੈ ਅਤੇ ਉਹ ਬਹੁਤ ਪੜ੍ਹਿਆ-ਲਿਖਿਆ ਹੈ, ਪਰ ਵਾਸਤਵਿਕਤਾ ਵਿਚ ਸਕੂਲਾਂ, ਕਾਲਜਾਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ ਹੀ ਕੇਵਲ ਪੜ੍ਹਨਾ ਲਿਖਣਾ ਨਹੀਂ ਹੁੰਦਾ। ਵੇਖਣਾ ਤਾਂ ਇਹ ਹੈ ਕਿ ਉਸ ਨੂੰ ਪ੍ਰਾਪਤ ਕੀਤੀਆਂ ਡਿਗਰੀਆਂ ਜਾਂ ਸਰਟੀਫਿਕੇਟਾਂ ਦਾ ਰੋਜ਼ਾਨਾ ਦੀ ਜ਼ਿੰਦਗੀ ਵਿਚ ਕੋਈ ਲਾਭ ਹੈ ਜਾਂ ਉਸ ਨੂੰ ਕੋਈ ਕੰਮ ਕਰਨ ਵੇਲੇ ਜਾਂ ਵਿਚਾਰ ਦੇਣ ਵੇਲੇ ਉਸ ਦੀ ਪੜ੍ਹਾਈ ਕੋਈ ਲਾਭ ਵੀ ਦੇਂਦੀ ਹੈ? ਇੱਕ ਵਿਗਿਆਨ ਅਧਿਆਪਕ ਜਾਂ ਪ੍ਰੋਫੈਸਰ ਹੁੰਦਾ ਹੈ, ਉਸ ਨੇ ਆਪ ਵੀ ਪੜ੍ਹਿਆ ਹੁੰਦਾ ਹੈ ਅਤੇ ਵਿਦਿਆਰਥੀਆਂ ਨੂੰ ਵੀ ਪੜ੍ਹਾਉਂਦਾ ਹੈ ਕਿ ਸੂਰਜ ਗ੍ਰਹਿਣ ਜਾਂ ਚੰਦਰ ਗ੍ਰਹਿਣ ਕੋਈ ਅਲੌਕਿਕ ਵਰਤਾਰਾ ਨਹੀਂ ਅਤੇ ਨਾ ਹੀ ਕਿਸੇ ਰਾਹੂ-ਕੇਤੂ ਦਾ ਕੋਈ ਕਾਰਨਾਮਾ ਹੈ, ਇਸ ਨਾਲ ਤਾਂ ਕੇਵਲ ਸੂਰਜੀ ਰੌਸ਼ਨੀ ਦੇ ਰੁਕ ਜਾਣ ਕਾਰਣ ਚੰਦਰਮਾ ਜਾਂ ਸੂਰਜ ਦਾ ਕੁਝ ਭਾਗ ਜਾਂ ਸਾਰਾ ਭਾਗ ਕਾਲਾ ਜਾਂ ਭੂਰਾ ਜਿਹਾ ਵਿਖਾਈ ਦੇਂਦਾ ਹੈ, ਪਰ ਜੇਕਰ ਉਹੀ ਅਧਿਆਪਕ ਜਾਂ ਪ੍ਰੋਫੈਸਰ ਗ੍ਰਹਿਣ ਵਾਲੇ ਦਿਨ ਕਿਸੇ ਧਾਰਮਕ ਅਦਾਰੇ ਵਿਚ ਗ੍ਰਹਿਣ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਪੂਜਾ ਪਾਠ ਲਈ ਚਲਾ ਜਾਂਦਾ ਹੈ ਜਾਂ ਦੂਜੇ ਦਿਨ ਖਾਣ ਵਾਲੇ ਸਮਾਨ ਵਿਚ ਘਾਹ ਰੱਖ ਦੇਂਦਾ ਹੈ ਤਾਂ ਉਸ ਕੋਲ ਡਿਗਰੀਆਂ ਤਾਂ ਜ਼ਰੂਰ ਹੋਣਗੀਆਂ, ਪਰ ਉਸ ਨੂੰ ਪੜ੍ਹਿਆ-ਲਿਖਿਆ ਨਹੀਂ ਕਿਹਾ ਜਾ ਸਕਦਾ। ਇਹ ਉਨ੍ਹਾਂ 'ਤੇ ਵੀ ਲਾਗੂ ਹੁੰਦਾ ਹੈ, ਜਿਨ੍ਹਾਂ ਪੜ੍ਹਿਆ ਅਤੇ ਪੜ੍ਹਾਇਆ ਹੈ ਕਿ ਸੂਰਜ ਦੁਆਲੇ ਘੁੰਮਣ ਵਾਲੇ ਗ੍ਰਹਿਆਂ ਦਾ ਸਾਡੇ 'ਤੇ ਕੋਈ ਅਸਰ ਨਹੀਂ, ਪਰ ਕਿਸੇ ਪੰਡਤ ਜਾਂ ਜੋਤਿਸ਼ੀ ਦੇ ਕਹਿਣ ਤੇ ਮੰਨ ਲੈਂਦੇ ਹਨ ਕਿ ਉਹਨਾਂ ਦਾ ਬੇਟਾ ਜਾਂ ਬੇਟੀ ਮੰਗਲੀਕ ਹੈ। ਇਹ ਵੀ ਨਹੀਂ ਸੋਚਦੇ ਕਿ ਪੰਡਤ ਜਾਂ ਜੋਤਿਸੀ ਕੀ ਉਹਨਾਂ ਤੋਂ ਜ਼ਿਆਦਾ ਪੜ੍ਹਿਆ ਹੈ ਜਾਂ ਵੱਧ ਗਿਆਨ ਰੱਖਦਾ ਹੈ? ਇਹ ਵੀ ਨਹੀਂ ਸੋਚਦੇ ਕਿ ਧਰਤੀ ਤੋਂ ਦੋ ਕਰੋੜ ਕਿਲੋਮੀਟਰ ਤੋਂ ਵੱਧ ਦੂਰੀ 'ਤੇ ਘੁੰਮ ਰਿਹਾ ਮੰਗਲ ਬੇਟੇ, ਬੇਟੀਆਂ ਦੇ ਵਿਆਹ ਵਿੱਚ ਕਿਵੇਂ ਆਪਣੀ ਟੰਗ ਅੜਾ ਸਕਦਾ ਹੈ। ਜਿਹੜੇ ਜੀਵ ਵਿਗਿਆਨ ਦੀ ਉੱਚ ਡਿਗਰੀ ਪ੍ਰਾਪਤ ਮਾਸਾਹਾਰੀ ਹਨ, ਉਹ ਵੀ ਕਈ ਵਾਰ ਸੁਣੀ-ਸੁਣਾਈ ਗੱਲ 'ਤੇ ਯਕੀਨ ਕਰ ਲੈਂਦੇ ਹਨ ਕਿ ਮੀਟ ਜਾਂ ਮੱਛੀ ਖਾਣ ਤੋਂ ਬਾਅਦ ਦੁੱਧ ਪੀਣ ਨਾਲ ਫੁਲਵਹਰੀ ਹੋ ਜਾਂਦੀ ਹੈ, ਜਦਕਿ ਫੁਲਵਹਰੀ ਦਾ ਅਜੇ ਤੱਕ ਵਿਗਿਆਨੀਆਂ ਨੂੰ ਪਤਾ ਨਹੀਂ ਲੱਗਾ ਕਿ ਇਸ ਦੇ ਹੋਣ ਦਾ ਅਸਲ ਕਾਰਨ ਕੀ ਹੈ।

ਜਦੋਂ ਵੋਟਾਂ ਆਉਂਦੀਆਂ ਹਨ ਤਾਂ ਲਗਭੱਗ ਸਾਰੇ ਹੀ ਵੋਟਰ ਵੋਟ ਪਾਉਣ ਵੇਲੇ ਵੇਖਦੇ ਹਨ ਕਿ ਉਮੀਦਵਾਰ ਸਾਡੀ ਜਾਤ-ਬਰਾਦਰੀ ਦਾ ਹੋਣਾ ਚਾਹੀਦਾ ਹੈ। ਇਹ ਕਦੇ ਨਹੀਂ ਸੋਚਦੇ ਕਿ ਉਮੀਦਵਾਰ ਕੋਈ ਪੜ੍ਹਿਆ-ਲਿਖਿਆ, ਇਮਾਨਦਾਰ ਅਤੇ ਹਰ ਵਕਤ ਮਿਲਣ ਵਾਲਾ ਹੈ ਜਾਂ ਬਿਲਕੁਲ ਅਨਪੜ੍ਹ, ਅੰਗੂਠਾ ਛਾਪ, ਬਦਮਾਸ਼ , ਲੋਕਾਂ ਨੂੰ ਨਾ ਮਿਲਣ ਵਾਲਾ ਅਤੇ ਨਾ ਕੋਈ ਕੰਮ ਕਰਵਾਉਣ ਵਾਲਾ ਅਤੇ ਆਪਣੇ ਇਲਾਕੇ ਦੇ ਵਿਕਾਸ ਲਈ ਮਿਲਣ ਵਾਲਾ ਧਨ ਹੜੱਪ ਕਰਨ ਵਾਲਾ ਹੈ। ਬੜੇ ਦੁੱਖ ਵਾਲੀ ਗਲ ਹੈ ਕਿ ਸਾਡਾ ਸੰਵਿਧਾਨ ਤਾਂ ਧਰਮਨਿਰਪੱਖ ਭਾਰਤ ਦੀ ਗੱਲ ਕਰਦਾ ਹੈ, ਪਰ ਸਿਆਸੀ ਪਾਰਟੀਆਂ ਵੋਟਾਂ ਵੇਲੇ ਕਿਸੇ ਵੀ ਖਿੱਤੇ ਵਿੱਚ ਉਮੀਦਵਾਰ ਖੜਾ ਕਰਨ ਲਈ ਉਹ ਵਿਅਕਤੀ ਲੱਭਦੇ ਹਨ ਜਿਹੜਾ ਉਸ ਜਾਤ-ਬਰਾਦਰੀ ਦਾ ਹੋਵੇ, ਜਿਸ ਜਾਤ ਬਰਾਬਰੀ ਦੇ ਉਥੇ ਵੋਟਰ ਵੱਧ ਹਨ।

ਕਿਸੇ ਸਿਆਸਤਦਾਨ ਨੇ ਜੋ ਕੁਝ ਕਿਹਾ ਉਹ ਠੀਕ ਹੈ ਜਾਂ ਗਲਤ ਹੈ, ਇਸ ਦੇ ਨਿਰਣੇ ਵਿਚ ਵੀ ਆਪਣੀ ਪੜ੍ਹਾਈ-ਲਿਖਾਈ ਜਾਂ ਬੁੱਧੀ ਤੋਂ ਕੰਮ ਲੈਣ ਦੀ ਬਜਾਏ ਇਹ ਸੋਚ ਕੇ ਨਿਰਣਾ ਦਿੱਤਾ ਜਾਂਦਾ ਹੈ ਕਿ ਸਿਆਸਤਦਾਨ ਮੇਰੀ ਪਾਰਟੀ ਵਾਲਾ ਹੈ ਜਾਂ ਵਿਰੋਧੀ ਪਾਰਟੀ ਵਾਲਾ ਹੈ। ਜੇਕਰ ਆਪਣੀ ਪਾਰਟੀ ਵਾਲਾ ਹੈ ਤਾਂ ਸੌ ਪ੍ਰਤੀਸ਼ਤ ਠੀਕ ਬੋਲਿਆ ਹੈ ਅਤੇ ਜੇਕਰ ਵਿਰੋਧੀ ਪਾਰਟੀ ਵਾਲਾ ਹੈ ਤਾਂ ਸੌ ਪ੍ਰਤੀਸ਼ਤ ਗਲਤ ਹੈ। ਇਹਨਾਂ ਭੇਡਾਂ ਵਿਚ ਡਿਗਰੀਆਂ ਵਾਲੇ ਵੀ ਬਥੇਰੇ ਆ ਜਾਂਦੇ ਹਨ।

ਕਿਸੇ ਆਪਣੀ ਪਾਰਟੀ ਵਾਲੇ ਨੇਤਾ ਜਾਂ ਧਾਰਮਕ ਵਿਅਕਤੀ ਦਾ ਨਫਰਤੀ ਭਾਸ਼ਣ ਸੁਣਨ ਤੋਂ ਬਾਅਦ ਕਹਿੰਦੇ ਹਨ ਕਿ ਤੀਰ ਬਿਲਕੁਲ ਨਿਸ਼ਾਨੇ 'ਤੇ ਮਾਰੇ ਹਨ ਅਤੇ ਕਿਸੇ ਹੋਰ ਦੇ ਨਫਰਤੀ ਭਾਸ਼ਣ 'ਤੇ ਕਹਿੰਦੇ ਹਨ ਕਿ ਸਰਕਾਰ ਨੂੰ ਨਫਰਤੀ ਭਾਸ਼ਣਾਂ 'ਤੇ ਰੋਕ ਲਗਾਉਣੀ ਚਾਹੀਦੀ ਹੈ ਅਤੇ ਅਜਿਹੇ ਵਿਅਕਤੀ ਜੇਲ੍ਹ ਵਿਚ ਸੁੱਟਣੇ ਚਾਹੀਦੇ ਹਨ। ਭਾਜਪਾ ਨਾਲ ਹਮਦਰਦੀ ਰੱਖਣ ਵਾਲੇ ਸਾਰੇ ਉਸ ਫੈਸਲੇ ਨੂੰ ਬਿਲਕੁਲ ਸਹੀ ਕਹਿਣਗੇ ਜਿਸ ਅਨੁਸਾਰ ਬਿਲਕਿਸ ਬਾਨੋ ਦੇ ਬਲਾਤਕਾਰੀ ਅਤੇ ਉਸ ਦੀ ਬੇਟੀ ਦੇ ਕਾਤਲ ਜੇਲ੍ਹ ਤੋਂ ਛੇਤੀ ਰਿਹਾਅ ਕਰ ਦਿੱਤੇ। ਸਾਡੇ ਲਿਖਣ ਦਾ ਮਤਲਬ ਹੈ ਕਿ ਇਸ ਵਿਚ ਅਨਪੜ੍ਹ ਅਤੇ ਆਪਣੇ ਆਪ ਨੂੰ ਪੜ੍ਹੇ-ਲਿਖੇ ਕਹਿਣ ਵਾਲੇ ਸਾਰੇ ਸ਼ਾਮਲ ਹਨ।

ਸੋਸ਼ਲ ਮੀਡੀਆ 'ਤੇ ਹਰ ਕਿਸੇ ਨੂੰ ਆਪਣੇ ਵਿਚਾਰ ਦੇਣ ਦੀ ਖੁੱਲ ਹੈ। ਲੇਖਕ ਦੇ ਵਿਚਾਰ ਵਟਸਐਪ 'ਤੇ ਤਾਂ ਥੋੜ੍ਹੇ ਵਿਅਕਤੀਆਂ ਤੱਕ ਹੀ ਜਾਂਦੇ ਹਨ, ਪਰ ਫੇਸਬੁੱਕ ਤੇ ਲਿਖੇ ਗਏ ਵਿਚਾਰਾਂ ਨੂੰ ਹਰ ਕੋਈ ਪੜ੍ਹ ਸਕਦਾ ਹੈ। ਇਹ ਚੰਗੀ ਗਲ ਹੈ, ਕਿਉਂਕਿ ਹੁਣ ਕੋਈ ਇਹ ਨਹੀਂ ਕਹਿ ਸਕਦਾ ਕਿ ਨਾ ਮੇਰੇ ਵਿਚਾਰ ਕੋਈ ਅਖਬਾਰ ਛਾਪਦਾ ਅਤੇ ਨਾ ਟੀ ਵੀ ਵਾਲੇ ਨਸ਼ਰ ਕਰਦੇ ਹਨ, ਪਰ ਇਸ ਵਿਚ ਵੀ ਦੋ ਸਮਾਜਿਕ ਵਾਇਰਸ ਆ ਗਏ ਹਨ। ਇੱਕ ਵਾਇਰਸ ਫੇਕ ਆਈ ਡੀ ਵਾਲਾ ਹੈ ਅਤੇ ਦੂਜਾ ਫੇਕ ਨਿਊਜ਼ ਵਾਲਾ ਹੈ। ਕੋਈ ਵਿਅਕਤੀ ਆਪਣੇ ਇੱਕ ਮੋਬਾਇਲ 'ਤੇ ਜਿੰਨੀਆਂ ਮਰਜ਼ੀ ਆਈ ਡੀ ਬਣਾ ਸਕਦਾ ਹੈ ਅਤੇ ਚਾਹੇ ਤਾਂ ਕਿਸੇ ਆਈ ਡੀ ਤੋਂ ਕਿਸੇ ਨੂੰ ਗਾਹਲਾਂ ਲਿਖ ਸਕਦਾ ਹੈ। ਅਜਿਹੀਆਂ ਆਈ ਡੀ ਜਿਸ 'ਤੇ ਨਾਂਅ ਕਿਸੇ ਹੋਰ ਦਾ ਲਿਖਿਆ ਹੁੰਦਾ ਹੈ ਅਤੇ ਫੋਟੋ ਕਿਸੇ ਹੋਰ ਦੀ ਹੁੰਦੀ ਹੈ ਤਾਂ ਕਿ ਅਸਲ ਵਿਅਕਤੀ ਦੀ ਪਛਾਣ ਹੀ ਨਾ ਹੋ ਸਕੇ, ਨੂੰ ਫੇਕ ਆਈ ਡੀਜ਼ ਕਹਿੰਦੇ ਹਨ। ਅਜਿਹੀਆਂ ਆਈ ਡੀਜ਼ ਤੋਂ ਜਿਨ੍ਹਾਂ ਵਿਅਕਤੀਆਂ ਨਾਲ ਵਿਚਾਰ ਨਹੀਂ ਮਿਲਦੇ, ਉਹਨਾਂ ਨੂੰ ਅਪਸ਼ਬਦ ਲਿਖ ਦੇਂਦੇ ਹਨ। ਅਜਿਹਿਆਂ ਨੂੰ ਬਲਾਕ ਕਰਨ ਵਿਚ ਹੀ ਸਿਆਣਪ ਹੈ, ਕਿਉਕਿ ਜਿਹੜਾ ਅੱਜ ਕਿਸੇ ਨੂੰ ਗਾਹਲਾਂ ਕੱਢ ਰਿਹਾ ਹੈ, ਉਹ ਕੱਲ੍ਹ ਨੂੰ ਤੁਹਾਨੂੰ ਵੀ ਗਾਹਲਾਂ ਕੱਢ ਸਕਦਾ ਹੈ। ਫੇਕ ਨਿਊਜ਼ ਦੇਣ ਵਾਲੇ ਵੀ ਅਜਿਹੇ ਨਿਊਜ਼ ਦੇਣਗੇ, ਜਿਹੜੇ ਤੁਹਾਨੂੰ ਬਿਲਕੁਲ ਸਹੀ ਲੱਗਣਗੇ ਅਤੇ ਤੁਸੀ ਉਸ ਨੂੰ ਬਿਲਕੁੱਲ ਸੱਚੀ ਸਮਝਦੇ ਹੋਏ ਅੱਗੇ ਫਾਰਵਰਡ ਕਰ ਦਿਓਗੇ।

ਅਜੇ ਕੁਝ ਦਿਨ ਪਹਿਲਾਂ ਕਿਸੇ ਨੇ ਫੇਸਬੁਕ ਉੱਤੇ ਇੱਕ ਵੀਡਿਓ ਪਾਈ ਕਿ ਟਰਕੀ ਵਿਚ ਫੌਜੀ ਕੁਝ ਲੋਕਾਂ ਨੂੰ ਇੱਕ ਖਾਈ ਵਿਚ ਸੁੱਟ ਕੇ ਗੋਲੀ ਮਾਰ ਰਹੇ ਸਨ ਅਤੇ ਖਾਈ ਵਿਚ ਪਹਿਲਾਂ ਹੀ ਟਰੱਕਾਂ ਦੇ ਪੁਰਾਣੇ ਟਾਇਰ ਪਏ ਹੋਏ ਸਨ। ਨਾਲ ਹੀ ਇਹ ਲਿਖਿਆ ਸੀ ਮਾਰੇ ਗਏ ਲੋਕ ਉਹ ਠੇਕੇਦਾਰ ਹਨ, ਜਿਨ੍ਹਾਂ ਨੂੰ ਭੁਚਾਲ ਰੋਧੀ ਯੰਤਰ ਇਮਾਰਤਾਂ ਬਣਾਉਣ ਵੇਲੇ ਨੀਹਾਂ ਹੇਠ ਰੱਖਣ ਲਈ ਦਿੱਤੇ ਸਨ, ਪਰ ਇਹਨਾਂ ਨੀਹਾਂ ਹੇਠ ਪੁਰਾਣੇ ਟਾਇਰ ਰੱਖ ਦਿੱਤੇ ਅਤੇ ਭੁਚਾਲ ਨਾਲ ਬਿਲਡਿਗਾਂ ਡਿੱਗ ਪਈਆਂ। ਕਈ ਲੋਕਾਂ ਨੇ ਜਿਨ੍ਹਾਂ ਵਿਚ ਪੜ੍ਹੇ-ਲਿਖੇ ਵੀ ਸ਼ਾਮਲ ਸਨ, ਇਸ ਲਿਖਤ ਅਤੇ ਵੀਡਿਓ ਨੂੰ ਬਿਨਾਂ ਪੁਣਛਾਣ ਕੀਤੇ ਅੱਗੇ ਆਪਣੇ ਜਾਣਕਾਰਾਂ ਨੂੰ ਫਾਰਵਰਡ ਕਰ ਦਿੱਤਾ। ਕਿਸੇ ਵੀ ਖਬਰ ਦੀ ਸੱਚਾਈ ਜਾਣਨ ਲਈ ਸਾਈਟ ਆਲਟਰਨੇਟ ਨਿਊਜ਼ ਜਾਂ ਸਾਈਟ ਫੈਕਟ ਚੈੱਕ ਹੈ। ਜਦੋਂ ਉਥੋਂ ਪਤਾ ਕੀਤਾ ਗਿਆ ਤਾਂ ਪਤਾ ਲੱਗਾ ਕਿ ਇਹ ਖਬਰ ਟਰਕੀ ਦੀ ਨਹੀਂ, ਬਲਕਿ ਸੀਰੀਆ ਦੀ ਸੀ, ਜਦੋਂ 2013 ਵਿਚ ਫੌਜੀਆਂ ਨੇ ਵੱਡੇ ਪੱਧਰ 'ਤੇ ਕਤਲੇਆਮ ਕੀਤਾ ਸੀ।

ਮੈਕਸਿਮ ਗੋਰਕੀ ਰੂਸ ਦੇ ਇੱਕ ਮਹਾਨ ਲੇਖਕ ਅਤੇ ਸਮਾਜਕ ਕਾਰਜਕਰਤਾ ਸਨ ਅਤੇ ਉਹ ਗਰੀਬੀ ਕਾਰਨ ਕਿਸੇ ਯੂਨੀਵਰਸਿਟੀ ਵਿਚ ਨਹੀਂ ਜਾ ਸਕੇ ਸਨ। ਉਹਨਾਂ ਇੱਕ ਥਾਂ ਲਿਖਿਆ ਕਿ ਲੋਕ ਅਤੇ ਸਮਾਜ ਹੀ ਮੇਰੀਆਂ ਯੂਨੀਵਸਿਟੀਆਂ ਹਨ, ਜਿਥੋਂ ਮੈਂ ਸਭ ਕੁਝ ਸਿੱਖਿਆ ਹੈ। ਬਿਨਾਂ ਡਿਗਰੀਆਂ ਦੇ ਉਹ ਇੱਕ ਹਰਮਨ ਪਿਆਰਾ ਲੇਖਕ ਬਣ ਗਿਆ ਅਤੇ ਉਸ ਨੂੰ ਪੰਜ ਵਾਰ ਨੋਬਲ ਪੁਰਸਕਾਰ ਮਿਲਿਆ। ਸਰਟੀਫਿਕੇਟਾਂ ਅਤੇ ਡਿਗਰੀਆਂ ਵਾਲਿਆਂ ਨੂੰ ਇਹ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਵਾਸਤਵਿਕ ਅਤੇ ਸਰਬਪੱਖੀ ਗਿਆਨ ਤਾਂ ਲੋਕਾਂ ਤੋਂ ਹੀ ਮਿਲਣਾ ਹੈ, ਡਿਗਰੀਆਂ ਤਾਂ ਕੇਵਲ ਕੁਝ ਚੋਣਵੇਂ ਵਿਸ਼ਿਆਂ ਵਿਚ ਮੁਹਾਰਤ ਦੇ ਸਕਦੀਆਂ ਹਨ।

**# ਸੰਪਰਕ : 94176-32228**

# ਸਰਕਾਰੀ ਸਕੂਲਾਂ 'ਚ ਨਵੇਂ ਦਾਖਲੇ ਵਧਾਉਣਾ ਸ਼ਲਾਘਾਯੋਗ

**ਪ੍ਰਮੋਦ ਧੀਰ**

ਅੱਜਕੱਲ੍ਹ ਅਸੀਂ ਦੇਖਦੇ ਹਾਂ ਕਿ ਹਰ ਕੋਈ ਚਾਹੁੰਦਾ ਹੈ ਕਿ ਉਸ ਦੇ ਬੱਚੇ ਵਧੀਆ ਪੜ੍ਹਾਈ-ਲਿਖਾਈ ਕਰਨ, ਕਿਉਂਕਿ ਬੱਚੇ ਦੇ ਭਵਿੱਖ ਲਈ ਵਿੱਦਿਆ ਪੜ੍ਹਾਈ ਇੱਕ ਨਾ ਖੋਹਿਆ ਜਾਣ ਵਾਲਾ ਅਣਮੁੱਲਾ ਗਹਿਣਾ ਹੈ। ਇਸ ਲਈ ਜਿਸ ਦੀ ਥੋੜ੍ਹੀ ਬਹੁਤ ਪਹੁੰਚ ਹੁੰਦੀ ਹੈ, ਉਹ ਆਪਣੇ ਬੱਚੇ ਨੂੰ ਪ੍ਰਾਈਵੇਟ ਸਕੂਲ ਵਿੱਚ ਲਗਾਉਣਾ ਪਸੰਦ ਕਰਦਾ ਹੈ। ਮਾਪੇ ਸੋਚਦੇ ਹਨ ਕਿ ਪ੍ਰਾਈਵੇਟ ਸਕੂਲਾਂ ਵਿੱਚ ਅਧਿਆਪਕਾਂ ਕੋਲ ਕੋਈ ਗੈਰ-ਵਿੱਦਿਅਕ ਕੰਮ ਨਹੀਂ ਹੁੰਦਾ, ਜਿਸ ਕਾਰਨ ਉਹਨਾਂ ਦੇ ਬੱਚੇ ਵਧੀਆ ਸਿੱਖਿਆ ਹਾਸਲ ਕਰਨਗੇ। ਇਹ ਸੋਚ ਕਿਸੇ ਹੱਦ ਤੱਕ ਠੀਕ ਵੀ ਹੈ, ਕਿਉਂਕਿ ਪਿਛਲੇ ਕੁਝ ਕੁ ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਆਰ.ਟੀ.ਈ (ਰਾਈਟ ਟੂ ਐਜੂਕੇਸ਼ਨ ਐਕਟ) ਲਾਗੂ ਹੋਣ ਕਾਰਣ ਸਰਕਾਰੀ ਵਿੱਦਿਆ ਦਾ ਮਿਆਰ ਅਤੇ ਵਿਦਿਆਰਥੀਆਂ ਦੇ ਪੜ੍ਹਨ ਦੀ ਰੁਚੀ ਬਹੁਤ ਘਟ ਗਈ ਹੈ, ਜਿੱਥੇ ਕਿਸੇ ਵਿਦਿਆਰਥੀ ਨੂੰ ਪਹਿਲੀ ਕਲਾਸ ਤੋਂ ਅੱਠਵੀਂ ਤੱਕ ਫੇਲ੍ਹ ਨਹੀਂ ਕੀਤਾ ਜਾਂਦਾ ਅਤੇ ਬੱਚੇ ਨੂੰ ਸਜ਼ਾ ਦੇਣੀ ਵੀ ਵਰਜਿਤ ਹੈ, ਜਿਸ ਕਾਰਨ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਨੂੰ ਮਜਬੂਰੀ ਵੱਸ ਉਹਨਾਂ ਬੱਚਿਆਂ ਨੂੰ ਵੀ ਅੱਠਵੀਂ ਤੱਕ ਪਾਸ ਕਰਨਾ ਪੈਂਦਾ ਹੈ, ਜੋ ਪੜ੍ਹਾਈ ਵਿੱਚ ਬਹੁਤ ਕਮਜ਼ੋਰ ਹਨ। ਇਹਨਾਂ ਸਮੱਸਿਆਵਾਂ ਕਾਰਨ ਲੋਕਾਂ ਦਾ ਸਰਕਾਰੀ ਸਕੂਲਾਂ ਤੋਂ ਝੁਕਾਅ ਕੁਝ ਘਟਿਐ, ਪਰ ਅੱਜਕੱਲ੍ਹ ਸਰਕਾਰ ਸਿੱਖਿਆ ਦੇ ਸੁਧਾਰ ਵੱਲ ਧਿਆਨ ਦੇ ਕੇ ਇਹਨਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦੇ ਸ਼ਲਾਘਾਯੋਗ ਕਦਮ ਪੁੱਟ ਰਹੀ ਹੈ।

ਹੁਣ ਸਰਕਾਰ ਨੇ ਆਰ.ਟੀ.ਈ ਐਕਟ ਵਿੱਚ ਸੋਧ ਕਰਕੇ ਨਵਾਂ 'ਦਿ ਰਾਈਟ ਆਫ ਚਿਲਡਰਨ ਟੂ ਫ੍ਰੀ ਐਂਡ ਕੰਪਲਸਰੀ ਐਜੂਕੇਸ਼ਨ (ਅਮੈਂਡਮੈਂਟ)-2019' ਐਕਟ ਬਣਾ ਦਿੱਤਾ ਹੈ। ਇਸ ਐਕਟ ਅਨੁਸਾਰ ਹੁਣ ਹਰ ਸਾਲ 5ਵੀਂ ਅਤੇ 8ਵੀਂ ਕਲਾਸ ਵਿੱਚ ਫੇਲ੍ਹ ਹੋਣ 'ਤੇ ਵਿਦਿਆਰਥੀਆਂ ਨੂੰ ਅਗਲੀ ਜਮਾਤ ਵਿੱਚ ਨਹੀਂ ਬੈਠਣ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਸਮੂਹ ਅਧਿਆਪਕਾਂ ਦੀ ਸਲਾਨਾ ਕਾਰਗੁਜ਼ਾਰੀ ਰਿਪੋਰਟ ਵਿੱਚ 10 ਨੰਬਰ ਅਧਿਆਪਕਾਂ ਦੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੇ ਰੱਖੇ ਹਨ, ਇਸ ਦੇ ਨਾਲ ਹੀ ਸਰਕਾਰ ਨੂੰ ਹੋਰ ਸਰਕਾਰੀ ਅਫ਼ਸਰਾਂ, ਮੰਤਰੀਆਂ, ਲੋਕ ਸਭਾ ਮੈਂਬਰਾਂ ਅਤੇ ਵਿਧਾਇਕਾਂ ਦੇ ਬੱਚਿਆਂ ਨੂੰ ਵੀ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੇ ਏ.ਸੀ.ਆਰ ਆਦਿ ਵਿੱਚ ਨੰਬਰ ਰੱਖਣੇ ਚਾਹੀਦੇ ਹਨ। ਇਸ ਦੇ ਸਿੱਟੇ ਵਜੋਂ ਸਰਕਾਰੀ ਸਕੂਲਾਂ ਵਿੱਚ ਘਟ ਰਹੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਜ਼ਰੂਰ ਹੀ ਵਾਧਾ ਹੋਵੇਗਾ ਅਤੇ ਆਮ ਲੋਕਾਂ ਦਾ ਰੁਝਾਨ ਫਿਰ ਤੋਂ ਸਰਕਾਰੀ ਸਕੂਲਾਂ ਵੱਲ ਵਧੇਗਾ ਤੇ ਸਿੱਖਿਆ ਵਿੱਚ ਵੀ ਸੁਧਾਰ ਆਵੇਗਾ। ਲੋਕ ਮਹਿੰਗੇ ਸਕੂਲਾਂ ਦੀ ਲੁੱਟ ਤੋਂ ਬਚ ਕੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਦਾਖਲ ਕਰਵਾਉਣਗੇ।

ਪੰਜਾਬ ਸਰਕਾਰ ਨੇ ਪੰਜਾਬ ਭਰ ਦੇ 117 ਹਲਕਿਆਂ ਵਿੱਚ ਇਸੇ ਸੈਸ਼ਨ ਤੋਂ ਸਕੂਲ ਆਫ਼ ਐਮੀਨੈਂਸ ਦੇ ਤੌਰ 'ਤੇ ਵੀ ਸਕੂਲਾਂ ਨੂੰ ਅਪਗ੍ਰੇਡ ਕਰ ਦਿੱਤਾ ਹੈ। ਇਹਨਾਂ ਸਕੂਲਾਂ ਵਿੱਚ ਇਸ ਸੈਸ਼ਨ ਤੋਂ ਨੌਵੀਂ ਅਤੇ ਗਿਆਰਵੀਂ ਜਮਾਤਾਂ ਦੇ ਦਾਖਲੇ ਮੈਰਿਟ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਬਾਕੀ ਸਰਕਾਰੀ ਸਕੂਲਾਂ ਵਿੱਚ ਵੀ ਪੜ੍ਹਾਈ ਦਾ ਪੱਧਰ ਉੱਚਾ ਚੁੱਕਿਆ ਜਾ ਰਿਹਾ ਹੈ। ਨਵੇਂ ਅਧਿਆਪਕਾਂ ਦੀ ਭਰਤੀ ਕਰਕੇ ਖਾਲੀ ਪੋਸਟਾਂ ਵੀ ਭਰੀਆ ਜਾ ਰਹੀਆਂ ਹਨ। ਬੀਤੀ 10 ਮਾਰਚ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਬਿਹਤਰ ਅਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਅਤੇ ਸਿੱਖਿਆ ਮੰਤਰੀ ਵੱਲੋਂ ਸਕੂਲ ਸਿੱਖਿਆ ਪ੍ਰਤੀ ਲੋਕਾਂ ਦਾ ਵਿਸ਼ਵਾਸ ਬਹਾਲ ਕਰਕੇ ਉੱਚ ਸਿੱਖਿਆ ਨੂੰ ਕਬੂਲਦਿਆਂ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਧਾਉਣ ਦੀ ਮੁਹਿੰਮ ਤਹਿਤ ਇੱਕੋ ਦਿਨ ਵਿੱਚ ਇੱਕ ਲੱਖ ਤੋਂ ਵੱਧ ਵਿਦਿਆਰਥੀ ਦਾਖਲ ਕਰਕੇ ਰਿਕਾਰਡ ਕਾਇਮ ਕੀਤਾ ਹੈ। ਇਹ ਦਾਖਲਾ ਮੁਹਿੰਮ ਲਗਾਤਾਰ ਜਾਰੀ ਹੈ। ਸਰਕਾਰੀ ਸਕੂਲਾਂ ਵਿੱਚ ਲੋਕਾਂ ਦਾ ਰੁਝਾਨ ਵਧਣਾ ਸ਼ੁਰੂ ਹੋ ਗਿਆ ਹੈ, ਵੱਡੀ ਗਿਣਤੀ ਵਿੱਚ ਬੱਚੇ ਦਾਖਲ ਹੋ ਰਹੇ ਹਨ।

ਅੱਜ ਦਾ ਯੁੱਗ ਕੰਪਿਊਟਰ ਦਾ ਯੁੱਗ ਹੈ, ਇਸ ਲਈ ਬਾਕੀ ਵਿਸ਼ਿਆਂ ਦੀ ਪੜ੍ਹਾਈ ਨੇ ਨਾਲ-ਨਾਲ ਕੰਪਿਊਟਰ ਸਿੱਖਿਆ ਹਾਸਲ ਕਰਨੀ ਸਭ ਤੋਂ ਵੱਧ ਮਹੱਤਵਪੂਰਨ ਹੈ, ਕਿਉਂਕਿ ਅੱਜਕੱਲ੍ਹ ਹਰ ਇੱਕ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਮੋਬਾਇਲ ਅਤੇ ਇੰਟਰਨੈੱਟ ਆਦਿ ਦੀ ਵਰਤੋਂ ਕਰਦਾ ਹੈ, ਇਸ ਲਈ ਮੋਬਾਇਲ ਅਤੇ ਕੰਪਿਊਟਰ ਦੇ ਫੰਕਸ਼ਨਾਂ ਦੀ ਜਾਣਕਾਰੀ ਹਾਸਲ ਕਰਨ ਲਈ ਕੰਪਿਊਟਰ ਵਿਸ਼ੇ ਦੀ ਸਿੱਖਿਆ ਹਰੇਕ ਲਈ ਲਾਜ਼ਮੀ ਹੋਣੀ ਚਾਹੀਦੀ ਹੈ। ਪੰਜਾਬ ਦੇ ਸਮੂਹ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਦੀ ਬਹੁਤ ਹੀ ਵਧੀਆ ਪੜ੍ਹਾਈ ਕਰਵਾਈ ਜਾਂਦੀ ਹੈ। ਸਕੂਲਾਂ ਵਿੱਚ ਕੰਪਿਊਟਰ ਸਿਖਾਉਣ ਲਈ ਬਹੁਤ ਹੀ ਯੋਗ ਕੰਪਿਊਟਰ ਅਧਿਆਪਕ, ਵਧੀਆ ਕੰਪਿਊਟਰ ਲੈਬਾਂ, ਪ੍ਰੋਜੈਕਟਰ ਲੱਗੇ ਹੋਏ ਸ਼ਾਨਦਾਰ ਸਮਾਰਟ ਕਲਾਸ ਰੂਮ, ਐਜੂਸੈਟ ਲੈਬਾਂ, ਆਰ.ਓ.ਟੀ ਲੈਬਜ਼, ਮਲਟੀਮੀਡੀਆ ਲੈਬਜ਼, ਸਾਇੰਸ ਲੈਬ, ਮੈਥ ਲੈਬ, ਐਸ.ਐਸ ਲੈਬ, ਅੰਗਰੇਜ਼ੀ ਲੈਬ, ਗਾਈਡੈਂਸ ਕਾਰਨਰ, ਖੇਡਾਂ ਦੇ ਗਰਾਊਂਡ, ਨਵੀਂਆਂ ਬਿਲਡਿੰਗਾਂ, ਫਰਨੀਚਰ ਆਦਿ ਦੀਆਂ ਸਹੂਲਤਾਂ ਹਨ।

ਸਰਕਾਰੀ ਸਕੂਲਾਂ ਵਿੱਚ ਬਹੁਤ ਹੀ ਯੋਗ ਤੇ ਕਾਬਲ ਅਧਿਆਪਕ ਹੁੰਦੇ ਹਨ, ਜੋ ਕਿ ਉੱਚੀਆਂ ਡਿਗਰੀਆਂ, ਟੈਸਟ ਪਾਸ ਕਰਕੇ ਮੈਰਿਟ 'ਚ ਆ ਕੇ ਨੌਕਰੀ ਹਾਸਲ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਪੂਰੀ ਤਨਦੇਹੀ ਨਾਲ ਪੜ੍ਹਾਈ ਕਰਵਾਉਂਦੇ ਹਨ, ਪਰ ਕਈ ਵਾਰ ਗੈਰ-ਵਿੱਦਿਅਕ ਕੰਮਾਂ ਦੇ ਬੋਝ ਕਾਰਨ ਉਹਨਾਂ ਨੂੰ ਪੜ੍ਹਾਉਣ ਵਿੱਚ ਮੁਸ਼ਕਲ ਜ਼ਰੂਰ ਆਉਂਦੀ ਹੈ। ਅਧਿਆਪਕ ਦੀ ਕੋਸ਼ਿਸ਼ ਹੁੰਦੀ ਹੈ ਕਿ ਬੱਚੇ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ, ਪਰ ਹੁਣ ਮੌਜੂਦਾ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਹੈ ਕਿ ਅਧਿਆਪਕਾਂ ਤੋਂ ਨਾਨ-ਟੀਚਿੰਗ ਕੰਮ, ਇਲੈਕਸ਼ਨ, ਮਰਦਮਸ਼ੁਮਾਰੀ ਆਦਿ ਦੇ ਕੰਮ ਨਹੀਂ ਲਏ ਜਾਣਗੇ, ਅਧਿਆਪਕ ਸਿਰਫ਼ ਸਕੂਲਾਂ ਵਿੱਚ ਪੜ੍ਹਾਈ ਕਰਵਾਉਣਗੇ, ਜੋ ਕਿ ਬਹੁਤ ਹੀ ਵਧੀਆ ਫੈਸਲਾ ਹੈ।

ਸਰਕਾਰੀ ਸਕੂਲਾਂ ਦੇ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਬੱਚਿਆਂ ਦੀ ਘਟ ਰਹੀ ਗਿਣਤੀ ਨੂੰ ਧਿਆਨ 'ਚ ਰੱਖਦਿਆਂ ਸਕੂਲ 'ਚ ਨਵੇਂ ਦਾਖਲੇ ਵੱਧ ਤੋਂ ਵੱਧ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰੀ ਸਕੂਲਾਂ ਅੰਦਰ ਮਿਲ ਰਹੀਆਂ ਸਹੂਲਤਾਂ; ਜਿਵੇਂ ਐੱਸ.ਸੀ ਅਤੇ ਬੀ.ਸੀ (ਗਰੀਬ) ਬੱਚਿਆਂ ਲਈ ਵਜ਼ੀਫੇ, ਫੀਸ ਮੁਆਫੀ, ਮੁਫਤ ਕਿਤਾਬਾਂ, ਮੁਫਤ ਵਰਦੀਆਂ, ਮਿਡ ਡੇ ਮੀਲ ਅਧੀਨ ਮੁਫਤ ਖਾਣਾ, ਮਹਿੰਗੇ ਇਲਾਜਾਂ ਵਾਲੀਆਂ ਬਿਮਾਰੀਆਂ ਦਾ ਮੁਫਤ ਇਲਾਜ, ਕੁੜੀਆਂ ਲਈ ਮੁਫਤ ਸਿੱਖਿਆ, ਹੁਸ਼ਿਆਰ ਬੱਚਿਆਂ ਲਈ ਵਜ਼ੀਫਾ, ਪ੍ਰੀਖਿਆ ਪਾਸ ਕਰਨ ਤੇ ਵਜ਼ੀਫੇ ਪ੍ਰਦਾਨ ਕੀਤੇ ਜਾਂਦੇ ਹਨ। ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਅਤੇ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਨੂੰ ਦਰਸਾਉਂਦੇ ਫਲੈਕਸ ਬੋਰਡ ਵੀ ਸਕੂਲਾਂ ਵੱਲੋਂ ਲਾਏ ਗਏ ਹਨ। ਕਈ ਸਕੂਲਾਂ ਵੱਲੋਂ ਦਾਖਲੇ ਸੰਬੰਧੀ ਪਰਚੇ ਛਪਵਾ ਕੇ ਵੀ ਵੰਡੇ ਜਾ ਰਹੇ ਹਨ।

ਇਸ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿੱਚ ਪੰਜਾਬ ਦੇ ਸਕੂਲਾਂ ਨੂੰ ਸਮਾਰਟ ਸਕੂਲ ਬਣਾਇਆ ਗਿਆ ਹੈ। ਲਗਭਗ ਹਰੇਕ ਸਰਕਾਰੀ ਸਕੂਲ ਦੇ ਅਧਿਆਪਕ ਆਪਣੇ ਵੱਲੋਂ ਸਕੂਲਾਂ ਨੂੰ ਸੁੰਦਰ ਬਣਾਉਣ ਲਈ ਪੂਰੀ ਮਿਹਨਤ ਕਰ ਰਹੇ ਹਨ। ਸਿੱਟੇ ਵਜੋਂ ਪੰਜਾਬ ਦੇ ਬਹੁਤੇ ਸਕੂਲਾਂ ਦੀਆਂ ਬਿਲਡਿੰਗਾਂ, ਪੇਂਟ, ਕੰਧਾਂ ਦੇ ਸੁੰਦਰ ਮਾਟੋ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਵਧੀਆ ਤੇ ਸੁੰਦਰ ਬਣਾਏ ਗਏ ਹਨ। ਸਿੱਟੇ ਵਜੋਂ ਨਵੇਂ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚ ਰਹੇ ਹਨ।

ਉਮੀਦ ਹੈ ਕਿ ਇਸ ਵਾਰ ਸਮੂਹ ਸਰਕਾਰੀ ਸਕੂਲਾਂ ਦੇ ਮੁਖੀ ਅਤੇ ਅਧਿਆਪਕ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚੇ ਦਾਖਲ ਕਰਨ ਲਈ ਪ੍ਰੇਰਿਤ ਕਰਨਗੇ, ਤਾਂ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧ ਸਕੇ ਤੇ ਲੋਕ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਤੋਂ ਸਹੂਲਤਾਂ ਪ੍ਰਾਪਤ ਕਰ ਸਕਣ। ਇਸ ਸੰਬੰਧੀ ਸਰਕਾਰ ਨੂੰ ਵੀ ਅਪੀਲ ਹੈ ਕਿ ਸਰਕਾਰੀ ਸਕੂਲਾਂ 'ਚ ਪੁਰਾਣੇ ਸਮੇਂ ਵਾਂਗ ਵਧੀਆਂ ਪੜ੍ਹਾਈ ਦਾ ਮਾਹੌਲ ਦਿੱਤਾ ਜਾਵੇ, ਸਿਲੇਬਸ ਅਨੁਸਾਰ ਕਿਤਾਬਾਂ ਸਮੇਂ ਸਿਰ ਸਕੂਲਾਂ ਵਿੱਚ ਪਹੁੰਚਾਈਆਂ ਜਾਣ, ਸਮੂਹ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਅਧੀਨ ਲਿਆ ਕੇ ਪੂਰੀਆਂ ਤਨਖਾਹਾਂ ਦਿੱਤੀਆਂ ਜਾਣ, ਅਧਿਆਪਕਾਂ ਦੀਆਂ ਬਦਲੀਆਂ ਘਰਾਂ ਦੇ ਨੇੜੇ ਕੀਤੀਆਂ ਜਾਣ ਅਤੇ ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਨਾ ਲਏ ਜਾਣ, ਤਾਂ ਜੋ ਅਧਿਆਪਕ ਆਪਣਾ ਪੂਰਾ ਸਮਾਂ ਵਿਦਿਆਰਥੀਆਂ ਨੂੰ ਦੇ ਸਕਣ ਤੇ ਸਕੂਲਾਂ ਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਾ ਸਕਣ ਅਤੇ ਲੋਕਾਂ ਦਾ ਪ੍ਰਾਈਵੇਟ ਸਕੂਲਾਂ ਤੋਂ ਰੁਝਾਨ ਬਦਲ ਕੇ ਸਰਕਾਰੀ ਸਕੂਲਾਂ ਵੱਲ ਹੋ ਸਕੇ।

**# ਸੰਪਰਕ : 98550-31081**

10-APRIL-PAGE-5.qxd 4/9/2023 9:22 PM Page 1



# ਜਲ ਸਪਲਾਈ ਵਿਭਾਗ ਦੇ ਵਰਕਰਾਂ ਲਈ ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ : ਸਤਨਾਮ ਸਿੰਘ ਫਲੀਆਂਵਾਲਾ


ਮੀਟਿੰਗ ਦੌਰਾਨ ਹਾਜ਼ਰ ਆਗੂ ਤੇ ਵਰਕਰ।

**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਜ਼ਿਲ੍ਹਾ ਫਾਜ਼ਿਲਕਾ ਦੀ ਮੀਟਿੰਗ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਚੱਕ ਜਾਨੀਸਰ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿਚ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਦਫਤਰੀ ਸਟਾਫ ਦੇ ਸੂਬਾ ਜਥੇਬੰਦਕ ਸਕੱਤਰ ਸੁਖਚੈਨ ਸਿੰਘ ਸੋਢੀ, ਰਾਕੇਸ਼ ਸਿੰਘ, ਹਰਨੇਕ ਸਿੰਘ, ਮਹਿੰਦਰ ਸਿੰਘ, ਸ਼ੇਰ ਸਿੰਘ, ਬਲਵਿੰਦਰ ਸਿੰਘ ਮਹਾਲਮ, ਬਲਦੇਵ ਛੱਪੜੀਵਾਲਾ ਆਦਿ ਨੇ ਸ਼ਿਰਕਤ ਕੀਤੀ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ 55 ਅਪ੍ਰੈਲ ਨੂੰ ਪੰਜਾਬ ਸਰਕਾਰ ਦੀ ਕੈਬਨਿਟ ਦੀ ਗਠਿਤ ਸਬ ਕਮੇਟੀ 'ਚ ਸ਼ਾਮਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ, ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਵਿਭਾਗੀ ਅਧਿਕਾਰੀਆਂ ਨਾਲ ਜਥੇਬੰਦੀ ਦੀ ਸੂਬਾ ਆਗੂਆਂ ਦੇ ਨਾਲ ਪੈਨਲ ਮੀਟਿੰਗ ਹੋਈ ਸੀ, ਜਿਸ ਵਿੱਚ ਜਲ ਸਪਲਾਈ ਮਹਿਕਮੇ ਦੇ ਪੇਂਡੂ ਜਲ ਘਰਾਂ ਤੇ ਫੀਲਡ ਅਤੇ ਦਫਤਰਾਂ ਵਿੱਚ ਵੱਖ-ਵੱਖ ਪੋਸਟਾਂ 'ਤੇ ਪਿਛਲੇ 10 ਤੋਂ 15 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਰੈਗੂਲਰ ਕਰਨ ਸਬੰਧੀ ਮੰਗ ਰੱਖੀ ਗਈ, ਜਿਸ 'ਤੇ ਸਬ ਕਮੇਟੀ ਮੰਤਰੀਆਂ ਵੱਲੋਂ ਵਿਭਾਗੀ ਮੰਤਰੀ ਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਪਰੋਕਤ ਠੇਕਾ ਵਰਕਰਾਂ ਦੇ ਹਿੱਤ ਵਿਚ ਪਾਲਸੀ ਤਿਆਰ ਕੀਤੀ ਜਾਵੇ।

ਉਨ੍ਹਾਂ ਵਿਭਾਗੀ ਅਧਿਕਾਰੀਆਂ ਪਾਸੋਂ ਮੰਗ ਕੀਤੀ ਕਿ ਜਲ ਸਪਲਾਈ ਵਿਭਾਗ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਲੈ ਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਤਜਵੀਜ਼ ਜਲਦੀ ਤਿਆਰ ਕੀਤੀ ਜਾਵੇ। ਜਲ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾਉਣ ਦਾ ਫੈਸਲਾ ਵਾਪਸ ਲਿਆ ਜਾਵੇ। ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ ਬੰਦ ਕੀਤਾ ਜਾਵੇ। ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਸਬ ਡਵੀਜ਼ਨ ਜਲਾਲਾਬਾਦ 'ਚ ਜੇਕਰ ਸਕਾਡਾ ਸਿਸਟਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਯੂਨੀਅਨ ਵੱਲੋਂ ਉਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਵਿਭਾਗੀ ਅਧਿਕਾਰੀਆਂ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਕਿ ਸਬ ਕਮੇਟੀ ਮੰਤਰੀਆਂ ਵੱਲੋਂ ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਨੂੰ ਵਿਭਾਗ 'ਚ ਲੈ ਕੇ ਰੈਗੂਲਰ ਕਰਨ ਵਾਲੀ ਤਜਵੀਜ਼ ਲਿਆਉਣ ਦਾ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ, ਪ੍ਰੰਤੂ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਜਦੋਂ ਤੱਕ ਵਰਕਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਲਈ ਰੈਗੂਲਰ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਯੂਨੀਅਨ ਵੱਲੋਂ ਭਵਿੱਖ ਵਿੱਚ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਨਾਬਾਲਿਗ ਨਾਲ ਬਲਾਤਕਾਰ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਨਾਬਾਲਿਗ ਲੜਕੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਵਿਅਕਤੀ ਖਿਲਾਫ 377, 506 ਆਈਪੀਸੀ 3, 4 ਪੋਸਕੋ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਲੜਕੀ ਦੀ ਮਾਂ ਨੇ ਦੱਸਿਆ ਕਿ ਉਸ ਦੀ ਨਾਬਾਲਿਗ ਲੜਕੀ 14 ਸਾਲ, ਜੋ ਸਰਕਾਰੀ ਸਕੂਲ ਵਿਖੇ ਅੱਠਵੀਂ ਜਮਾਤ ਵਿੱਚ ਪੜ੍ਹਦੀ, ਜੋ ਕੁਝ ਦਿਨਾਂ ਤੋਂ ਬਿਮਾਰ ਰਹਿਣ ਲੱਗ ਪਈ ਸੀ ਤੇ ਰੋਟੀ ਪਾਣੀ ਨਹੀਂ ਖਾਂਦੀ ਸੀ ਤੇ ਡਰੀ ਤੇ ਸਹਿਮੀ ਰਹਿੰਦੀ ਸੀ। ਨਾਬਾਲਿਗ ਲੜਕੀ ਦੀ ਮਾਂ ਨੇ ਦੱਸਿਆ ਕਿ ਉਸ ਵੱਲੋਂ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਪਿਛਲੇ ਸਾਲ ਜਦ ਸੱਤਵੀਂ ਜਮਾਤ ਵਿੱਚ ਪੜ੍ਹਦੀ ਸੀ ਤਾਂ ਮੇਰਾ ਫੁੱਫੜ ਨਿਸ਼ਾਨ ਸਿੰਘ ਪੁੱਤਰ ਭੋਲਾ ਸਿੰਘ ਆਪਣੇ ਘਰ ਆਇਆ ਸੀ ਤੇ ਉਹ ਰਸੋਈ ਵਿੱਚ ਬਰਤਨ ਧੋ ਰਹੀ ਸੀ, ਜਿਸ ਨੇ ਉਸ ਨੂੰ ਇਕੱਲੀ ਵੇਖ ਕੇ ਫੜ ਲਿਆ ਤੇ ਗਲਤ ਹਰਕਤਾਂ ਕਰਨ ਲੱਗ ਪਿਆ ਤੇ ਉਸ ਨਾਲ ਜ਼ਬਰਦਸਤੀ ਕੀਤੀ ਅਤੇ ਧਮਕੀ ਦਿੱਤੀ ਕਿ ਕਿਸੇ ਨੂੰ ਵੀ ਦੱਸਿਆ ਤਾਂ ਤੈਨੂੰ ਮਾਰ ਦੇਵਾਂਗਾ। ਲੜਕੀ ਦੀ ਮਾਂ ਨੇ ਦੱਸਿਆ ਕਿ ਨਿਸ਼ਾਨ ਸਿੰਘ ਪਿਛਲੇ ਮਹੀਨੇ 11 ਮਾਰਚ ਤੋਂ 25 ਮਾਰਚ 2023 ਤੱਕ ਵੀ ਉਨ੍ਹਾਂ ਦੇ ਘਰ ਆ ਕੇ ਉਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਉਸ ਦੀ ਲੜਕੀ ਨਾਲ ਗਲਤ ਕੰਮ ਕਰਦਾ ਰਿਹਾ ਹੈ।

ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਪਰਮਜੀਤ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਧਰਮ ਤੇ ਰਾਜਨੀਤੀ ਦਾ ਖਤਰਾ ਦੇਸ਼ ਦੀਆਂ ਬਰੂਹਾਂ 'ਤੇ ਮੰਡਰਾਉਣ ਲੱਗਾ : ਪ੍ਰਦੀਪ ਠਾਕਰ

**ਧਰਮ ਤੇ ਰਾਜਨੀਤੀ ਵਿਸ਼ੇ 'ਤੇ ਕਨਵੈਨਸ਼ਨ 'ਚ ਭਾਜਪਾ ਨੂੰ ਹਰਾਉਣ ਦਾ ਦਿੱਤਾ ਹੋਕਾ**

**ਮਾਨਸਾ (ਆਤਮਾ ਸਿੰਘ ਪਮਾਰ)**-ਦੇਸ਼ ਵਿੱਚ ਧਰਮ ਦੇ ਨਾਂਅ 'ਤੇ ਰਾਜਨੀਤੀ ਕਰਕੇ, ਜਿਸ ਤਰ੍ਹਾਂ ਜਾਤੀਵਾਦ, ਫਿਰਕਾਪ੍ਰਸਤੀ ਤੇ ਹਿੰਦੂਤਵ ਨੂੰ ਬੜਾਵਾ ਦਿੱਤਾ ਜਾ ਰਿਹਾ, ਦੇਸ਼ ਦੀ ਭਾਈਚਾਰਕ ਸਾਂਝ ਤੇ ਏਕਤਾ ਲਈ ਬਹੁਤ ਵੱਡਾ ਖਤਰਾ ਹੈ। ਧਰਮ ਤੇ ਧਰੁਵੀਕਰਨ ਦੇ ਨਾਂਅ 'ਤੇ ਰਾਜਨੀਤੀ ਕਰ ਰਹੀ ਭਾਰਤੀ ਜਨਤਾ ਪਾਰਟੀ ਅੱਜ ਇੰਨੇ ਹੰਕਾਰ ਵਿੱਚ ਹੈ ਕਿ ਉਹ ਇਸ ਨਾਲ ਹਰ ਹੱਥ-ਕੰਡਾ ਵਰਤ ਕੇ ਸੱਤਾ ਹਥਿਆਉਣਾ ਚਾਹੁੰਦੀ ਹੈ ਅਤੇ ਹਿੰਦੂ ਰਾਸ਼ਟਰ ਦਾ ਪ੍ਰਚਾਰ ਕਰਕੇ ਸਦੀਆਂ ਤੋਂ ਸ਼ਾਂਤੀਪੂਰਕ ਰਹਿ ਰਹੇ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਜਾਤੀਆਂ ਵਿੱਚ ਵੰਡਿਆ ਜਾ ਰਿਹਾ ਹੈ। ਧਰਮ ਤੇ ਰਾਜਨੀਤੀ ਦਾ ਸੁਮੇਲ ਦੇਸ਼ ਲਈ ਸਭ ਤੋਂ ਵੱਡਾ ਖਤਰਾ ਹੈ। ਇਹ ਗੱਲ ਕੁੱਲ ਹਿੰਦ ਸਕੱਤਰ ਸੀ ਪੀ ਆਈ (ਐੱਮ ਐੱਲ) ਆਰ ਆਈ ਕਾਮਰੇਡ ਪ੍ਰਦੀਪ ਸਿੰਘ ਠਾਕਰ ਨੇ ਸਥਾਨਕ ਨਾਨਕ ਮੱਲ ਧਰਮਸ਼ਾਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਕਵੀ ਅਵਤਾਰ ਪਾਸ਼ ਨੂੰ ਸਮਰਪਤ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾ ਇਸ ਮੌਕੇ ਲੋਕਾਂ ਨੂੰ ਸੱਦਾ ਦਿੱਤਾ ਕਿ ਆਉਂਦੀਆਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਦੀਆਂ ਸਾਰੀਆਂ ਧਰਮ ਨਿਰਪੱਖ ਰਾਸ਼ਟਰੀ ਤੇ ਖੇਤਰੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਅਤਿ ਜ਼ਰੂਰੀ ਹੈ ਨਹੀਂ ਤਾਂ ਦੇਸ਼ ਦਾ ਵਰਗੀਕਰਨ ਹੋ ਕੇ ਰਹਿ ਜਾਵੇਗਾ।

ਕਾ. ਵਿਮਲ ਰਾਏ ਦਿੱਲੀ ਨੇ ਕਿਹਾ ਕਿ ਸਿਰਫ ਭਾਜਪਾ ਨੂੰ ਹਰਾਉਣ ਨਾਲ ਇਸ 'ਤੇ ਚੁੱਪ ਕਰਕੇ ਨਹੀਂ ਬੈਠਣਾ ਚਾਹੀਦਾ। ਇਹ ਹਿੰਦੂ ਰਾਸ਼ਟਰ ਦਾ ਪ੍ਰਚਾਰ ਫਿਰ ਤੋਂ ਤਾਕਤ ਵਿੱਚ ਆ ਸਕਦਾ ਹੈ। ਇਸ ਲਈ ਲੋਕ ਏਕਤਾ ਬਣਾਉਣ ਤੇ ਜਾਤੀਵਾਦ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲਿਆਂ ਦੇ ਬਹਿਕਾਵੇ ਵਿੱਚ ਨਾ ਆਉਣ। ਸਾਬਕਾ ਕੌਂਸਲਰ ਸ਼ਿਵਚਰਨ ਸੂਚਨ ਨੇ ਕਿਹਾ ਕਿ ਦੇਸ਼ ਅੱਜ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਧਰਮ ਦੇ ਨਾਂਅ 'ਤੇ ਜੋ ਰਾਜਨੀਤੀ ਹੋ ਰਹੀ ਹੈ, ਉਹ ਸਾਡੀ ਭਾਈਚਾਰਕ ਸਾਂਝ ਨੂੰ




ਤੋੜ ਰਹੀ ਹੈ, ਜਿਸ 'ਤੇ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜਦੋਂ ਤੱਕ ਸਾਡੇ ਦੇਸ਼ ਦੇ ਲੋਕ ਆਪਣੀਆਂ ਮੂਲ ਸਮੱਸਿਆਵਾਂ, ਆਪਣੇ ਹੱਕਾਂ, ਕਰਤੱਵਾਂ ਤੇ ਧਰਮ ਦੇ ਨਾਂਅ 'ਤੇ ਰਾਜਨੀਤੀ ਕਰਨ ਵਾਲਿਆਂ ਪ੍ਰਤੀ ਚੌਕਸ ਨਹੀਂ ਹੁੰਦੇ, ਉਦੋਂ ਤੱਕ ਵਿਰੂ ਤਾਕਤਾਂ ਸਾਡੇ ਵਿੱਚ ਵੰਡੀਆਂ ਪਾ ਕੇ ਸੱਤਾ ਹਥਿਆਉਂਦੀਆਂ ਰਹਿਣਗੀਆਂ। ਇਸ ਮੌਕੇ ਕਾ. ਮੇਜਰ ਸਿੰਘ ਦੁੱਲੋਵਾਲ, ਕੁੱਲ ਹਿੰਦ ਕ੍ਰਾਂਤੀਕਾਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਉਜਾਗਰ ਸਿੰਘ ਨੇ ਵੀ ਸੰਬੋਧਨ ਕੀਤਾ।

## ਰੁਕਨਾ ਮੁੰਗਲਾ ਵਿਖੇ ਚੱਲੀ ਗੋਲੀ 'ਚ ਇੱਕ ਜ਼ਖ਼ਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਕੁੱਲਗੜ੍ਹੀ ਅਧੀਨ ਆਉਂਦੇ ਪਿੰਡ ਰੁਕਨਾ ਮੁੰਗਲਾ ਵਿਖੇ ਚੱਲੀ ਗੋਲੀ ਵਿੱਚ ਇੱਕ ਲੜਕੇ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ ਹੈ। ਇਸ ਸੰਬੰਧੀ ਪੁਲਸ ਨੇ ਦੋ ਅਣਪਛਾਤੇ ਵਿਅਕਤੀਆਂ ਖਿਲਾਫ 307, 34 ਆਈਪੀਸੀ ਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਜ ਕੁਮਾਰ ਪੁੱਤਰ ਜਾਲਾ ਰਾਮ ਵਾਸੀ ਰੁਕਨਾ ਮੁੰਗਲਾ ਦੱਸਿਆ ਕਿ ਉਸ ਦਾ ਲੜਕਾ ਵਿਕਰਾਲ ਉਰਫ ਕ੍ਰਿਸ਼ ਆਪਣੇ ਦੋਸਤ ਦੀਪਕ ਉਰਫ ਦੀਪੂ ਪੁੱਤਰ ਧਰਮਾ ਵਾਸੀ ਰੁਕਨਾ ਮੁੰਗਲਾ ਦੇ ਨਾਲ ਉਸ ਦੀ ਭੂਆ ਸ਼ਮਾਂ ਪਤਨੀ ਮਲਕੀਤ ਉਰਫ ਬਿੱਟੂ ਰੁਕਨਾ ਦੇ ਘਰ ਲੱਗਾ ਹੋਇਆ ਚਾਰਜ ਤੇ ਮੋਬਾਇਨ ਫੋਨ ਲੈਣ ਲਈ ਕਰੀਬ ਸਾਢੇ 10 ਵਜੇ ਰਾਤ ਨੂੰ ਗਏ ਸੀ ਤਾਂ ਉਸ ਦਾ ਲੜਕਾ ਵਿਕਰਾਲ ਤੇ ਦੀਪਕ ਉਰਫ ਦੀਪੂ, ਜੋ ਸ਼ਮਾਂ ਦੇ ਘਰ ਰੁਕ ਗਏ ਤਾਂ ਐਨੇ ਨੂੰ ਮੋਟਰਸਾਈਕਲ 'ਤੇ ਸਵਾਰ ਹੋ ਕੇ 2 ਵਿਅਕਤੀ ਆਏ, ਜਿਨ੍ਹਾਂ ਨੇ ਆਉਂਦਿਆਂ ਹੀ ਸ਼ਮਾਂ ਪਤਨੀ ਮਲਕੀਤ ਉਰਫ ਬਿੱਟੂ ਦੇ ਘਰ ਵੱਲ ਦੋ ਫਾਇਰ ਮਾਰ ਦੇਣ ਦੀ ਨੀਯਤ ਨਾਲ ਕੀਤੇ, ਜੋ ਇਕ ਫਾਇਰ ਉਸ ਦੇ ਲੜਕੇ ਵਿਕਰਾਲ ਦੇ ਪੱਟ 'ਤੇ ਲੱਗਾ ਤੇ ਦੋਸ਼ੀਆਨ ਮੌਕੇ ਤੋਂ ਫਰਾਰ ਹੋ ਗਏ। ਰਾਜ ਕੁਮਾਰ ਨੇ ਦੱਸਿਆ ਕਿ ਉਸ ਦੇ ਲੜਕੇ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ 2 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਾਤਰਾਂ

### ਰੇਤਾ ਦੀ ਭਰੀ ਟਰੈਕਟਰ ਟਰਾਲੀ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਇੱਕ ਵਿਅਕਤੀ ਨੂੰ ਰੇਤਾ ਦੀ ਭਰੀ ਇੱਕ ਨਾਜਾਇਜ਼ ਟਰੈਕਟਰ ਟਰਾਲੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਕਿਲ੍ਹੇ ਵਾਲਾ ਮੋੜ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਜਸਪਾਲ ਸਿੰਘ ਉਰਫ ਜੱਸੀ ਪੁੱਤਰ ਗੁਰਦੀਪ ਸਿੰਘ ਵਾਸੀ ਕੰਧਾ ਵੱਲੀਆਂ ਨਾਜਾਇਜ਼ ਰੇਤਾ ਦੀ ਨਿਕਾਸੀ ਕਰਦਾ ਹੈ, ਜੋ ਅੱਜ ਵੀ ਆਪਣੇ ਟਰੈਕਟਰ ਟਰਾਲੀ 'ਤੇ ਨਾਜਾਇਜ਼ ਰੇਤਾ ਲੱਦ ਕੇ ਫਿਰੋਜ਼ਪੁਰ ਸ਼ਹਿਰ ਵੱਲ ਵੇਚਣ ਲਈ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕਰਕੇ ਮੁਲਜ਼ਮ ਨੂੰ ਕਾਬੂ ਕੀਤਾ ਗਿਆ ਤੇ ਮੌਕੇ 'ਤੇ 1 ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਬਰਾਮਦ ਹੋਈ।

### ਚੋਰੀ ਦੇ 12 ਮੋਬਾਈਲਾਂ ਸਣੇ ਪੰਜ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਖੋਹ ਕੀਤੇ ਹੋਏ 12 ਮੋਬਾਈਲ ਫੋਨ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਹਰਵਿੰਦਰ ਸਿੰਘ ਉਰਫ ਹੈਪੀ, ਰਣਜੋਧ ਸਿੰਘ, ਰਾਹੁਲ, ਵਰਿੰਦਰ ਸ਼ਰਮਾ ਤੇ ਨਰਿੰਦਰ ਕੁਮਾਰ ਨਾਮਕ ਵਿਅਕਤੀ ਲੋਕਾਂ ਦੀ ਕੁੱਟਮਾਰ ਕਰਕੇ ਉਨ੍ਹਾਂ ਤੋਂ ਜਬਰੀ ਮੋਬਾਈਲ ਤੇ ਮੋਟਰਸਾਈਕਲ ਖੋਹਣ ਦਾ ਕੰਮ ਕਰਦੇ ਹਨ, ਜੋ ਇਸ ਸਮੇਂ ਮੰਡੀ ਗੋਬਿੰਦਗੜ੍ਹ ਵੱਲ ਆ ਰਹੇ ਹਨ। ਮੁਖਬਰੀ ਦੇ ਆਧਾਰ 'ਤੇ ਸਹਾਇਕ ਥਾਣੇਦਾਰ ਰਜਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਨਾਕਾਬੰਦੀ ਕਰਦੇ ਹੋਏ ਹਰਵਿੰਦਰ ਸਿੰਘ ਹੈਪੀ ਵਾਸੀ ਪਿੰਡ ਸਕਰਾਲੀ, ਵਰਿੰਦਰ ਸ਼ਰਮਾ ਵਾਸੀ ਪਿੰਡ ਦਮਹੇੜੀ, ਰਣਜੋਧ ਸਿੰਘ, ਰਾਹੁਲ ਤੇ ਨਰਿੰਦਰ ਕੁਮਾਰ ਵਾਸੀਆਨ ਮੰਡੀ ਗੋਬਿੰਦਗੜ੍ਹ ਨੂੰ ਗ੍ਰਿਫਤਾਰ ਕਰ ਲਿਆ, ਜਿਨਾਂ ਦੇ ਕਬਜ਼ੇ 'ਚੋਂ ਖੋਹ ਕੀਤੇ ਹੋਏ 12 ਮੋਬਾਈਲ ਫੋਨ ਬਰਾਮਦ ਹੋਏ।

### ਚੋਰੀ ਦੇ 2 ਮੋਟਰਸਾਈਕਲਾਂ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਲੱਖੋਕੇ ਬਹਿਰਾਮ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ ਦੋ ਮੋਟਰਸਾਈਕਲਾਂ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਨਵਾਂ ਕਿਲ੍ਹੇ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਲਾਭਵੀਰ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਪਿੰਡ ਬਰੀ ਵਾਲਾ ਥਾਣਾ ਬਰੀ ਵਾਲਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਤੇ ਸੰਤੋਖ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਪਿੰਡ ਬਾਜਾ ਮਰਾੜ ਥਾਣਾ ਬਰੀ ਵਾਲਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਮੋਟਰਸਾਈਕਲ ਚੋਰੀ ਕਰਕੇ ਅੱਗੇ ਵੇਚਣ ਦਾ ਧੰਦਾ ਕਰਦੇ ਹਨ, ਜੋ ਅੱਜ ਵੀ ਚੋਰੀ ਕੀਤੇ ਮੋਟਰਸਾਈਕਲ ਅੱਗੇ ਵੇਚਣ ਲਈ ਬੱਸ ਅੱਡਾ ਪੁਲ ਨਹਿਰ ਸੋਢੀ ਵਾਲਾ ਪਾਸ ਗਾਹਕਾਂ ਦੀ ਉਡੀਕ ਕਰ ਰਹੇ ਹਨ। ਜੇਕਰ ਹੁਣੇ ਇਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਦੋਸ਼ੀਆਨ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 2 ਮੋਟਰਸਾਈਕਲ ਬਿਨਾਂ ਨੰਬਰੀ ਬਰਾਮਦ ਹੋਏ।

## ਨਜਾਇਜ਼ ਸ਼ਰਾਬ ਸਣੇ ਔਰਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ ਸਵਾ 8 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਔਰਤ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਚ. ਸੀ. ਅਮਨਦੀਪ ਸਿੰਘ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਬਸਤੀ ਚੱਕ ਸੁੱਕੜ ਵਿਖੇ ਪੁੱਜੇ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਅਮਨਦੀਪ ਕੌਰ ਪਤਨੀ ਸੁਖਜਿੰਦਰ ਸਿੰਘ ਉਰਫ ਨਿੱਕੂ ਵਾਸੀ ਬਸਤੀ ਚੱਕ ਸੁੱਕੜ ਜਲਾਲਾਬਾਦ, ਜੋ ਨਜਾਇਜ਼ ਸ਼ਰਾਬ ਵੇਚਣ ਦੀ ਆਦੀ ਹੈ, ਹੁਣ ਵੀ ਆਪਣੇ ਘਰ ਦੇ ਬਾਹਰ ਨਜਾਇਜ਼ ਸ਼ਰਾਬ ਵੇਚਣ ਲਈ ਬੈਠੀ ਹੋਈ ਹੈ ਅਤੇ ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਅਮਨਦੀਪ ਕੌਰ ਨੂੰ ਸਵਾ 8 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਹੈ। ਪੁਲਸ ਵੱਲੋਂ ਅਮਨਦੀਪ ਕੌਰ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਮੁੱਖ ਮੰਤਰੀ 12 ਨੂੰ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਬੁੱਤ ਤੋਂ ਪਰਦਾ ਹਟਾਉਣਗੇ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਮਹਾਨ ਦੇਸ਼ ਭਗਤ, ਪੈਪਸੂ ਦੀ ਮੁਜ਼ਾਹਰਾ ਲਹਿਰ ਦੇ ਆਗੂ ਤੇ ਸਰਕਾਰੀ ਕਿਰਤੀ ਕਾਲਜ ਨਿਆਲ ਦੇ ਬਾਨੀ ਕਾਮਰੇਡ ਤੇਜਾ ਸਿੰਘ ਸੁਤੰਤਰ ਦਾ ਮੁਜ਼ਾਰਾ ਲਹਿਰ ਦਾ ਕੇਂਦਰ ਬਿੰਦੂ ਰਹੇ ਪਿੰਡ ਨਿਹਾਲਗੜ੍ਹ ਵਿਖੇ ਆਦਮਕੱਦ ਬੁੱਤ ਸਥਾਪਤ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਕਿਸਾਨ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਨੇ ਦੱਸਿਆ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ 50ਵੀਂ ਬਰਸੀ ਮੌਕੇ 12 ਅਪ੍ਰੈਲ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬੁੱਤ ਤੋਂ ਪਰਦਾ ਹਟਾ ਕੇ ਲੋਕ ਅਰਪਣ ਕੀਤਾ ਜਾਵੇਗਾ। ਸਮਾਗਮ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

# ਨੌਜਵਾਨਾਂ ਨੂੰ ਹੈੱਲਥਕੇਅਰ ਸੈਕਟਰ 'ਚ ਹੁਨਰਮੰਦ ਬਣਾਉਣ ਲਈ ਏਮਜ਼ ਵੱਲੋਂ ਵਿਸ਼ੇਸ਼ ਉਪਰਾਲੇ ਜਾਰੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਭਾਰਤ ਵਿੱਚ ਆਪਣੀ ਕਿਸਮ ਦਾ ਪਹਿਲਾ ਏਮਜ ਬਠਿੰਡਾ ਤੇ ਨੈਸ਼ਨਲ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ (ਐਨਐਸਡੀਸੀ) ਵਿਚਕਾਰ ਏਮਜ਼ ਵਿਖੇ ਭਾਰਤ ਦੇ ਨੌਜਵਾਨਾਂ ਨੂੰ ਹੈਲਥਕੇਅਰ ਸੈਕਟਰ ਵਿੱਚ ਹੁਨਰਮੰਦ ਬਣਾਉਣ ਲਈ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਰੁਜ਼ਗਾਰ ਯੋਗ ਬਣਾਉਣ ਲਈ ਐਮਓਯੂ 'ਤੇ ਹਸਤਾਖਰ ਕੀਤੇ ਗਏ। ਇਸ ਮੌਕੇ ਮੁਖੀ, ਯੂਰੋਲੋਜੀ ਵਿਭਾਗ ਤੇ ਨੋਡਲ ਅਫ਼ਸਰ ਸੈਂਟਰ ਆਫ਼ ਐਕਸੀਲੈਂਸ ਇਨ ਹੈਲਥ ਸੈਕਟਰ, ਡਾ. ਕਵਲਜੀਤ ਸਿੰਘ ਨੇ ਕੋਵਿਡ ਦੇ ਸਮੇਂ ਦੌਰਾਨ 'ਰੇਸਪੀਰੇਟਰੀ ਥੈਰੇਪਿਸਟ' ਪ੍ਰੋਜੈਕਟ ਸ਼ੁਰੂ ਕਰਕੇ ਸਿਹਤ ਨਾਲ ਸਬੰਧਤ ਹੁਨਰ ਵਿਕਾਸ 'ਚ ਏਮਜ਼ ਦੁਆਰਾ ਨਿਭਾਈ ਗਈ ਭੂਮਿਕਾ ਬਾਰੇ ਚਾਨਣਾ ਪਾਇਆ।

ਇਸ ਤੋਂ ਇਲਾਵਾ ਵੈਂਟੀਲੇਟਰਾਂ ਤੇ ਬੁਨਿਆਦੀ ਆਈਸੀਯੂ ਅਭਿਆਸਾਂ 'ਚ ਸਟਾਫ ਨਰਸਾਂ ਨੂੰ ਸਿਖਲਾਈ ਦਿੱਤੀ।

ਇਸ ਦੌਰਾਨ ਸਲਾਹਕਾਰ ਐੱਨ.ਐੱਸ.ਡੀ.ਸੀ. ਡਾ. ਸੰਦੀਪ ਸਿੰਘ ਕੌੜਾ ਨੇ ਭਾਰਤ ਨੂੰ ਵਿਸ਼ਵ ਦੀ ਹੁਨਰ ਦੀ ਰਾਜਧਾਨੀ ਬਣਾਉਣ ਤੇ ਸਾਡੀ ਨੌਜਵਾਨ ਆਬਾਦੀ ਨੂੰ ਨੁਕਸਾਨ ਤੋਂ ਵਰਦਾਨ ਵਿੱਚ ਬਦਲਣ ਲਈ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕੀਤਾ। ਉਨ੍ਹਾਂ ਹਾਜ਼ਰੀਨ ਨੂੰ ਵਿਦੇਸ਼ਾਂ ਵਿੱਚ ਭਾਰਤ ਤੋਂ ਹੁਨਰਮੰਦ ਕ੍ਰਮਚਾਰੀਆਂ ਦੀ ਭਾਰੀ ਮੰਗ ਬਾਰੇ ਜਾਣੂ ਕਰਾਇਆ। ਉਨ੍ਹਾਂ ਕਿਹਾ ਕਿ ਐਨਐਸਡੀਸੀ ਓਈਟੀ (ਆਕੂਪੇਸ਼ਨਲ ਇੰਗਲਿਸ਼ ਟ੍ਰੇਨਿੰਗ) ਦੇ ਸਹਿਯੋਗ ਨਾਲ ਏਮਜ਼ ਵਿਖੇ ਆਪਣਾ ਭਾਸ਼ਾ ਕੇਂਦਰ ਸਥਾਪਤ ਕਰੇਗਾ ਤਾਂ ਜੁ ਏਮਜ਼ ਵਿਖੇ ਸਿਖਲਾਈ ਪ੍ਰਾਪਤ ਤੇ ਹੁਨਰਮੰਦ ਹੈਲਥਕੇਅਰ ਪ੍ਰੋਫੈਸਨਲ ਦੀ ਵਿਦੇਸ਼ ਪਲੇਸਮੈਂਟ ਲਈ ਸਨਮਾਨ ਕੀਤਾ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ. ਆਰ.ਪੀ ਸਿੰਘ ਨੇ ਏਮਜ ਤੇ ਐਨਐਸਡੀਸੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਜ਼ਿਲ੍ਹਾ ਪ੍ਰਸਾਸਨ ਵੱਲੋਂ ਹਰ ਤਰ੍ਹਾਂ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਦੌਰਾਨ ਸੀਈਓ ਐਨਐਸਡੀਸੀ ਸ੍ਰੀ ਵੇਦ ਮਨੀ ਤਿਵਾੜੀ ਨੇ ਸਿਹਤ ਨਾਲ ਸਬੰਧਤ ਹੁਨਰ ਵਿਕਾਸ ਵਿੱਚ ਏਮਜ਼ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਇਸ ਸਹਿਮਤੀ ਪੱਤਰ ਨੂੰ ਐਨਐਸਡੀਸੀ ਦੇ ਇਤਿਹਾਸ ਵਿੱਚ ਇੱਕ ਇਤਿਹਾਸਕ ਘਟਨਾ ਕਰਾਰ ਦਿੱਤਾ।

# ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਕੀਤੇ ਗਏ ਦੋ ਲੜਕੀਆਂ ਦੇ ਸਮੂਹਿਕ ਵਿਆਹ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ੍ਰੀ ਨੈਣਾਂ ਆਰੀਆ ਧਰਮਸ਼ਾਲਾ ਵਿਖੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਦੇ ਸਹਿਯੋਗ ਨਾਲ 2 ਕੰਨਿਆਵਾਂ ਦੇ ਸਮੂਹਿਕ ਵਿਆਹ ਕੀਤੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਤੇ ਸਮਾਜ ਸੇਵੀ ਰਮੇਸ਼ ਗਰਗ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ ਅਤੇ ਨਵ-ਵਿਆਹੁਤਾ ਜੋੜਿਆਂ ਨੂੰ ਆਪਣਾ ਅਸ਼ੀਰਵਾਦ ਦਿੱਤਾ। ਜੌੜਾਮਾਜਰਾ ਨੇ ਸ਼ਿਵ ਸ਼ੰਕਰ ਸੇਵਾ ਦਲ ਤੇ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਵੱਲੋਂ ਕੀਤੇ ਜਾ ਰਹੇ ਸਮਾਜਿਕ ਕੰਮਾਂ ਦੀ ਖੁੱਲ੍ਹ ਕੇ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਣਾ ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਕੰਮ ਪ੍ਰਸੰਸਾਯੋਗ ਹਨ, ਉਹ ਹਰ ਤਰੀਕੇ ਨਾਲ ਜੋ ਵੀ ਸੰਭਵ ਹੋਵੇਗਾ। ਇਨ੍ਹਾਂ ਸੰਸਥਾਵਾਂ ਨੂੰ ਅਪਣਾ ਸਹਿਯੋਗ ਦਿੰਦੇ ਰਹਿਣਗੇ। ਇਸ ਕਾਰਜ ਵਿੱਚ ਜੀਵਨ ਗਰਗ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਸਮਾਜ ਸੇਵੀ ਬੀ ਕੇ ਗੁਪਤਾ, ਠੇਕੇਦਾਰ ਪ੍ਰਮੋਦ ਸਿੰਗਲਾ, ਸਾਬਕਾ ਨਗਰ ਕੌਂਸਲ ਪ੍ਰਧਾਨ ਯਸ਼ਪਾਲ ਸਿੰਗਲਾ, ਸੰਜੇ ਮੰਤਰੀ, ਇੰਦਰ ਲੋਧੀ ਅਤੇ ਅਸ਼ੀਸ਼ ਚੋਪੜਾ ਤੋਂ ਇਲਾਵਾ ਹੋਰ ਦਾਨੀ ਸੱਜਣਾਂ ਵੱਲੋਂ ਵੀ ਯਥਾ ਸੰਭਵ ਸਹਿਯੋਗ ਦਿੱਤਾ ਗਿਆ। ਇਸ ਵਿਸ਼ੇਸ਼ ਮੌਕੇ ਸ੍ਰੀ ਸੱਚਾ ਮਹਾਂ ਕਲੇਸ਼ਵਰ ਆਸ਼ਰਮ ਰਿਸੀਕੇਸ਼ ਤੋਂ ਮਾਤਾ ਅਨੀਤਾ ਜੀ ਤੇ ਸੰਤ ਰਮੇਸ਼ ਜੀ ਨੇ ਨਵਵਿਆਹੁਤਾ ਜੋੜਿਆਂ ਨੂੰ ਆਪਣਾ ਅਸੀਰਵਾਦ ਪ੍ਰਦਾਨ ਕੀਤਾ। ਇਸ ਮੌਕੇ 'ਆਪ' ਆਗੂ ਗੋਪਾਲ ਕ੍ਰਿਸ਼ਨ ਗਰਗ, ਗੁਲਜ਼ਾਰ ਵਿਰਕ, ਜਤਿੰਦਰ ਝੰਡ, ਲਖਵਿੰਦਰ ਜਵੰਦਾ, ਸੰਨੀ ਪੋਪਲੀ, ਪ੍ਰਦੀਪ ਗੋਇਲ, ਰਿੰਕੂ ਚੋਪੜਾ, ਸੁਭਾਸ਼ ਠੇਕੇਦਾਰ, ਬੀਪੀਈਓ ਗੁਰਪ੍ਰੀਤ ਗੋਲਡੀ, ਬਲਵਿੰਦਰ ਭਟਨਾਗਰ, ਭੀਮ ਸਿੰਗਲਾ, ਮਨੋਜ ਕੁਮਾਰ, ਜੈਕੀ ਮਹਿਰਾ, ਲਲਿਤ ਕੁਮਾਰ, ਸੁਨੈਨਾ ਮਿੱਤਲ, ਨਿਸਾਨ ਚੀਮਾ, ਪ੍ਰਵੀਨ ਸ਼ਰਮਾ, ਪ੍ਰਦੀਪ ਸ਼ਰਮਾ, ਨੀਰਜ ਕੁਮਾਰ ਤੇ ਸ਼ਹਿਰ ਦੇ ਹੋਰ ਪਤਵੰਤੇ ਵੀ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਰਜਤ ਗੋਇਲ ਵੱਲੋਂ ਨਿਭਾਈ ਗਈ ਅਤੇ ਉਨ੍ਹਾਂ ਵੱਲੋਂ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

## ਝਾੜ ਸਾਹਿਬ ਕਾਲਜ ਅਕਾਦਮਿਕ ਸਿੱਖਿਆ ਦੇ ਨਾਲ ਵਾਧੂ ਗਤੀਵਿਧੀਆਂ 'ਚ ਵੀ ਮੋਹਰੀ : ਪ੍ਰਿੰ. ਰਜਿੰਦਰ ਕੌਰ

**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ



ਚਲ ਰਿਹਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਜਿੱਥੇ ਅਕਾਦਮਿਕ ਸਿੱਖਿਆ ਵਿੱਚ ਮੋਹਰੀ ਰਿਹਾ ਹੈ, ਉੱਥੇ ਵੱਖ ਵੱਖ ਵਿਸ਼ਿਆਂ 'ਤੇ ਕਾਲਜ ਵਿੱਚ ਕਰਵਾਈਆਂ ਜਾਂਦੀਆਂ ਵਾਧੂ ਗਤੀਵਿਧੀਆਂ ਵਿੱਚ ਵੀ ਚੰਗਾ ਨਾਮਣਾ ਖੱਟਿਆ ਹੈ। ਇਹ ਦਾਅਵਾ ਕਾਲਜ ਦੀ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਕਾਲਜ ਦੀਆਂ ਵਿਦਿਆਰਥਣਾਂ ਪ੍ਰੀਖਿਆ ਪਾਸ ਕਰਨ ਲਈ ਕਿਤਾਬੀ ਗਿਆਨ ਤਾਂ ਕਿਤਾਬਾਂ ਤੇ ਕਲਾਸ ਵਿੱਚ ਬੈਠ ਕੇ ਆਪਣੇ ਟੀਚਰਾਂ ਤੋਂ ਵੀ ਲੈ ਸਕਦੀਆਂ ਹਨ, ਪਰ ਵਾਧੂ ਗਤੀਵਿਧੀਆਂ ਰਾਹੀਂ ਉਨ੍ਹਾਂ ਨੂੰ ਅਜਿਹਾ ਤਜਰਬਾ ਤੇ ਗਿਆਨ ਪ੍ਰਾਪਤ ਹੁੰਦਾ ਹੈ, ਜੋ ਉਨ੍ਹਾਂ ਦੇ ਉਮਰ ਭਰ ਲਈ ਕੰਮ ਆਉਂਦਾ ਹੈ। ਉਨ੍ਹਾਂ ਕਿਹਾ ਕਿ ਕਾਲਜ ਦਾ ਮਨੋਰਥ ਵਿਦਿਆਰਥਣਾਂ ਨੂੰ ਰੋਜ਼ਗਾਰਮੁਖੀ ਤੇ ਕਿੱਤਾਮੁਖੀ ਸਿੱਖਿਆ ਦੇਣਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਜਿੱਥੇ ਕਾਲਜ ਦੀਆਂ ਵੱਖ ਵੱਖ ਕਲਾਸਾਂ ਦੇ ਸ਼ਾਨਦਾਰ ਨਤੀਜੀਆਂ ਨੇ ਕਾਲਜ ਦਾ ਨਾਂਅ ਚਮਕਾਇਆ ਹੈ, ਇਸੇ ਤਰ੍ਹਾਂ ਪਿਛਲੇ ਸਮੇਂ ਦੌਰਾਨ ਕਾਲਜ ਤੇ ਕਾਲਜ ਤੋਂ ਬਾਹਰ ਦੇ ਖੇਤਰ 'ਚ ਕਰਵਾਈਆਂ ਗਤੀਵਿਧੀਆਂ ਕਾਲਜ ਵਿਦਿਆਰਥਣਾਂ ਲਈ ਬਹੁਤ ਹੀ ਲਾਹੇਵੰਦ ਸਾਬਿਤ ਹੋਈਆਂ ਹਨ, ਜਿਨ੍ਹਾਂ ਤੋਂ ਇਹਨਾਂ ਵਿਦਿਆਰਥਣਾਂ ਨੂੰ ਵਿਸ਼ੇਸ਼ ਗਿਆਨ ਪ੍ਰਾਪਤ ਹੋਇਆ ਹੈ। ਪਿਛਲੇ ਸਮੇਂ ਦੌਰਾਨ ਕਾਲਜ ਵੱਲੋਂ ਸਮੇਂ ਸਮੇਂ 'ਤੇ ਕਰਵਾਏ ਗਏ ਸਮਾਗਮਾਂ ਤੇ ਟੂਰ ਪ੍ਰੋਗਰਾਮਾਂ ਦਾ ਵਿਸਥਾਰ 'ਚ ਜ਼ਿਕਰ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਇਨ੍ਹਾਂ ਗਤੀਵਧੀਆਂ ਦੀ ਸ਼ਲਾਘਾ ਕਰਦੇ ਹੋਏ ਸਮੂਹ ਸਟਾਫ ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਸਦਾ ਹੀ ਯਤਨਸ਼ੀਲ ਰਹੀ ਹੈ। ਉਨ੍ਹਾਂ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਮਿਆਰੀ ਸਿੱਖਿਆ ਦੇਣ ਦੇ ਨਾਲ-ਨਾਲ ਮੁਕਾਬਲੇ ਦੇ ਅਜੋਕੇ ਦੌਰ ਵਿੱਚ ਆਪਣੀ ਵਿਲੱਖਣ ਹੋਂਦ ਸਥਾਪਤ ਕਰਨ ਦੇ ਯੋਗ ਬਣਾਉਣਾ ਹੈ।

# ਵਿਧਾਇਕ ਭੁੱਲਰ ਨੇ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ

**ਕਿਸਾਨਾਂ ਨੂੰ ਮੰਡੀਆਂ 'ਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ : ਭੁੱਲਰ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਪੁਰਾਣੀ ਦਾਣਾ ਮੰਡੀ ਫਿਰੋਜ਼ਪੁਰ ਛਾਉਣੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ।ਉਨ੍ਹਾਂ ਕਿਸਾਨ ਜਸਵੰਤ ਸਿੰਘ ਪਿੰਡ ਧੀਰਾ ਪੱਤਰਾ ਵੱਲੋਂ ਲਿਆਂਦੀ ਕਣਕ ਦੀ ਖਰੀਦ ਸ਼ੁਰੂ ਕਰਵਾਈ ਤੇ ਕਿਸਾਨਾਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਜੀ ਆਇਆਂ ਕਿਹਾ।ਉਨ੍ਹਾਂ ਦੱਸਿਆ ਕਿ ਮੰਡੀਆਂ 'ਚ ਕਣਕ ਦੀ ਨਿਰਵਿਘਨ ਖਰੀਦ ਲਈ ਅਧਿਕਾਰੀਆਂ ਤੇ ਸਟਾਫ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਤੇ ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ। ਮੰਡੀਆਂ 'ਚ ਬਾਰਦਾਨੇ ਸਮੇਤ ਬਰਸਾਤਾਂ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਲੋੜ ਮੁਤਾਬਕ ਤਰਪਾਲਾਂ ਦੀ ਉਪਲਬੱਧਤਾ, ਕਿਸਾਨਾਂ, ਮਜ਼ਦੂਰਾਂ ਆਦਿ ਦੇ ਬੈਠਣ ਸਮੇਤ ਪੀਣ ਵਾਲੇ ਪਾਣੀ, ਛਾਂ ਸਮੇਤ ਹੋਰ ਬੁਨਿਆਦੀ ਲੋੜਾਂ ਨੂੰ ਯਕੀਨੀ ਵੀ ਬਣਾਇਆ ਗਿਆ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ 'ਚ ਸੁੱਕੀ ਹੋਈ ਕਣਕ ਹੀ ਲੈ ਕੇ ਆਉਣ ਤਾਂ ਜੋ ਮੰਡੀ 'ਚ ਆਈ ਕਣਕ ਦੀ ਨਾਲੋ-ਨਾਲ ਖਰੀਦ ਕਰਕੇ ਅਦਾਇਗੀ ਕੀਤੀ ਜਾ ਸਕੇ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖਰੀਦੀ ਜਿਣਸ ਦੀ ਅਦਾਇਗੀ ਨਾਲੋਂ-ਨਾਲ ਕਰਵਾਈ ਜਾਵੇਗੀ।ਇਸ ਮੌਕੇ ਵਿਧਾਇਕ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਨੂੰ ਮੰਡੀਆਂ 'ਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਹੋਈ ਬਰਸਾਤ ਤੇ ਗੜੇਮਾਰੀ ਕਾਰਨ ਸੂਬੇ ਦੇ ਕਿਸਾਨਾਂ ਦੀ ਹੋਈ ਫ਼ਸਲ ਦੇ ਨੁਕਸਾਨ ਦੀ ਭਰਪਾਈ ਲਈ ਪੰਜਾਬ ਸਰਕਾਰ ਵਚਨਬੱਧ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੁਦ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਗਿਆ ਹੈ ਤੇ ਅਧਿਕਾਰੀਆਂ ਨੂੰ ਤੁਰੰਤ ਗਿਰਦਾਵਰੀ ਕਰਕੇ ਰਿਪੋਰਟ ਭੇਜਣ ਅਤੇ ਕਿਸਾਨਾਂ ਨੂੰ ਮੁਆਵਜ਼ਾ ਦੇ ਕੇ ਰਾਹਤ ਦੇਣ ਲਈ ਹਦਾਇਤ ਕੀਤੀ ਗਈ ਹੈ।ਇਸ ਮੌਕੇ ਸੰਜੀਵ ਰਾਜਦੇਵ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਪ੍ਰਵੀਨ ਮੰਗਲ ਗੋਪਾਲ, ਬ੍ਰਿਜ ਮੋਹਨ ਮਿੱਤਲ, ਵਰੁਨ ਗਰਗ ਆਦਿ ਹਾਜ਼ਰ ਸਨ।ਇਸ ਦੌਰਾਨ ਆੜ੍ਹਤੀਆ ਐਸੋਸੀਏਸ਼ਨ ਵੱਲੋਂ ਵਿਧਾਇਕ ਦਾ ਮੰਡੀ 'ਚ ਪੁੱਜਣ 'ਤੇ ਸਵਾਗਤ ਕੀਤਾ ਗਿਆ।

# ਸਰਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਮਸਲਾ ਜਲਦ ਹੱਲ ਕਰੇਗੀ : ਮਲਕੀਤ ਥਿੰਦ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਪਿਛਲੇ ਲੰਬੇ ਸਮੇਂ ਸਲੱਮ ਬਸਤੀਆਂ ਤੇ ਪਿੰਡਾਂ ਵਿੱਚ ਕੰਮ ਕਰ ਰਹੇ ਤੇ ਹਰੇਕ ਵਰਗ ਨੂੰ ਮੁੱਢਲੀਆਂ ਸਿਹਤ ਸੇਵਾਵਾਂ ਦੇ ਰਹੇ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਕਿਸੇ ਵੀ ਸਰਕਾਰ ਨੇ ਮਸਲਾ ਹੱਲ ਨਹੀਂ ਕੀਤਾ, ਜਦਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਇਨ੍ਹਾਂ ਪ੍ਰੈਕਟੀਸ਼ਨਰਾਂ ਦਾ ਮਸਲਾ ਧਿਆਨ ਵਿੱਚ ਹੈ, ਜਿਸ ਨੂੰ ਜਲਦ ਵਿਚਾਰਿਆ ਜਾਵੇਗਾ। ਇਹ ਗੱਲ ਆਮ ਆਦਮੀ ਪਾਰਟੀ ਦੇ ਬੀ ਸੀ ਵਿੰਗ ਦੇ ਜਨਰਲ ਸਕੱਤਰ ਮਲਕੀਤ ਥਿੰਦ ਨੇ ਗੁਰੂ ਹਰਸਹਾਏ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਉਨ੍ਹਾਂ ਦੇ ਦਫਤਰ ਵਿੱਚ ਇੱਕ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਹੀ। ਥਿੰਦ ਨੇ ਕਿਹਾ ਕਿ ਪੰਜਾਬ ਦੀ 70% ਅਬਾਦੀ ਪਿੰਡਾਂ ਤੇ ਸਲੱਮ ਬਸਤੀਆਂ ਵਿੱਚ ਹੈ, ਜਿਸ ਨੂੰ ਰਾਤ, ਮੀਂਹ, ਹਨੇਰੀ, ਹਨੇਰੇ, ਸਵੇਰੇ ਲੋਕਾਂ ਨੂੰ ਸਸਤੀਆਂ ਤੇ ਮੁੱਢਲੀਆਂ ਸਿਹਤ ਸੇਵਾਵਾਂ ਮੈਡੀਕਲ ਪ੍ਰੈਕਟੀਸ਼ਨਰ ਹੀ ਦਿੰਦੇ ਹਨ, ਜਿਸ ਕਾਰਨ ਰਵਾਇਤੀ ਪਾਰਟੀਆਂ ਨੇ ਆਪੋ ਆਪਣੀਆਂ ਸਰਕਾਰਾਂ ਵਿੱਚ ਇਨ੍ਹਾਂ ਨੂੰ ਰਜਿਸਟਰਡ ਕਰਨ ਦੇ ਝੂਠੇ ਲਾਰੇ ਲਾਏ, ਪਰ ਮਸਲਾ ਹੱਲ ਨਹੀਂ ਕੀਤਾ, ਕਿਉਂਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਕੰਮ ਕਰ ਰਹੇ ਮੈਡੀਕਲ ਪ੍ਰੈਕਟੀਸ਼ਨਰ ਕਿਸੇ ਵੀ ਕਰੋਪੀ ਸਮੇਂ ਫਰੀ ਕੈਂਪ ਲਗਾ ਕੇ ਸਿਹਤ ਸੇਵਾਵਾਂ ਵੀ ਦਿੰਦੇ ਹਨ।

ਇਸ ਮੌਕੇ ਵੱਡੀ ਗਿਣਤੀ 'ਚ ਹਾਜ਼ਰ ਮੈਡੀਕਲ ਪ੍ਰੈਕਟੀਸ਼ਨਰਾਂ ਤੋਂ ਇਲਾਵਾ ਆਗੂ ਟੀਮ ਵਿੱਚ ਬਲਾਕ ਪ੍ਰਧਾਨ ਡਾ. ਪੂਰਨ ਸਿੰਘ, ਜਨਰਲ ਸਕੱਤਰ ਗੁਲਜਾਰ ਸਿੰਘ, ਖਜ਼ਾਨਚੀ ਰਾਜ ਕਰਨ, ਡਾ. ਰਮਨ ਕੁਮਾਰ, ਜਨਕ ਰਾਜ, ਡਾ. ਗੁਰਚਰਨ ਸਿੰਘ, ਅਸ਼ੋਕ ਸਿੰਘ, ਜੋਗਿੰਦਰ ਸਿੰਘ ਆਦਿ ਸ਼ਾਮਲ ਹਨ।

# ਐੱਸ ਜੀ ਪੀ ਸੀ ਮੈਂਬਰ ਹਰਿਆਊ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ


ਨਿਰਮਲ ਸਿੰਘ ਹਰਿਆਊ ਦੀ ਮ੍ਰਿਤਕ ਦੇਹ ਉੱਤੇ ਚਾਦਰ ਪਾਉਂਦੇ ਹੋਏ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਰਾਜਪੁਰਾ ਦੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ, ਨਿਸ਼ਾਨ ਸਿੰਘ ਬਣਵਾਲਾ)**

ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਓਪਰੇਸ਼ਨ ਦੌਰਾਨ ਦਿਲ ਦਾ ਦੌਰਾ ਪੈ ਜਾਣ ਮਗਰੋਂ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਨਿਰਮਲ ਸਿੰਘ ਹਰਿਆਊ ਦਾ ਅੰਤਮ ਸਸਕਾਰ ਪਿੰਡ ਹਰਿਆਊ ਵਿਖੇ ਉਨ੍ਹਾਂ ਦੇ ਫਾਰਮ ਹਾਊਸ ਨਜ਼ਦੀਕ ਖੇਤ ਵਿੱਚ ਕੀਤਾ ਗਿਆ। ਇਸ ਦੌਰਾਨ ਵੱਖ-ਵੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸਖਸੀਅਤਾਂ ਦੀ ਹਾਜ਼ਰੀ ਵਿੱਚ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ।

ਅੰਤਮ ਰਸਮਾਂ ਦੌਰਾਨ ਕਾਰ ਸੇਵਾ ਵਾਲੇ ਸੰਤ ਬਾਬਾ ਅਮਰੀਕ ਸਿੰਘ ਪਟਿਆਲਾ ਵਾਲੇ ਤੇ ਬਾਬਾ ਪ੍ਰਤਾਪ ਸਿੰਘ ਨੇ ਨਾਮ ਜਪਾਇਆ। ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਕਾਰਜ ਸਿੰਘ ਸੰਧੂ ਨੇ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਨਿਰਮਲ ਸਿੰਘ ਹਰਿਆਊ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਥੰਮ੍ਹ ਅਤੇ ਸਾਫ-ਸੁਥਰੀ ਛਵੀ ਦੇ ਮਾਲਕ ਬੇਦਾਗ ਲੀਡਰ ਸਨ। ਨਿਰਮਲ ਸਿੰਘ ਹਰਿਆਊ ਇਲਾਕੇ ਦੇ ਧਾਰਮਿਕ ਆਗੂ ਦੇ ਨਾਲ-ਨਾਲ ਸਮਾਜਕ ਆਗੂ ਹੁੰਦਿਆਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪ੍ਰਬੰਧਕ ਕਮੇਟੀ ਤੇ ਸਕੂਲ ਮੈਨੇਜਮੈਂਟ ਟਰੱਸਟ ਦੇ ਸਰਪ੍ਰਸਤ ਤੋਂ ਇਲਾਵਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤੇ ਕਾਲਜ ਟਰੱਸਟ ਪਾਤੜਾਂ ਦੇ ਮੈਂਬਰ ਸਨ।

## ਹੈਰੋਇਨ ਤੇ ਮੋਟਰਸਾਈਕਲਾਂ ਸਮੇਤ ਤਿੰਨ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ ਆਈ ਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਤਿੰਨ ਵਿਅਕਤੀਆਂ ਨੂੰ 220 ਗ੍ਰਾਮ ਹੈਰੋਇਨ ਤੇ ਦੋ ਬਿਨਾਂ ਨੰਬਰੀ ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਤੇ ਥਾਣਾ ਸਦਰ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਦਫਤਰ ਈਟੀਓ ਫਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਲਵਪ੍ਰੀਤ ਸਿੰਘ ਉਰਫ ਅਜੈ ਪੁੱਤਰ ਗੁਰਬਖਸ਼ ਸਿੰਘ ਵਾਸੀ ਵਾਰਡ ਨੰਬਰ 5 ਆਰੇ ਵਾਲੀ ਗਲੀ ਖਾਲਸਾ ਕਾਲੋਨੀ ਸਿਟੀ ਫਿਰੋਜ਼ਪੁਰ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਹੁਣ ਵੀ ਆਪਣੇ ਮੋਟਰਸਾਈਕਲ ਬੁਲਟ ਬਿਨਾਂ ਨੰਬਰੀ 'ਤੇ ਸਵਾਰ ਹੋ ਕੇ ਹੈਰੋਇਨ ਵੇਚਣ ਲਈ ਪੁੱਡਾ ਗਰਾਊਂਡ ਵਿਖੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਸਮੇਤ ਉਕਤ ਮੋਟਰਸਾਈਕਲ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਸਬ ਇੰਸਪੈਕਟਰ ਮੰਗਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਬਹਾਦਰ ਵਾਲਾ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਅਨ ਪੋਲਸ ਉਰਫ ਪਾਲ ਪੁੱਤਰ ਮਹਿੰਦਰ ਪਾਲ ਵਾਸੀ ਨੌਰੰਗ ਕੇ ਲੇਲੀ ਵਾਲਾ, ਲਵਜੀਤ ਸਿੰਘ ਉਰਫ ਸਲੀਮ ਪੁੱਤਰ ਚੰਨਾ ਸਿੰਘ ਵਾਸੀ ਪਿੰਡ ਜੈਮਲ ਵਾਲਾ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ, ਜੋ ਹੁਣ ਵੀ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਹੈਰੋਇਨ ਵੇਚਣ ਲਈ ਫਿਰੋਜ਼ਪੁਰ ਸ਼ਹਿਰ ਵੱਲ ਆ ਰਹੇ ਹਨ, ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀਆਨ ਨੂੰ ਸਮੇਤ ਮੋਟਰਸਾਈਕਲ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 120 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕੈਪਟਨ ਨਰੇਸ਼ ਵਰਮਾ ਦਾ ਸੇਂਟ ਮਹਾਂ ਪ੍ਰਗਿਆ ਅਵਾਰਡ ਨਾਲ ਸਨਮਾਨ




**ਜਗਰਾਓਂ (ਅਮਿਤ ਖੰਨਾ)**-ਆਰ. ਕੇ. ਹਾਈ ਸਕੂਲ ਜਗਰਾਓਂ ਦੇ ਸਾਬਕਾ ਪ੍ਰਿੰਸੀਪਲ, ਗੁਰੂ ਨਾਨਕ ਸਹਾਰਾ ਸੁਸਾਇਟੀ ਦੇ ਪ੍ਰਧਾਨ ਤੇ ਸਵੱਛ ਭਾਰਤ ਮਿਸ਼ਨ ਦੇ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਦਾ ਉਨ੍ਹਾ ਦੀਆਂ ਸਿੱਖਿਆ ਤੇ ਸਮਾਜ ਪ੍ਰਤੀ ਸ਼ਾਨਦਾਰ ਸੇਵਾਵਾਂ ਲਈ ਸੇਂਟ ਮਹਾਪ੍ਰਗਿਆ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਤੇ ਮੈਨੇਜਮੈਂਟ ਵੱਲੋਂ ਸੇਂਟ ਮਹਾਪ੍ਰਗਿਆ ਅਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਕੈਪਟਨ ਨਰੇਸ਼ ਵਰਮਾ ਨੂੰ ਸ਼ਾਨਦਾਰ ਮੋਮੈਂਟੋ, ਪ੍ਰਸੰਸਾ ਪੱਤਰ ਤੇ ਗਿਆਰਾਂ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਕੈਪਟਨ ਨਰੇਸ਼ ਵਰਮਾ ਨੇ ਡਾਇਰੈਕਟਰ ਵਿਸ਼ਾਲ ਜੈਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਇਹ ਰਾਸ਼ੀ ਅਪਣੇ ਸਮਾਜ ਸੇਵੀ ਕੰਮਾਂ ਵਿੱਚ ਵਰਤੋਂ ਕਰਨਗੇ। ਉਨ੍ਹਾ ਇਸ ਅਵਾਰਡ ਨੂੰ ਅਪਣੇ 'ਤੇ ਸੰਤ ਮਹਾਪ੍ਰਗਿਆ ਜੀ ਦਾ ਆਸ਼ੀਰਵਾਦ ਦੱਸਿਆ। ਇਸ ਮੌਕੇ ਡਾਇਰੈਕਟਰ ਵਿਸ਼ਾਲ ਜੈਨ, ਸੰਜੋਲੀ ਜੈਨ, ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਸਕੱਤਰ ਰਾਜ ਕੁਮਾਰ ਭੱਲਾ, ਆਰ. ਕੇ. ਹਾਈ ਸਕੂਲ ਦੇ ਮੈਨੇਜਰ ਰਜਿੰਦਰ ਜੈਨ, ਕ੍ਰਿਸ਼ਨ ਬਜਾਜ ਕੈਨੇਡਾ, ਪ੍ਰਿੰਸੀਪਲ ਮੈਡਮ ਵਰਮਾ, ਵਾਈਸ ਪ੍ਰਿੰਸੀਪਲ ਅਮਰਜੀਤ ਕੌਰ, ਜਤਿੰਦਰ ਬਾਂਸਲ, ਪ੍ਰਦੀਪ ਗੁਪਤਾ, ਜਸਵੰਤ ਰਾਏ, ਮੈਨੇਜਰ ਮਨਜੀਤ ਇੰਦਰ ਤੇ ਸਮੂਹ ਸਟਾਫ ਹਾਜ਼ਰ ਸੀ। ਮੰਚ ਸੰਚਾਲਨ ਮੈਡਮ ਅਮਰਜੀਤ ਕੌਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।

# ਟਰੱਕ ਅਪ੍ਰੇਟਰਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ : ਚੀਮਾ

**ਦਿੜ੍ਹਬਾ ਮੰਡੀ/ਛਾਜਲੀ (ਜਸਵੀਰ ਲਾਡੀ)**



ਹਰ ਮੁਲਕ ਦੀ ਤਰੱਕੀ ਦਾ ਟਰੱਕ ਅਪਰੇਟਰ ਮੁੱਖ ਧੁਰਾ ਹੁੰਦੇ ਹਨ, ਜਿਸ ਕਰਕੇ ਪੰਜਾਬ ਅਪ੍ਰੇਟਰਾਂ ਨੂੰ ਕੋਈ ਵੀ ਸਮੱਸਿਆਵਾਂ ਨਹੀਂ ਆਉਣ ਦਿੱਤੀ ਜਾਵੇਗੀ। ਇਹ ਵਿਚਾਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਟਰੱਕ ਅਪ੍ਰੇਟਰ ਯੂਨੀਅਨ ਦਿੜ੍ਹਬਾ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਚੀਮਾ ਨੇ ਟਰੱਕ ਅਪ੍ਰੇਟਰਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਸੀਜ਼ਨ ਦਾ ਕੰਮ ਸ਼ੁਰੂ ਕੀਤੇ ਜਾਣ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਇਸ ਕਰਕੇ ਟਰੱਕ ਅਪ੍ਰੇਟਰਾਂ ਦੀ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਇੱਕ ਟਰੱਕ ਨਾਲ ਕਈ ਪਰਵਾਰ ਜੁੜੇ ਹੁੰਦੇ ਹਨ, ਜਿਸ ਨਾਲ ਉਹ ਆਪਣੇ ਪਰਵਾਰ ਦਾ ਪੇਟ ਭਰਨ ਦੇ ਨਾਲ-ਨਾਲ ਦੇਸ਼ ਦੀ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹਨ।

ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਨੇ ਵੀ ਸਰਕਾਰ ਵੱਲੋਂ ਟਰੱਕ ਅਪ੍ਰੇਟਰਾਂ ਨੂੰ ਹਰ ਤਰ੍ਹਾਂ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਸਰਕਾਰ ਹਰ ਵਰਗ ਦਾ ਖਿਆਲ ਰੱਖ ਰਹੀ ਹੈ। ਟਰੱਕ ਅਪਰੇਟਰ ਯੂਨੀਅਨ ਦੇ ਪ੍ਰਧਾਨ ਅਜੈ ਸਿੰਗਲਾ ਨੇ ਜਿੱਥੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ, ਉਥੇ ਟਰੱਕ ਅਪ੍ਰੇਟਰਾਂ ਦੀਆਂ ਮੰਗਾਂ ਬਾਰੇ ਵੀ ਮੰਤਰੀ ਨੂੰ ਜਾਣੂ ਕਰਾਇਆ।

ਸੀਨੀਅਰ ਅਕਾਲੀ ਆਗੂ ਤੇਜਾ ਸਿੰਘ ਕਮਾਲਪੁਰ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਘੁਮਾਣ, ਆਮ ਪਾਰਟੀ ਦੀ ਇਸਤਰੀ ਵਿੰਗ ਦੀ ਸੂਬਾ ਆਗੂ ਜਸਵੀਰ ਕੌਰ ਸ਼ੇਰਗਿੱਲ, ਇੰਪਰੂਮੈਂਟ ਟਰੱਸਟ ਸੰਗਰੂਰ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ, ਸੂਬਾ ਆਗੂ ਰਵਿੰਦਰ ਸਿੰਘ ਮਾਨ, ਸਾਬਕਾ ਪ੍ਰਧਾਨ ਜਗਸੀਰ ਸੀਰਾ, ਸੁਰਜੀਤ ਸਿੰਘ ਨਿਹੰਗ, ਸੁਨੀਲ ਬਾਂਸਲ, ਮਨਿੰਦਰ ਘੁਮਾਣ, ਰਾਣਾ ਸ਼ੇਰਗਿੱਲ, ਰਾਜ ਸਿੰਘ ਸਿੱਧੂ ਆਦਿ ਵੀ ਮੌਜੂਦ ਸਨ।

# ਸ਼ਿਵਾਲਿਕ ਮਲਟੀਪਰਪਜ਼ ਪਬਲਿਕ ਸਕੂਲ ਪੰਜਾਬ ਭਰ 'ਚੋਂ ਮੋਹਰੀ



**ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਸ਼ਿਵਾਲਿਕ ਮਲਟੀਪਰਪਜ਼ ਪਬਲਿਕ ਸਕੂਲ ਦਾ 5ਵੀਂ ਜਮਾਤ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ। ਇਸ ਸਕੂਲ ਨੇ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਨੂੰ ਪਛਾੜਦਿਆਂ ਹਲਕੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਕੂਲ ਦੇ ਵਧੀਆ ਨਤੀਜੇ ਆਉਣ 'ਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਹਲਕਾ ਇੰਚਾਰਜ 'ਆਪ' ਬਲਕਾਰ ਸਿੰਘ ਗੱਜੂਮਾਜਰਾ, ਹਰਜਿੰਦਰ ਸਿੰਘ ਮਿੱਠੂ ਜੌੜਾਮਾਜਰਾ, ਡਾਕਟਰ ਸੁਰਜੀਤ ਸਿੰਘ ਦਾਹੀਆ ਤੇ ਹੋਰ ਰਾਜਨੀਤਕ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਇਸ ਪ੍ਰਾਪਤੀ ਲਈ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਸਕੂਲ ਪ੍ਰਬੰਧਕਾਂ ਨੂੰ ਮੁਬਾਰਕਬਾਦ ਦਿੱਤੀ।

ਸਕੂਲ ਦੇ ਪ੍ਰੈਜ਼ੀਡੈਂਟ ਵਿਨੋਦ ਕੁਮਾਰ ਤੇ ਸਕੂਲ ਦੀ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਨੇ ਪਹਿਲੀਆਂ ਤੇ ਦੂਜੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਫੁੱਲਾਂ ਦਾ ਹਾਰ ਪਾ ਕੇ ਸੁਵਾਗਤ ਕੀਤਾ। ਲੱਡੂਆਂ ਨਾਲ ਉਨ੍ਹਾਂ ਦਾ ਮੂੰਹ ਮਿੱਠਾ ਕਰਾਇਆ ਤੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਸਕੂਲ ਦੇ ਪ੍ਰਬੰਧਕ ਵਿਨੋਦ ਕੁਮਾਰ ਕਿਹਾ ਕਿ ਪੰਜਵੀਂ ਕਲਾਸ ਦੇ ਹੋਣਹਾਰ ਵਿਦਿਆਰਥੀ ਜਸਲੀਨ ਸੋਹਲ, ਰਿਤਿਸ਼ਾ ਰਾਣੀ ਅਤੇ ਹਿਤੇਸ਼ਰੀ ਨੇ 100% ਅੰਕ ਲੈ ਕੇ ਜਮਾਤ ਵਿੱਚੋਂ ਪਹਿਲੇ ਸਥਾਨ ਹਾਸਲ ਕੀਤੇ ਹਨ। ਪ੍ਰਿੰਸੀਪਲ ਮੈਡਮ ਰੇਨੂੰ ਬਾਲਾ ਨੇ ਵਿਦਿਆਰਥੀ ਤੇ ਸਕੂਲ ਅਧਿਅਪਕਾਂ ਨੂੰ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ। ਇਸ ਮੌਕੇ ਸਕੂਲ ਪ੍ਰੈਜ਼ੀਡੈਂਟ ਵਿਨੋਦ ਕੁਮਾਰ ਨੇ ਕਿਹਾ ਕਿ ਚੰਗਾ ਰਿਜਲਟ ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਦੀ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਬੱਚਿਆਂ ਨੂੰ ਅਗਲੀਆਂ ਕਲਾਸਾਂ ਲਈ ਹੋਰ ਸਖਤ ਮਿਹਨਤ ਕਰਕੇ ਆਪਣੇ ਸਕੂਲ, ਪਿੰਡ ਤੇ ਮਾਪਿਆ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਵਿਨੋਦ ਕੁਮਾਰ (ਸ਼ੈਂਟੀ), ਅਧਿਆਪਕ ਸਿਕੰਦਰ ਕੌਰ, ਰਸ਼ਿਕਾ, ਤਾਨੀਆ ਤੇ ਸੁਰੇਖਾ ਆਦਿ ਵੀ ਹਾਜ਼ਰ ਸਨ।

# ਕਾਂਗਰਸ ਵੱਲੋਂ ਹੱਥ ਨਾਲ ਹੱਥ ਜੋੜੋ ਮੁਹਿੰਮ ਤਹਿਤ ਮੀਟਿੰਗ



ਮੀਟਿੰਗ ਉਪਰੰਤ ਕਾਂਗਰਸ ਪਾਰਟੀ ਦੇ ਆਗੂ।

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**-ਹਲਕਾ ਸ਼ੁਤਰਾਣਾ ਕਾਂਗਰਸ ਪਾਰਟੀ ਵੱਲੋਂ "ਹੱਥ ਨਾਲ ਹੱਥ ਜੋੜੋ" ਅਭਿਆਨ ਦੀ ਲਗਾਤਾਰਤਾ 'ਚ ਪਿੰਡ ਗੁਲਾਹੜ ਵਿਖੇ ਮੀਟਿੰਗ ਕੀਤੀ ਗਈ। ਇਸ ਅਭਿਆਨ ਦੌਰਾਨ ਕੇਂਦਰ 'ਚ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਅਤੇ ਪੰਜਾਬ 'ਚ ਭਗਵੰਤ ਮਾਨ ਸਰਕਾਰ ਵੱਲੋਂ ਆਮ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਵਿਸਤਾਰਪੂਰਵਕ ਜਾਣਕਾਰੀ ਆਮ ਲੋਕਾਂ ਨਾਲ ਸਾਂਝੀ ਕੀਤੀ ਗਈ।

ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਕਿਹਾ ਹੈ ਕਿ ਦੋਵੇਂ ਸਰਕਾਰਾਂ ਵਿਰੁੱਧ ਚਾਰਜਸ਼ੀਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਲੋਕ ਸਭਾ ਹਲਕਾ ਜਲੰਧਰ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਵਾਲੀਆਂ ਕੇਂਦਰ ਤੇ ਪੰਜਾਬ ਸਰਕਾਰ ਉੱਤੇ ਕਾਬਜ਼ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੱਕ ਤੋੜਵੀਂ ਹਾਰ ਦੇ ਕੇ ਬਦਲਾ ਲੈਣ ਦਾ ਮੌਕਾ ਆ ਗਿਆ ਹੈ। ਉਮੀਦ ਹੈ ਕਿ ਜਲੰਧਰ ਹਲਕੇ ਦੇ ਲੋਕ ਸੋਚ ਸਮਝ ਕੇ ਫੈਸਲਾ ਲੈਣਗੇ। ਇਸੇ ਦੌਰਾਨ ਭਾਰਤ ਜੋੜੋ ਯਾਤਰਾ ਦੇ ਨਾਇਕ ਰਾਹੁਲ ਗਾਂਧੀ ਦੀ ਯਾਤਰਾ ਦੌਰਾਨ ਅਹਿਮ ਘਟਨਾਕ੍ਰਮ ਸੰਬੰਧੀ ਲਿਖਿਆ ਪੱਤਰ ਆਮ ਜਨਤਾ ਵਿੱਚ ਵੰਡ ਕੇ ਉਨਾ ਦੀ ਲੋਕ ਸਭਾ ਤੋਂ ਬਰਖਾਸਤੀ ਸੰਬੰਧੀ ਜਨਤਾ ਨੂੰ ਜਾਗਰੂਕ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਕਾਂਗਰਸ ਦੇ ਪ੍ਰਧਾਨ ਰਣਜੀਤ ਸਿੰਘ ਮਤੌਲੀ, ਰਾਮਪਾਲ ਮਤੌਲੀ, ਪਿਆਰਾ ਸਿੰਘ ਗੁਲਾਹੜ, ਦਰਦਨ ਸਿੰਘ, ਲਖਵਿੰਦਰ ਸਿੰਘ ਸਰਪੰਚ ਗੁਲਾਹੜ ਖੁਰਦ, ਅਜੈਬ ਸਿੰਘ ਸਰਪੰਚ, ਡਾ. ਬਲਜਿੰਦਰ ਸਿੰਘ, ਮਾਗੇ ਰਾਮ, ਅਸ਼ੋਕ ਕੁਮਾਰ, ਕਰਤਾਰ ਸਿੰਘ, ਸੁੰਦਰ ਰਾਮ, ਗੋਪੀ ਰਾਮ ਪੰਚ, ਗੋਪੀ ਰਾਮ, ਅਸ਼ੋਕ ਕੁਮਾਰ, ਸਾਹਿਬ ਸਿੰਘ ਚੁਨਾਗਰਾ ਤੇ ਹੋਰ ਲੀਡਰ ਸਹਿਬਾਨ ਅਤੇ ਵਰਕਰ ਸਹਿਬਾਨ ਹਾਜ਼ਰ ਸਨ।

# ਡਾ. ਅੰਬੇਡਕਰ ਪਾਰਕ ਤੇ ਚੌਂਕ ਸੰਬੰਧੀ ਡਿਪਟੀ ਕਮਿਸ਼ਨਰ ਨੂੰ ਪੱਤਰ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ , ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਪ੍ਰਸਿੱਧ ਸਮਾਜ ਸੇਵਕ ਤੇ ਸੰਸਥਾ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਡਾ. ਅੰਬੇਡਕਰ ਚੌਂਕ ਦੀ ਪੁਨਰ ਸਥਾਪਤੀ ਲਈ ਕਈ ਵਾਰ ਸ਼ਾਸਨ ਪ੍ਰਸ਼ਾਸਨ ਨਾਲ ਗੱਲ ਕੀਤੀ, ਪਰੰਤੂ ਅਜੇ ਤੱਕ ਕੋਈ ਹਾਂ-ਪੱਖੀ ਜਾਂ ਸਾਰਥਕ ਹੱਲ ਨਹੀਂ ਕੀਤਾ ਗਿਆ। ਹੁਣ ਕੁਝ ਦਿਨਾਂ ਬਾਅਦ 14 ਅਪ੍ਰੈਲ ਨੂੰ ਡਾ. ਅੰਬੇਡਕਰ ਜੈਅੰਤੀ ਦਾ ਪਵਿੱਤਰ ਦਿਨ ਆਉਣ ਵਾਲਾ ਹੈ। ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖਿਆ ਹੈ। ਡਿਪਟੀ ਕਮਿਸ਼ਨਰ ਨੂੰ ਉਨ੍ਹਾ ਦੇ ਵਟਸਐਪ ਨੰਬਰ 'ਤੇ ਭੇਜੇ ਗਏ ਇਸ ਪੱਤਰ ਅਨੁਸਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਦੀ ਸਾਫ ਸਫਾਈ, ਪੌਦਿਆਂ ਦੀ ਕਟਾਈ ਛਟਾਈ ਦਾ ਕੰਮ ਤੇ ਮਲੋਟ ਰੋਡ ਸਥਿਤ ਬੱਸ ਸਟੈਂਡ ਦੇ ਸਾਹਮਣੇ ਬਣੇ ਡਾ. ਅੰਬੇਡਕਰ ਚੌਕ ਨੂੰ ਮੁੜ ਤੋਂ ਸਥਾਪਤ ਕਰਨ ਅਤੇ ਉੱਥੇ ਡਿਸਪਲੇਅ ਬੋਰਡ ਲਗਾਉਣ ਦੀ ਮੰਗ ਕੀਤੀ ਹੈ। ਇਹ ਸਾਰਾ ਕੰਮ ਅੰਬੇਡਕਰ ਜੈਅੰਤੀ ਤੋਂ ਪਹਿਲਾਂ ਮੁਕੰਮਲ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਪੱਤਰ ਦੀ ਇੱਕ ਨਕਲ ਸਥਾਨਕ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਵੀ ਭੇਜ ਦਿੱਤੀ ਗਈ ਹੈ। ਪ੍ਰਧਾਨ ਢੋਸੀਵਾਲ ਉਮੀਦ ਜ਼ਾਹਰ ਕੀਤੀ ਹੈ ਕਿ ਆਉਂਦੀ 14 ਅਪ੍ਰੈਲ ਤੋਂ ਪਹਿਲਾਂ ਉਕਤ ਦੋਵੇਂ ਕਾਰਜ ਪੂਰੇ ਕੀਤੇ ਜਾਣ ਦੀ ਪੂਰੀ ਸੰਭਾਵਨਾ ਹੈ।

# ਬਰੌਡਵੇ ਪਬਲਿਕ ਸਕੂਲ 'ਚ 'ਉਤਸਵ ਵਿਰਾਸਤ ਹਾਲ' ਸਮਾਗਮ ਕਰਾਇਆ



ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)- ਬਰੌਡਵੇ ਪਬਲਿਕ ਸਕੂਲ ਮਨਾਲ (ਬਰਨਾਲਾ) ਵਿਖੇ ਨਵੇਂ ਉਸਾਰੇ ਸ਼ਾਨਦਾਰ ਆਡੀਟੋਰੀਅਮ 'ਉਤਸਵ ਵਿਰਾਸਤ ਹਾਲ' ਦਾ ਉਦਘਾਟਨ ਸਮਾਰੋਹ ਧੂਮ ਧੜੱਕੇ ਨਾਲ ਕਰਾਇਆ ਗਿਆ। ਮੁੱਖ ਮਹਿਮਾਨ ਵਜੋਂ ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ ਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਏ ਆਰ ਸ਼ਰਮਾ ਨੇ ਸ਼ਮੂਲੀਅਤ ਕੀਤੀ। ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫੀ ਡਾਇਰੈਕਟਰ ਨਵਨੀਤ ਕੌਰ ਚੀਮਾ ਤੇ ਵਿਦਿਆਰਥੀਆਂ ਦੇ ਮਾਪੇ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਗੁਰਬਾਣੀ ਸ਼ਬਦ ਗਾਇਨ ਨਾਲ ਹੋਈ। ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਸੰਸਥਾ ਦੀਆਂ ਪ੍ਰਾਪਤੀਆਂ, ਸਰਗਰਮੀਆਂ ਬਾਰੇ ਵਿਸਥਾਰ ਪੂਰਵਕ ਜ਼ਿਕਰ ਕੀਤਾ। ਵਿਦਿਆਰਥੀ ਕਲਾਕਾਰਾਂ ਵੱਲੋਂ ਪੇਸ਼ ਕੀਤੇ ਰੰਗਾਰੰਗ ਪ੍ਰੋਗਰਾਮ ਵਿਚ 'ਖਾਲਸਾ ਪੰਥ' ਗੀਤ, 'ਕੈਨੇਡਾ ਜਾਣ ਦੀ ਇੱਛਾ' ਤੇ 'ਧਰਮਰਾਜ ਦੀ ਕਚਿਹਰੀ' ਨਾਟਕ, ਪੰਜਾਬੀ ਸੱਭਿਆਚਾਰ ਝੂੰਮਰ ਤੇ ਭੰਗੜੇ ਦੀ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਸਕੂਲ ਦਾ ਮੈਗਜ਼ੀਨ 'ਨਿਊਜ਼ ਲੈਟਰ' ਵੀ ਰਿਲੀਜ਼ ਕੀਤਾ ਗਿਆ। ਸਕੂਲ ਦੇ ਸਾਬਕਾ ਵਿਦਿਆਰਥੀਆਂ ਨੂੰ ਵੀ ਸਨਮਾਨ ਚਿੰਨ੍ਹ ਭੇਟ ਕੀਤੀ ਗਏ। ਮੁੱਖ ਮਹਿਮਾਨ ਐਮ ਪੀ ਗੁਰਜੀਤ ਸਿੰਘ ਔਜਲਾ ਨੇ ਸੰਸਥਾ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਸਮੂਹ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਨੇ ਮੁੱਖ ਮਹਿਮਾਨ ਔਜਲਾ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕਰਦਿਆ ਵਿਸ਼ੇਸ਼ ਧੰਨਵਾਦ ਤੌਰ 'ਤੇ ਕੀਤਾ।

# ਸਲਾਰੀਆ ਵੱਲੋਂ ਜਨ ਸੇਵਾ ਫਾਊਂਡੇਸ਼ਨ ਦੇ ਦਫਤਰ ਦਾ ਉਦਘਾਟਨ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਵਿਖੇ ਸਲਾਰੀਆ ਜਨ ਸੇਵਾ ਫਾਊਂਡੇਸ਼ਨ ਦੇ ਦਫਤਰ ਦਾ ਉਦਘਾਟਨ ਸਵਰਨ ਸਲਾਰੀਆ ਵੱਲੋਂ ਕੀਤਾ ਗਿਆ। ਰਾਜੂ ਪੰਡਿਤ, ਕੁਲਵਿੰਦਰ ਕੌਰ ਕਾਦੀਆਂ, ਯੋਗੀਰਾਜ ਪਰਬੋਧ ਅਤੇ ਬਖਸ਼ੀਸ਼ ਸਿੰਘ ਇੰਸਪੈਕਟਰ ਬੁਲਾਰਿਆਂ ਨੇ ਜਨ ਸੇਵਾ ਫਾਊਂਡੇਸ਼ਨ ਦੇ ਬਾਰੇ ਆਪਣੇ ਵਿਚਾਰ ਰੱਖੇ। ਸਵਰਨ ਸਲਾਰੀਆ ਨੇ ਕਿਹਾ ਕਿ ਹਰੇਕ ਪਿੰਡ 'ਚੋਂ ਡਾਇਰੈਕਟਰ, ਡਿਪਟੀ ਡਾਇਰੈਕਟਰ ਜਿਨ੍ਹਾਂ ਨੂੰ ਹੁਣੇ ਹੀ ਨਿਯੁਕਤੀ ਪੱਤਰ ਦਿੱਤੇ ਜਾਣਗੇ, ਉਨ੍ਹਾਂ ਦੇ ਕੰਮਾਂ ਬਾਰੇ ਵਿਸਥਾਰਪੂਰਵਕ ਦੱਸਿਆ।

ਹਰ ਪਿੰਡ 'ਚੋਂ ਇੱਕ ਇੱਕ ਮੈਂਬਰ ਚੁਣਿਆ ਜਾਵੇਗਾ ਤੇ ਇੱਕ ਮੈਂਬਰ ਦਾ 15 ਲੱਖ ਰੁਪਏ ਦਾ ਬੀਮਾ, ਦਸ ਲੱਖ ਦਾ ਬੀਮਾ ਅਤੇ 5 ਲੱਖ ਦਾ ਪਰਵਾਰ ਦਾ ਬੀਮਾ ਕੀਤਾ ਜਾਵੇਗਾ। ਹਰੇਕ ਪਰਵਾਰ ਦੇ ਘਰ 'ਚ ਕਿਸੇ ਨੂੰ ਪੈਰਾਂ ਤੋਂ ਲੈ ਕੇ ਸਿਰ ਤੱਕ ਕਿਸੇ ਕਿਸਮ ਦੀ ਬਿਮਾਰੀ ਹੋਵੇਗੀ, ਉਸ ਦਾ ਇਲਾਜ ਪਠਾਨਕੋਟ ਵਿਖੇ ਵਾਈਡ ਕਾਲਜ ਅਤੇ ਹਸਪਤਾਲ 'ਚ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਇਸ ਪਿੰਡ ਵਿਚੋਂ 30 ਮੈਂਬਰ ਲਏ ਜਾਣਗੇ। ਡੇਰਾ ਬਾਬਾ ਨਾਨਕ ਨੂੰ ਤਿੰਨ ਐਂਬੂਲੈਂਸਾਂ ਦਿੱਤੀਆਂ ਗਈਆਂ ਹਨ। ਕੋਈ ਵੀ ਵਿਅਕਤੀ ਬਿਮਾਰ ਹੁੰਦਾ ਹੈ ਉਸ ਨੂੰ ਇਹ ਐਂਬੂਲੈਂਸ ਘਰ ਤੋਂ ਲੈ ਕੇ ਹਸਪਤਾਲ ਤੱਕ ਲੈ ਕੇ ਜਾਵੇਗੀ ਤੇ ਕੋਈ ਵੀ ਪੈਸਾ ਵਸੂਲ ਨਹੀਂ ਕੀਤਾ ਜਾਵੇਗਾ। ਉਸ ਬਿਮਾਰ ਵਿਅਕਤੀ ਦਾ ਇਲਾਜ ਹਸਪਤਾਲ 'ਚ ਮੁਫਤ ਕੀਤਾ ਜਾਵੇਗਾ।

ਇਸ ਮੌਕੇ ਅਮਰੀਕ ਸਿੰਘ, ਪਰਮਜੀਤ ਸਿੰਘ, ਬਲਵੰਤ ਸਿੰਘ, ਭੁਪਿੰਦਰ ਸਿੰਘ, ਗੁਰਬਖਸ਼ ਸਿੰਘ, ਸਾਹਿਬ ਸਿੰਘ, ਬੀਰ ਸਿੰਘ, ਤਰਸੇਮ ਸਿੰਘ, ਸ਼ਾਮ ਸਿੰਘ, ਬਾਬਾ ਮੰਜੂ, ਡਾ. ਬਲਬੀਰ ਸਿੰਘ, ਚਰਨਜੀਤ ਆਦਿ ਹਾਜ਼ਰ ਸਨ।

# ਸਮਾਜ ਸੇਵੀ ਬਹਾਦਰ ਸਿੰਘ ਸਾਦੀਪੁਰ ਨੂੰ ਸਦਮਾ, ਚਾਚੇ ਦੇ ਬੇਟੇ ਦੀ ਮੌਤ

ਨੂਰਮਹਿਲ ( ਬਾਲੀ )-ਕਸਬਾ ਨੂਰਮਹਿਲ ਦੇ ਪ੍ਰਸਿੱਧ ਸਮਾਜ ਸੇਵਕ ਬਹਾਦਰ ਸਿੰਘ ਸਾਦੀਪੁਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਨੂੰ ਯੂ.ਕੇ. ਤੋਂ ਫੋਨ ਆਇਆ ਕਿ ਚਾਚੇ ਦੇ ਲੜਕੇ ਧਰਮਵੀਰ ਸਿੰਘ ਠੇਠੀ (45) ਪੁੱਤਰ ਅਵਤਾਰ ਸਿੰਘ ਠੇਠੀ ਦੀ ਮੌਤ ਹੋ ਗਈ ਹੈ।

ਧਰਮਵੀਰ ਸਿੰਘ ਠੇਠੀ ਪਿਛਲੇ ਦੋ ਸਾਲ ਤੋਂ ਬਿਮਾਰ ਚੱਲ ਰਿਹਾ ਸੀ। ਇਹ ਖਬਰ ਜਿਉਂ ਹੀ ਪਰਵਾਰ, ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੂੰ ਮਿਲੀ ਤਾਂ ਠੇਠੀ ਪਰਵਾਰ ਨਾਲ ਸਾਰਿਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਜੌੜਾਮਾਜਰਾ ਨੇ ਢੈਂਠਲ 'ਚ ਭਾਖੜਾ ਨਹਿਰ ਪੁਲ ਦਾ ਰੱਖਿਆ ਨੀਂਹ ਪੱਥਰ



**ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਹਲਕਾ ਸਮਾਣਾ ਦੇ ਪਿੰਡ ਢੈਂਠਲ ਵਿਖੇ ਭਾਖੜਾ 'ਤੇ ਪੁਲ ਦੀ ਉਸਾਰੀ ਕਾਰਜ ਸ਼ੁਰੂ ਕਰਵਾਉਣ ਲਈ ਨੀਂਹ ਪੱਥਰ ਰੱਖਿਆ। ਜੌੜਾਮਾਜਰਾ ਨੇ ਦੱਸਿਆ ਕਿ ਇਸ ਪੁਲ ਨੂੰ ਬਣਾਉਣ ਲਈ ਇਲਾਕੇ ਦੇ ਲੋਕਾਂ ਦੀ ਦਹਾਕਿਆਂ ਪੁਰਾਣੀ ਮੰਗ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਪੂਰੀ ਕਰਦਿਆਂ ਪੰਜਾਬ ਮੰਡੀ ਬੋਰਡ ਰਾਹੀਂ 4 ਕਰੋੜ ਰੁਪਏ ਜਾਰੀ ਕੀਤੇ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਇਸ ਪੁਲ ਦੇ ਬਣਨ ਨਾਲ ਇਲਾਕੇ ਦੇ 60 ਪਿੰਡਾਂ ਨਾਲ ਸੰਪਰਕ ਜੁੜੇਗਾ ਕਿਉਂਕਿ ਇਹ ਸੜਕ ਇਨ੍ਹਾਂ ਪਿੰਡਾਂ ਨੂੰ ਅੱਗੇ ਸਮਾਣਾ ਸ਼ਹਿਰ ਨਾਲ ਜੋੜਦੀ ਹੈ ਅਤੇ ਨਵਾਂ ਪੁਲ ਬਣਨ ਨਾਲ ਕੁਲ 100 ਪਿੰਡਾਂ ਦੇ ਵਸਨੀਕਾਂ ਨੂੰ ਲਾਭ ਮਿਲੇਗਾ। ਉਨ੍ਹਾ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਕਰੀਬ 70 ਸਾਲ ਪੁਰਾਣੇ ਇਸ ਪੁਲ ਨੂੰ ਨਵਾਂ ਬਣਾਉਣ ਦੀ ਮਨਜ਼ੂਰੀ ਦਿੱਤੀ। ਉਨ੍ਹਾ ਦੱਸਿਆ ਕਿ ਸਾਢੇ 7 ਮੀਟਰ ਤੇ 44 ਮੀਟਰ ਲੰਬਾ ਇਹ ਸਟੀਲ ਦਾ ਨਵਾਂ ਪੁਲ ਇੱਕ ਸਾਲ 'ਚ ਬਣ ਕੇ ਤਿਆਰ ਹੋ ਜਾਵੇਗਾ। ਚੇਤਨ ਸਿੰਘ ਜੌੜਾਮਾਜਰਾ, ਜਿਨ੍ਹਾਂ ਕੋਲ ਬਾਗਬਾਨੀ, ਰੱਖਿਆ ਸੇਵਾਵਾਂ ਭਲਾਈ ਅਤੇ ਸੁਤੰਤਰਤਾ ਸੰਗਰਾਮੀ ਵਿਭਾਗ ਵੀ ਹਨ, ਨੇ ਪੱਤਰਕਾਰਾਂ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਮਾਣਾ ਦੇ ਵਿਕਾਸ ਲਈ ਉਲੀਕੇ 100 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ, ਜਿਨ੍ਹਾਂ 'ਤੇ ਜਲਦੀ ਹੀ ਅਮਲ ਸ਼ੁਰੂ ਹੋਵੇਗਾ।

ਜੌੜਾਮਾਜਰਾ ਨੇ ਇਸ ਮੌਕੇ ਭਾਖੜਾ ਨਹਿਰ ਦੇ ਕਿਨਾਰਿਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਜਿੱਥੇ ਕਿਤੇ ਮੁਰੰਮਤ ਦੀ ਲੋੜ ਹੈ ਉਹ ਵੀ ਤੁਰੰਤ ਕਰਵਾਈ ਜਾਵੇਗੀ।

# ਕੇਂਦਰ ਸਰਕਾਰ ਬਾਰਸ਼ ਤੇ ਗੜੇਮਾਰੀ ਨੂੰ ਕੁਦਰਤੀ ਆਫਤ ਐਲਾਨ ਕੇ ਵਿਸ਼ੇਸ਼ ਪੈਕੇਜ ਦੇਵੇ : ਧਾਲੀਵਾਲ



**ਮਹਿਲ ਕਲਾਂ ( ਬਲਵਿੰਦਰ ਵਜੀਦਕੇ)**- ਕੇਂਦਰ ਦੀ ਮੋਦੀ ਸਰਕਾਰ ਪੰਜਾਬ 'ਚ ਹੋਈ ਬੇਵਕਤੀ ਤੇਜ਼ ਬਾਰਸ਼ ਤੇ ਗੜੇਮਾਰੀ ਨੂੰ ਕੁਦਰਤੀ ਆਫਤ ਐਲਾਨ ਕੇ ਵਿਸ਼ੇਸ਼ ਪੈਕੇਜ ਦੇਵੇ। ਇਹ ਵਿਚਾਰ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਜਗਦੀਪ ਸਿੰਘ ਧਾਲੀਵਾਲ ਚੌਹਾਨਕੇ ਖੁਰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ । ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਪੰਜਾਬ 'ਚ ਆਈ ਬੇਵਕਤੀ ਤੇਜ਼ ਹਨੇਰੀ ਮੀਂਹ ਗੜੇਮਾਰੀ ਨਾਲ ਹੋਏ ਨੁਕਸਾਨ ਨੂੰ ਕੁਦਰਤੀ ਆਫਤ ਐਲਾਨੇ ਤੇ ਪੰਜਾਬ ਦੇ ਕਿਸਾਨਾਂ ਲਈ ਵਿਸ਼ੇਸ਼ ਪੈਕੇਜ ਐਲਾਨ ਕਰੇ ਤਾਂ ਜੋ ਪਹਿਲਾਂ ਤੋਂ ਆਰਥਕ ਸੰਕਟ 'ਚੋਂ ਲੰਘ ਰਹੇ ਪੰਜਾਬ ਦੇ ਕਿਸਾਨਾਂ ਨੂੰ ਰਾਹਤ ਮਿਲੇ। ਉਨ੍ਹਾ ਕਿਹਾ ਕਿ ਕਿਸਾਨ ਪਹਿਲਾਂ ਹੀ ਫਸਲ ਉੱਪਰ ਬਹੁਤ ਖਰਚ ਕਰ ਚੁੱਕਾ ਸੀ। ਤਕਰੀਬਨ ਹਰੇਕ ਕਿਸਾਨ ਨੇ ਬੈਂਕ ਤੇ ਆੜ੍ਹਤੀਆਂ ਤੋਂ ਕਰਜ਼ਾ ਚੁੱਕ ਕੇ ਫਸਲ ਨੂੰ ਬੀਜਣ ਤੋਂ ਕੱਟਣ ਤਕ ਖਰਚਾ ਕੀਤਾ ਹੁੰਦਾ ਹੈ, ਪਰ ਕੁਦਰਤ ਦੀ ਕਰੋਪੀ ਕਾਰਨ ਕਿਸਾਨਾਂ ਦੀਆਂ ਸਭ ਆਸਾਂ 'ਤੇ ਪਾਣੀ ਫਿਰ ਚੁੱਕਿਆ ਹੈ। ਉਨ੍ਹਾ ਪੰਜਾਬ ਸਰਕਾਰ ਵੱਲੋਂ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਦੇ ਫੈਸਲੇ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਲਗਾਤਾਰ ਬਰਸਾਤ ਦੇ ਪਾਣੀ ਨਾਲ ਕਣਕ, ਸਬਜ਼ੀਆਂ ਅਤੇ ਬਾਗਬਾਨੀ ਸਾਰੀਆਂ ਫਸਲਾਂ ਦਾ ਮੁਆਵਜ਼ਾ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਮਿਲਣ ਲਈ ਅੱਗੇ ਆਵੇ।

# ਵਿਦਿਆਰਥੀਆਂ ਲਈ ਕੋਚਿੰਗ ਕਲਾਸਾਂ



**ਗੁਰੂ ਹਰਸਹਾਏ(ਮਨਦੀਪ ਸਿੰਘ ਸੋਢੀ)**-ਸਥਾਨਕ ਜੀ ਟੀ ਬੀ ਕੈਂਬਰਿਜ ਵਰਲਡ ਸਕੂਲ 'ਚ ਸਕੂਲ ਦੇ ਪ੍ਰਿੰਸੀਪਲ ਪ੍ਰਤਾਪ ਸਿੰਘ ਵਿਰਕ ਦੀ ਅਗਵਾਈ ਹੇਠ ਕੋਟਾ ਐਕਸਪਰਟਸ ਦੀ ਟੀਮ ਵੱਲੋਂ ਦਸਵੀਂ, ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਕੋਚਿੰਗ ਕਲਾਸਾਂ ਦੀ ਸ਼ੁਰੂਆਤ ਕੀਤੀ ਗਈ। ਇਸ ਨਾਮਵਰ ਸਕੂਲ ਨੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਕੋਟਾ ਐਕਸਪਰਟਸ ਦੀ ਟੀਮ ਨਾਲ ਸੰਪਰਕ ਕਰਦੇ ਹੋਏ ਇਨ੍ਹਾਂ ਕਲਾਸਾਂ ਦੀ ਸ਼ੁਰੂਆਤ ਕੀਤੀ ਜੋ ਕਿ ਲਗਾਤਾਰ ਜਾਰੀ ਰਹੇਗੀ।

ਕੋਟਾ ਐਕਸਪਰਟਸ ਦੀ ਟੀਮ ਡਾ. ਤਰੁਨਾ ਵਿਸਵਾਸ, ਪ੍ਰੋਫੈਸਰ ਅਸਲਮ ਸ਼ਾਹ, ਸ਼ਰਧਾ, ਪੂਜਾ, ਗੌਰਵ ਸ਼ਰਮਾ ਅਤੇ ਹਰਮਨ ਨੇ ਵਿਦਿਆਰਥੀਆਂ ਨੂੰ ਆਪਣੇ ਲੈਕਚਰਾਂ 'ਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਦੇ ਨਾਲ -ਨਾਲ ਕੋਟਾ ਐਕਸਪਰਟਸ ਦੀ ਕੋਚਿੰਗ ਦੀ ਅਹਿਮੀਅਤ ਬਾਰੇ ਵੀ ਜਾਣਕਾਰੀ ਦਿੱਤੀ। ਪ੍ਰਭਜੋਤ ਕੌਰ ਵਿਰਕ ਕੋਟਾ ਐਕਸਪਰਟਸ ਦੇ ਐਡਮਿਨਸਟਰੇਟਿਵ ਹੈਡ ਨੇ ਵੀ ਵਿਦਿਆਰਥੀਆਂ ਨੂੰ ਕੋਚਿੰਗ ਕਲਾਸਾਂ ਲੈਣ ਲਈ ਪ੍ਰੇਰਿਤ ਕੀਤਾ। ਫਿਰੋਜ਼ਪੁਰ ਜ਼ਿਲ੍ਹੇ ਦਾ ਇਹ ਪਹਿਲਾ ਸਕੂਲ ਹੈ ਜਿਸ ਨੇ ਬੱਚਿਆਂ ਦੇ ਬਾਹਰ ਜਾ ਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੇ ਸੁਪਨੇ ਨੂੰ ਸਾਕਾਰ ਕੀਤਾ ਹੈ ਅਤੇ ਮਾਪਿਆਂ ਲਈ ਵੀ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਰਹਿ ਕੇ ਉਚੇਰੀ ਵਿੱਦਿਆ ਪ੍ਰਾਪਤ ਕਰਨਗੇ। ਕੋਟਾ ਐਕਸਪਰਟਸ ਦੇ ਮੈਨੇਜਿੰਗ ਡਾਇਰੈਕਟਰ ਡਾ. ਵਿਜੈ ਵਿਸਵਾਸ ਨੇ ਦੱਸਿਆ ਕਿ ਇਸ ਡੈਮੋ ਕਲਾਸ ਤੋਂ ਇਹ ਪਤਾ ਲੱਗਾ ਹੈ ਕਿ ਵਿਦਿਆਰਥੀਆਂ 'ਚ ਇਸ ਕੋਚਿੰਗ ਕਲਾਸਾਂ ਲੈ ਕੇ ਬੜਾ ਉਤਸ਼ਾਹ ਹੈ।

# ਸਰਵਹਿੱਤਕਾਰੀ ਵਿੱਦਿਆ ਮੰਦਰ ਦਾ ਨਤੀਜਾ ਸ਼ਾਨਦਾਰ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਬੂੜਾਗੁੱਜਰ ਰੋਡ ਸਥਿਤ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਬੋਰਡ ਦੀ ਪ੍ਰੀਖਿਆ ਵਿੱਚ 32 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਸ 'ਚ 3 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਜ਼ਿਆਦਾ , 24 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਜ਼ਿਆਦਾ ਅਤੇ 5 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ। ਸਕੂਲ ਪ੍ਰਿੰਸੀਪਲ ਬਿੰਦਰਪਾਲ ਕੌਰ ਨੇ ਦੱਸਿਆ ਕਿ ਜਾਨਵੀ ਨੇ 91% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ , ਸ਼ਿਵਾਨੀ ਅਤੇ ਸਿੰਮੀ ਨੇ 90% ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਉਮਾ ਨੇ 89.6% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਦੇ ਪ੍ਰਧਾਨ ਅਸ਼ੋਕ ਕਮਰਾ, ਮੈਨੇਜਰ ਡਾ. ਅਜੈ ਛਾਬੜਾ, ਪ੍ਰਿੰਸੀਪਲ ਬਿੰਦਰਪਾਲ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਵਹੀਕਲ ਚੋਰੀ ਕਰਨ ਵਾਲੇ 2 ਚੋਰ ਕਾਬੂ

**ਧੂਰੀ (ਸੁਖਦੇਵ ਧੂਰੀ)**-ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ 2 ਵਿਅਕਤੀਆਂ ਨੂੰ ਸਿਟੀ ਪੁਲਸ ਵੱਲੋਂ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਥਾਣਾ ਸਿਟੀ ਦੇ ਐਸ ਐਚ ਓ ਰਮਨਦੀਪ ਸਿੰਘ ਬਾਵਾ ਨੇ ਦੱਸਿਆ ਕਿ 31 ਮਾਰਚ ਨੂੰ ਗੋਬਿੰਦ ਅਰੋੜਾ ਪੁੱਤਰ ਗਨੇਸ਼ ਦਾਸ ਵਾਸੀ ਸ਼ਿਵਪੁਰੀ ਮੁਹੱਲਾ ਨੇ ਆਪਣਾ ਛੋਟਾ ਹਾਥੀ (ਟੈਂਪੂ) ਦੇ ਚੋਰੀ ਹੋਣ ਦੀ ਰਿਪੋਰਟ ਸਿਟੀ ਥਾਣਾ ਵਿਖੇ ਦਰਜ ਕਾਰਵਾਈ ਸੀ, ਜਿਸ ਸਬੰਧੀ ਮੁਕੱਦਮਾ ਨੰਬਰ 39 ਵੱਖ-ਵੱਖ ਧਾਰਾਵਾਂ ਤਹਿਤ ਸਪਨਦੀਪ ਸਿੰਘ ਉਰਫ਼ ਜੋਤੀ ਪੁੱਤਰ ਅਮਰਜੀਤ ਸਿੰਘ ਸੱਤਪਾਲ ਸਿੰਘ ਉਰਫ ਸੱਤੂ ਪੁੱਤਰ ਸੇਵਾ ਰਾਮ ਵਾਸੀਆਨ ਨੇੜੇ ਪਟਰੋਲ ਪੰਪ ਹਰੀਗੜ੍ਹ ਬਸਤੀ ਧਨੌਲਾ ਤੇ ਕਬਾੜੀਆ ਜਗਰੂਪ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਪਿੰਡ ਕੋਟਦੁੱਨਾ ਥਾਣਾ ਧਨੌਲਾ ਦੇ ਖਿਲਾਫ਼ ਮੁਕੱਦਮਾ ਦਰਜ ਕੀਤਾ ਗਿਆ, ਜਿਨ੍ਹਾਂ ਵਿੱਚੋਂ ਸਪਨਦੀਪ ਸਿੰਘ ਉਰਫ ਜੋਤੀ ਪੁੱਤਰ ਅਮਰਜੀਤ ਸਿੰਘ ਤੇ ਕਬਾੜੀਆ ਜਗਰੂਪ ਸਿੰਘ ਪੁੱਤਰ ਦਿਆਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਸੱਤਪਾਲ ਨੂੰ ਵੀ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਇੱਕ ਜ਼ੈੱਨ ਕਾਰ ਤੇ ਛੋਟਾ ਹਾਥੀ ਬਰਾਮਦ ਕਰ ਲਿਆ ਗਿਆ ਹੈ।

# ਵਿਕਾਸ ਮਿਸ਼ਨ ਵੱਲੋਂ ਸੇਵਾਮੁਕਤ ਇੰਸਪੈਕਟਰ ਜਗਸੀਰ ਸਿੰਘ ਸਨਮਾਨਤ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**-ਪੁਲਸ ਸਟੇਸ਼ਨ ਸਦਰ ਵਿਖੇ ਬਤੌਰ ਮੁੱਖ ਥਾਣਾ ਅਫ਼ਸਰ ਸੇਵਾ ਨਿਭਾਅ ਚੁੱਕੇ ਇੰਸਪੈਕਟਰ ਜਗਸੀਰ ਸਿੰਘ ਕੁਝ ਦਿਨ ਪਹਿਲਾਂ ਸੇਵਾਮੁਕਤ ਹੋ ਗਏ ਸਨ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਇੰਸਪੈਕਟਰ ਜਗਸੀਰ ਸਿੰਘ ਨੂੰ ਸਨਮਾਨਤ ਕਰਨ ਲਈ ਰੇਲਵੇ ਰੋਡ ਸਥਿਤ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਆਯੋਜਤ ਕੀਤਾ ਗਿਆ।

ਮਿਸ਼ਨ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਮਿਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖੜਾ, ਪ੍ਰਦੀਪ ਧੂੜੀਆ, ਗੁਰਪਾਲ ਸਿੰਘ ਪਾਲੀ, ਅਨਿਲ ਅਨੇਜਾ, ਸਾਹਿਲ ਕੁਮਾਰ ਹੈਪੀ, ਚੌ. ਬਲਬੀਰ ਸਿੰਘ, ਰਜਿੰਦਰ ਖੁਰਾਣਾ, ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਗੁਰਚਰਨ ਸਿੰਘ ਟੌਹੜਾ ਅਤੇ ਨਰਿੰਦਰ ਕਾਕਾ ਫੋਟੋਗ੍ਰਾਫ਼ਰ ਮੌਜੂਦ ਸਨ। ਮੀਟਿੰਗ ਦੌਰਾਨ ਮੌਜੂਦ ਸਭ ਮੈਂਬਰਾਂ ਵੱਲੋਂ ਇੰਸਪੈਕਟਰ ਜਗਸੀਰ ਸਿੰਘ ਨੂੰ ਹਾਰ ਪੁਆ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਸ਼ਾਨਦਾਰ ਮੋਮੈਂਟੋ ਦੇ ਕੇ ਨਿਵਾਜਿਆ ਗਿਆ।

ਇਸ ਮੌਕੇ ਪ੍ਰਧਾਨ ਢੋਸੀਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇੰਸਪੈਕਟਰ ਜਗਸੀਰ ਸਿੰਘ ਨੇ ਆਪਣੇ ਸੇਵਾ ਕਾਲ ਦੌਰਾਨ ਆਪਣੀ ਸਰਕਾਰੀ ਡਿਊਟੀ ਕਾਬਲੀਅਤ ਤੇ ਨਿਰਪੱਖਤਾ ਨਾਲ ਬੇਦਾਗ ਤਰੀਕੇ ਨਾਲ ਨਿਭਾਈ।

ਇੰਸਪੈਕਟਰ ਜਗਸੀਰ ਸਿੰਘ ਨੇ ਸਨਮਾਨ ਲਈ ਮਿਸ਼ਨ ਪ੍ਰਧਾਨ ਸ੍ਰੀ ਢੋਸੀਵਾਲ ਸਮੇਤ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵਿਕਾਸ ਮਿਸ਼ਨ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜ ਕਰਦਾ ਆ ਰਿਹਾ ਹੈ ਤੇ ਅਜਿਹੀਆਂ ਸੰਸਥਾਵਾਂ ਪ੍ਰਸ਼ਾਸਨ ਅਤੇ ਆਮ ਲੋਕਾਂ ਵਿਚਕਾਰ ਮਜਬੂਤ ਕੜੀ ਦਾ ਕੰਮ ਕਰਦੀਆਂ ਹਨ।

## Court Notice

**In the Court of Sh. Amrinderpal Singh Addl. Distt. and Session Judge, Ludhiana.**

CNR No. PBLD01-025356-2022

Next Date : 5.5.2023

Surjit Kaur

Versus

Satpal Kaur

Publication issued to : 2. Harpal Kaur now deceased through her legal heirs (1) Jagdish Singh (husband) (II) Pritpal Kaur (daughter) (III) Udham Singh (son) (IV) Amanpreet Kaur (daughter) (V) Kirandeep Kaur (daughter) R/o Milkwal, Tehsil Samrala, Distt. Ludhiana 3) 3. Baljinder Kaur D/o Sant Hardev Singh R/o Milkwal, Tehsil Samrala, Distt. Ludhiana 4) 4. Inderjit Kaur D/o Sant Hardev Singh R/o Milkwal, Tehsil Samrala, Distt. Ludhiana 5) 5. Gurpreet Kaur D/o Sant Hardev Singh R/o Milkwal, Tehsil Samrala, Distt. Ludhiana 6) 6. Baldev Singh S/o Jagan Nath S/o Deva R/o Milkwal, Tehsil Samrala, Distt. Ludhiana 7) 7. Dalvir Singh S/o Jagan Nath S/o Deva R/o Milkwal, Tehsil Samrala, Distt. Ludhiana 8) Raj Singh S/o Jagan Nath S/o Deva R/o Milkwal, Tehsil Samrala, Distt. Ludhiana 9) Sukhwinder Singh S/o Kulwant Singh S/o Ala Singh R/o Machiwara, Tehsil Samrala, Distt. LDH.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.5.2023 at 10.00 a.m.

For details logon to https://highcourtchd.gov.in/?trs=district notice&district=Ludhiana

Addl. Distt. and Session Judge, Ludhiana

Dated, this day of 5.4.2023

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਗੁਰਪ੍ਰੀਤ ਸਿੰਘ ਤਹਿਸੀਲਦਾਰ ਜਲੰਧਰ-1

ਉਪਰੋਕਤ ਦਫਤਰ ਵਿੱਚ ਇੱਕ ਦਰਖਾਸਤ ਪ੍ਰਾਪਤ ਹੋਈ, ਜੋ ਕਿ ਪ੍ਰਾਰਥੀ ਨਰਿੰਦਰ ਸਿੰਘ ਪੁੱਤਰ ਸ੍ਰੀ ਲੇਟ ਚੰਨਣ ਸਿੰਘ ਵਾਸੀ 1516-1517 ਜਲੰਧਰ ਕੁੰਜ ਵਿਲਾਸ, ਜਲੰਧਰ ਵੱਲੋਂ ਪੇਸ਼ ਕੀਤੀ ਗਈ ਹੈ। ਜਿਸ ਮੁਤਾਬਕ ਖੇਵਟ ਖਤੌਨੀ ਨੰਬਰ 7607/9053 ਖਸਰਾ ਨੰ: 27112/23641 ਵਿੱਚ ਮਲਕੀਤੀ ਰਕਬਾ, ਜੋ ਕਿ ਮੈਸਰਜ਼ ਸਤਲੁਜ ਮੋਟਰ ਲਿਮ: ਅਤੇ ਮੈਸਰਜ਼ ਸਤਲੁਜ ਕੋਚ ਬਿਲਡਰਜ਼ ਪ੍ਰਾਈ: ਲਿਮ: ਦੇ ਸਾਰੇ ਸ਼ੇਅਰ ਹੋਲਡਰ ਦਾ ਪਾਰਟਨਰ ਵਾ ਡਾਇਰੈਕਟਰ ਹੁਣ ਸਤਲੁਜ ਮੋਟਰ ਪ੍ਰਾਈ: ਲਿਮ: ਵਿੱਚ ਬਤੌਰ ਡਾਇਰੈਕਟਰ ਤਬਦੀਲ ਹੋ ਚੁੱਕੇ ਹਨ ਅਤੇ ਇਹਨਾਂ ਫਰਮਾਂ ਦੇ ਸਾਰੇ Asset and liavilities ਵੀ ਸਤਲੁਜ ਮੋਟਰ ਪ੍ਰਾਈ: ਲਿਮ: ਵਿੱਚ ਤਬਦੀਲ ਹੋ ਚੁੱਕੇ ਹਨ। ਪ੍ਰਾਰਥੀ ਵੱਲੋਂ ਇਸ ਸੰਬੰਧੀ ਕੰਪਨੀ ਦਾ ਮੈਮੋਰੰਡਮ ਅਤੇ ਰੈਜ਼ੂਲੇਸ਼ਨ, ਫਰਦ ਦੀ ਕਾਪੀ ਲਗਾਈ ਹੈ ਅਤੇ ਬਾਕੀ ਦੇ ਹਿੱਸੇਦਾਰਾਂ ਦਾ ਹਲਫੀਆ ਬਿਆਨ ਵੀ ਲਗਾਇਆ ਗਿਆ ਹੈ। ਉਹਨਾਂ ਨੇ ਆਪਣੀ ਫਰਮ ਦਾ ਨਾਂਅ ਮੈਸਰਜ਼ ਸਤਲੁਜ ਮੋਟਰ ਲਿਮ: ਅਤੇ ਮੈਸਰਜ਼ ਸਤਲੁਜ ਕੋਚ ਬਿਲਡਰਜ਼ ਪ੍ਰਾਈ: ਲਿਮ: ਦੀ ਥਾਂ ਸਤਲੁਜ ਮੋਟਰਜ਼ ਪ੍ਰਾਈ: ਲਿਮ: ਕਰ ਲਿਆ ਹੈ। ਇਸ ਕਰਕੇ ਪ੍ਰਾਰਥੀ ਦੀ ਦਰਖਾਸਤ ਮੁਤਾਬਕ ਉਹਨਾਂ ਦੀ ਫਰਮ ਦਾ ਨਾਂਅ ਸਤਲੁਜ ਮੋਟਰਜ਼ ਪ੍ਰਾਈ: ਲਿਮ: ਦਰਜ ਕਰਨ ਦੀ ਤਜਵੀਜ ਹੈ।

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿੱਚ ਸਤਲੁਜ ਮੋਟਰਜ਼ ਪ੍ਰਾਈ: ਲਿਮ: ਨਾਂਅ ਬਦਲਣ ਲਈ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਇਹ ਨੋਟਿਸ ਸਰਕਾਰ ਦੇ ਪੱਤਰ ਨੰਬਰ ਮੀਮੋ ਨੰਬਰ 25/78/2012-ਭ. ਮ-2/12445-71 ਚੰਡੀਗੜ੍ਹ ਮਿਤੀ 26.7.2013 ਵਿੱਚ ਦਰਜ ਹਦਾਇਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕਿਸੇ ਪੱਖ/ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਰਿਕਾਰਡ ਮਾਲ ਵਿੱਚ ਉਕਤ ਨਾਂਅ ਦਰਜ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਜਾਣਗੇ।

ਤਹਿਸੀਲਦਾਰ ਜਲੰਧਰ-1

ਨੰਬਰ 649/ਰੀਡਰ/ਮਿਤੀ : 6.4.2023

## ਪਬਲਿਕ ਨੋਟਿਸ

ICICI Bank
ICICI Bank Limited

ਰਜਿਸਟਰਡ ਦਫਤਰ : ਲੈਂਡਮਾਰਕ, ਰੇਸ ਕੋਰਸ ਸਰਕਲ, ਵਡੋਦਰਾ 390007
ਕਾਰਪੋਰੇਟ ਦਫਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰਜ਼, ਬਾਂਦਰਾ-ਕੁਰਲਾ ਕੰਪਲੈਕਸ, ਮੁੰਬਈ-400051

**ਸੋਨਾ ਨਿਲਾਮੀ ਕਮ ਸੌਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 20 ਅਪ੍ਰੈਲ 2023 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189405003856 | ਸੋਨੂੰ ਸੋਨੂੰ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਬਟਾਲਾ ਰੋਡ | |
| 231505000802 | ਕਨੀਕਾ ਨਰੂਲਾ |
| ਬਰਾਂਚ ਦਾ ਨਾਂਅ : ਬੱਸੀ ਪਠਾਣਾ | |
| 383405001565 | ਮੱਖਣ ਸਿੰਘ |
| ਬਰਾਂਚ ਦਾ ਨਾਂਅ : ਭਗਤਾ | |
| 372805001685 | ਸੁਖਜਿੰਦਰ ਕੌਰ |
| ਬਰਾਂਚ ਦਾ ਨਾਂਅ : ਚੁਗਾਵਾਂ | |
| 380205000060 | ਰਿੰਕੂ ਮਸੀਹ |
| ਬਰਾਂਚ ਦਾ ਨਾਂਅ : ਡੇਰਾ ਬੱਸੀ | |
| 096705002779 | ਬਾਲਾ ਦੇਵੀ |
| ਬਰਾਂਚ ਦਾ ਨਾਂਅ : ਢਿੱਲਵਾਂ | |
| 767105000016 | ਕਸ਼ਮੀਰ ਸਿੰਘ |
| ਬਰਾਂਚ ਦਾ ਨਾਂਅ : ਫਾਜ਼ਿਲਕਾ | |
| 078505003273 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150905000744 | ਦੀਵਾਨ ਚੰਦ |
| 150905001299 | ਜੋਤੀ ਜੋਤੀ |
| ਬਰਾਂਚ ਦਾ ਨਾਂਅ : ਹੁਸ਼ਿਆਰਪੁਰ | |
| 023605002391 | ਪਰਮਜੀਤ ਪਰਮਜੀਤ |
| ਬਰਾਂਚ ਦਾ ਨਾਂਅ : ਜੈਤੋਂ, ਪੰਜਾਬ | |
| 355805002420 | ਸਰਬਜੀਤ ਕੌਰ |
| ਬਰਾਂਚ ਦਾ ਨਾਂਅ : ਜਲੰਧਰ-ਫੋਕਲ ਪੁਆਇੰਟ | |
| 357605000342 | ਰਵਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008005002616 | ਵਰਿੰਦਰ ਕੌਰ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356105001256 | ਮੇਲਾ ਸਿੰਘ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਲੌਂਗੋਵਾਲ | |
| 178105001770 | ਰਾਵਿੰਦਰ ਸਿੰਘ |
| 178105001771 | ਰਾਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਾਲੇਰਕੋਟਲਾ | |
| 249605001804 | ਆਰਤੀ ਆਰਤੀ |
| ਬਰਾਂਚ ਦਾ ਨਾਂਅ : ਮਮਦੋਟ | |
| 382105001670 | ਜਗਸੀਰ ਜਗਸੀਰ |
| ਬਰਾਂਚ ਦਾ ਨਾਂਅ : ਮਾਨਸਾ | |
| 044605003937 | ਪਰਮਜੀਤ ਕੌਰ |
| ਬਰਾਂਚ ਦਾ ਨਾਂਅ : ਨਿਊ ਅੰਮ੍ਰਿਤਸਰ | |
| 733505000194 | ਗੁਰਨਾਮ ਸਿੰਘ |
| ਬਰਾਂਚ ਦਾ ਨਾਂਅ : ਨਿਹਾਲ ਸਿੰਘ ਵਾਲਾ, ਪੰਜਾਬ | |
| 357305001232 | ਮਨਦੀਪ ਕੌਰ |
| ਬਰਾਂਚ ਦਾ ਨਾਂਅ : ਪਠਾਨਕੋਟ-ਡਲਹੌਜ਼ੀ ਰੋਡ | |
| 393005000172 | ਸੁਰੇਸ਼ ਯੂ |
| 393005000188 | ਸੁਰੇਸ਼ ਯੂ |
| ਬਰਾਂਚ ਦਾ ਨਾਂਅ : ਪਟਿਆਲਾ-ਲੋਅਰ ਮਾਲ ਰੋਡ | |
| 660305601566 | ਅਮਿਤ ਕੁਮਾਰ |
| ਬਰਾਂਚ ਦਾ ਨਾਂਅ : ਪਾਤੜਾਂ | |
| 283105003826 | ਰਸ਼ਪਾਲ ਸਿੰਘ |
| ਬਰਾਂਚ ਦਾ ਨਾਂਅ : ਪੱਤੀ ਸੰਦਲੀ ਮਹਿਰਾਜ | |
| 435605000732 | ਤੀਰਥ ਸਿੰਘ |
| ਬਰਾਂਚ ਦਾ ਨਾਂਅ : ਕਾਦੀਆਂ | |
| 411805000543 | ਅਜੈ ਕੁਮਾਰ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047705004425 | ਹਰਦੀਪ ਸਿੰਘ |
| ਬਰਾਂਚ ਦਾ ਨਾਂਅ : ਰਾਮਪੁਰਾ ਫੂਲ, ਪੰਜਾਬ | |
| 355505001527 | ਕ੍ਰਿਸ਼ਨ ਚੰਦ |
| ਬਰਾਂਚ ਦਾ ਨਾਂਅ : ਰਈਆ | |
| 214305003482 | ਅਰਸ਼ਦੀਪ ਸਿੰਘ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357105004938 | ਸੁਖਜਿੰਦਰ ਸਿੰਘ |
| 357105005615 | ਰਮਨਦੀਪ ਕੌਰ |
| 357105006298 | ਗੁਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਸਾਹਨੇਵਾਲ | |
| 151705001077 | ਸੋਨੂੰ ਕੁਮਾਰ ਕੁਸ਼ਵਾਹਾ |
| ਬਰਾਂਚ ਦਾ ਨਾਂਅ : ਸਮਾਣਾ | |
| 152105005695 | ਕੇਵਲ ਕਿਰਸ਼ਨ |
| 152105005717 | ਨਛੱਤਰ ਸਿੰਘ |
| ਬਰਾਂਚ ਦਾ ਨਾਂਅ : ਸਮਰਾਲਾ | |
| 151805002370 | ਜਸਵੀਰ ਸਿੰਘ |
| ਬਰਾਂਚ ਦਾ ਨਾਂਅ : ਸੰਗਰੂਰ | |
| 029305001688 | ਤਰਸੇਮ ਸਿੰਘ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ, ਪੰਜਾਬ | |
| 356705003184 | _ਓਂਕਾਰ ਸਿੰਘ |
| ਬਰਾਂਚ ਦਾ ਨਾਂਅ : ਸਿੱਧਵਾਂਬੇਟ | |
| 398005000647 | ਦਲਜੀਤ ਸਿੰਘ ਗਿੱਲ |
| ਬਰਾਂਚ ਦਾ ਨਾਂਅ : ਸੁਲਰਘਰਾਟ, ਪੰਜਾਬ | |
| 356305001376 | ਜਸਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150705005297 | ਹਰਦੀਪ ਸਿੰਘ |
| 150705005303 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਤਪਾ | |
| 417405001707 | ਮੇਹਰਪਾਲ ਸਿੰਘ |
| ਬਰਾਂਚ ਦਾ ਨਾਂਅ : ਜ਼ੀਰਾ | |
| 199705003036 | ਸੁਖਜਿੰਦਰ ਕੌਰ |
| ਬਰਾਂਚ ਦਾ ਨਾਂਅ : ਜਾਖਲ, ਹਰਿਆਣਾ | |
| 356505000319 | ਬਲਜੀਤ ਸਿੰਘ |
| ਬਰਾਂਚ ਦਾ ਨਾਂਅ : ਪੰਚਕੂਲਾ-ਅਰਬਨ ਅਸਟੇਟ | |
| 093505001352 | ਮਨੀਸ਼ ਧਵਨ |
| 093505001355 | ਮਨੀਸ਼ ਧਵਨ |
| 093505001358 | ਦੀਪਕ ਕਪੂਰ |

ਮਿਤੀ : 10.4.2023
ਸਥਾਨ : ਬਠਿੰਡਾ, ਜਲੰਧਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਗੁਰਦਾਸਪੁਰ, ਬਰਨਾਲਾ, ਮਾਲੇਰਕੋਟਲਾ, ਮੋਗਾ, ਪਠਾਨਕੋਟ, ਸੰਗਰੂਰ, ਮੋਹਾਲੀ, ਜ਼ੀਰਕਪੁਰ, ਸੰਗਰੂਰ।

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:

# ਕਲਾਸੀਫਾਈਡ ਇਸ਼ਤਿਹਾਰ

## Public Notice

I, Jaspal Kaur W/o Late. Santokh Ram R/o Vill. Indana Kalaske, Po. Dosanjh Kalan, Tehsil Phillaur, Distt.Jalandhar declare that my daughter Tamana Birha is out of my control. I disowned and disinherit her from my movable and immovable properties. I and my family members shall not be held responsible for any kind of act, deed & dealings related to her. All Please Note.

I, Pargat Singh Mann S/o Amar Singh Mann R/o Village Beejan Bhatoli, Sagran, Hoshiarpur, Punjab-144205. Declare that Name of Mine and My Father has been wrongly written as Pargat Singh and Amar Singh in my All Educational Documents. The actual name of Mine and My Father are Pargat Singh Mann and Amar Singh Mann, which may be amended accordingly. All Please Note.

## ਬੇਦਖਲੀ ਨੋਟਿਸ

ਮੈਂ, ਗੁਰਜੀਤ ਕੌਰ ਪਤਨੀ ਮਨਜੀਤ ਸਿੰਘ ਵਾਸੀ ਪਿੰਡ ਜੰਡਿਆਲਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਨਵਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ ਹੈ। (ਅਰਪਿਤ)

ਮੈਂ, ਜਗੀਰ ਕੌਰ ਪਤਨੀ ਸ੍ਰ: ਜਗਤਾਰ ਸਿੰਘ ਵਾਸੀ 7085, ਗਲੀ ਨੰ: 1, ਇੰਦਰਾ ਕਾਲੋਨੀ, ਮੁਸਤਫਾਬਾਦ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਰਾਜੂ, ਜਸਪਾਲ ਤੇ ਕੁਲਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਨਾਰੰਗ)

ਅਸੀਂ, ਪਰਮਜੀਤ ਸਿੰਘ ਪੁੱਤਰ ਸ੍ਰ: ਬਲਦੇਵ ਸਿੰਘ ਅਤੇ ਨਿਰਮਲ ਕੌਰ ਪਤਨੀ ਸ੍ਰ: ਪਰਮਜੀਤ ਸਿੰਘ ਵਾਸੀਆਨ ਐੱਲ-3/683, ਨਿਊ ਜਸਪਾਲ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਸੁਰਜੀਤ ਸਿੰਘ ਅਤੇ ਉਸ ਦੀ ਪਤਨੀ ਮਨਮੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਬਾਕੀ ਪਰਵਾਰ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ। (ਨਾਰੰਗ)

## ਆਮ ਸੂਚਨਾ

ਮੈਂ, ਕੁਲਬਿੰਦਰ ਖਾਂ ਪੁੱਤਰ ਨਾਜਰ ਖਾਂ ਨਿਵਾਸੀ ਕੋਟੜਾ ਲਹਿਲ, ਤਹਿ: ਲਹਿਰਾ, ਜ਼ਿਲ੍ਹਾ ਸੰਗਰੂਰ, ਮੇਰੇ ਆਧਾਰ ਕਾਰਡ ਵਿੱਚ ਮੇਰਾ ਨਾਂਅ ਕੁਲਬਿੰਦਰ ਖਾਂ (Kulbinder Kha) ਦਰਜ ਹੈ, ਪ੍ਰੰਤੂ ਮੇਰੇ ਵੋਟਰ ਕਾਰਡ ਵਿੱਚ ਮੇਰਾ ਨਾਂਅ ਕਾਲਾ ਖਾਂ (Kala Kha) ਦਰਜ ਹੈ। ਇਹ ਦੋਵੇਂ ਹੀ ਮੇਰੇ ਨਾਂਅ ਹਨ। ਇਸ ਲਈ ਮੈਨੂੰ ਇਹਨਾਂ ਦੋਵਾਂ ਨਾਵਾਂ ਤੋਂ ਬੁਲਾਇਆ ਜਾਵੇ। (ਪਵਨ ਸ਼ਰਮਾ)

ਮੈਂ ਪਰਮਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਵਡਿਆਣੀ ਪੱਤੀ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਦਾ ਬਿਆਨ ਕਰਦਾ ਹਾਂ ਕਿ ਇੱਕ ਮੋਟਰ ਕੁਨੈਕਸ਼ਨ, ਜਿਸ ਦਾ ਖਾਤਾ ਨੰਬਰ ਐੱਮ ਕੇ 687 ਜਿਸਦਾ ਲੋਡ 10 ਬੀ ਐਚ ਪੀ ਦਾ ਹੈ, ਜੋ ਕਿ ਪਹਿਲਾਂ ਮੇਰੇ ਪਿਤਾ ਮੁਖਤਿਆਰ ਸਿੰਘ ਉਰਫ ਪਿਆਰਾ ਸਿੰਘ ਵਾਸੀ ਲੌਂਗੋਵਾਲ ਦੇ ਨਾਮ ਤੇ ਚੱਲਦਾ ਸੀ, ਹੁਣ ਇਸਨੂੰ ਅੰਮ੍ਰਿਤਪਾਲ ਕੌਰ ਪਤਨੀ ਰੂਪ ਸਿੰਘ ਵਾਸੀ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਆਪਣੇ ਨਾਮ 'ਤੇ ਤਬਦੀਲ ਕਰਵਾਉਣਾ ਚਾਹੁੰਦੀ ਹੈ, ਜਿਸ ਦੇ ਵਿੱਚ ਮੈਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਨਹੀਂ।

## ਨਾਂਅ ਦੀ ਬਦਲੀ

ਮੈਂ ਰਾਜੇਸ਼ ਕੁਮਾਰ ਗਰਗ ਪੁੱਤਰ ਪਵਨ ਕੁਮਾਰ, ਵਾਸੀ ਨੇੜੇ ਕੈਂਬ੍ਰਿਜ ਕਿਡਜ਼ ਸਕੂਲ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲਕੇ ਰਾਜੇਸ਼ ਕੁਮਾਰ ਰੱਖ ਲਿਆ ਹੈ।

## Change of Name

I, Ankur S/o Yogeshwar Dayal r/o H.No.10, New Model House, Jalandhar have changed my name from Ankur to Ankur Sharma. All Please Note.

I, Makhan Lal Jain S/o Om Parkash Jain R/o H.No.11/173/3, Dana Mandi Banga, Nawanshahr, Punjab-144505, have changed my name as Rakesh Kumar Jain. All Please Note.

I Satpal Singh S/o Mukhtiyar Singh R/o Gurthari, Tehsil Talwandi Sabo (Bathinda) declare that my wife name is mentioned as Satveer Kaur in my daughter's Navpreet Kaur School record but it is mentioned as Satvir Kaur in Adhar Card and Pen Card. Satveer Kaur and Satvir Kaur are One and Same Person. Please Note. (ਭੀਮ ਸੈਨ)

I Kamaljit S/o Shiv dayal R/o vill. Chomon, distt. jalandhar Punjab. Have changed my minor son name from satyam to satyam kalyan

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Change of Name

I Parvesh Singh S/o Darshan Pal R/O H.no.29, New Patel Nagar, Maqsudan, Jalandhar Have Changed My Name To Parvesh Singh Grewal. (Arpit)

I Navkiran W/O Charanjeet Singh R/O : Vill Bal Kohna Po Khiwa, Jalandhar Rural 144623(punjab) Have Changed My Name From Navkiran To Navkiran Kaur (Navkiran As Given Name And Kaur As Surname). (Arpit)

I, Renu Arora Alias Lalita w/o Kewal Krishan Arora R/o 687/29-A, Basant Nagar, Majitha Road, Amritsar have changed my name to Lalita. (Narang)

I, Narinderpal Singh Alias Narender Singh S/o Pharpur Singh resident of H.No.139, Baba Jiwan Singh Colony, Bye Pass, Chheharta, Amritsar have changed my name from Narinderpal Singh Alias Narender Singh to Narinderpal Singh. (Narang)

I, Narinderpal Kaur W/o Iqbal Singh R/o Vill. Khanowal, P.O. Chamyari , Tehsil Ajnala, Distt. Amritsar, Punjab, India, have changed my name from Narinder Pal to Narinderpal Kaur. Please note.

I Butta Khan S/O Sodhi Khan Vill.& P.O.Sheikhupur Distt.SBS Nagar, have changed the name of my son from Ishan to Ishan Malik please note.

I Butta Khan S/O Sodhi Khan Vill.& P.O.Sheikhupur Distt.SBS Nagar,have changed the name of my son from Dishan to Dishan Malik please note.

I, Rajvinder Kaur w/o Ranbir Singh r/o # 1185, Jalandhar Kunj Wariana, Jalandhar have changed my name from Rajvinder to Rajvinder Kaur since marriage. All Please Note.

I, Suminder Kaur Sohal w/o Rajinder Singh r/o Teacher Colony, W.No.12, Balachaur, SBS Nagar have changed my name to Suminder Kaur. All Please Note.

I, Rajinder Singh Sohal s/o Saroop Singh r/o Teacher Colony, W.No.12, Balachaur, SBS Nagar have changed my name to Rajinder Singh. All Please Note.

I, Rakesh Chandra s/o Kishori Lal r/o 41/4, Opp GNDU Camps Ladhewali, Preet Enclave, Jalandhar, Punjab-144007 have changed my name as Rakesh Chander. All Please Note.

I, Karan S/o Charan R/o BX-1064, Pal Di Chakki, Lamba Pind, Jalandhar-144009, Punjab have changed my name from Karan to Karan Sahota. (Surname as Sahota) All Please Note.

I, James S/o Jaspal R/o BX-1087, Chakk Hussaina, Lamba Pind, Jalandhar-144009, Punjab have changed my name from James to James Masih. (Surname as Masih) All Please Note.

I, Kuldip Singh S/o Avtar Singh R/o Vill. Kot Khan Mohammad, Po. Nanowal Jinder, Tehsil & Distt. Gurdaspur-143517, Punjab have changed my name to Kuldeep Singh. All Please Note.

I, Bindiya Aggarwal Alias Bindu R/o H.No. 34, New Rajinder Nagar, Opp New Courts, Near Congress Bhawan, Jalandhar, Punjab have changed my name to Bindiya Aggarwal. All Please Note.

I, Akashdeep s/o Baldev Raj r/o Patti Red Gate, VPO Samrai, Jalandhar, Punjab- 144032 have changed my name as Akashdeep Dadhar. All Please Note.

I Kamaljit S/o Shiv dayal R/o vill. Chomon, distt. jalandhar Punjab. Have changed my minor son name from Ashish to Ashish kalyan.

I Veeta Chawla Alias Ravneet Kaur D/O Dujinder Singh R/O 344-a, Shastri Nagar, Lawrence Road, Amritsar, Amritsar-ii, Amritsar - 143001 Punjab India Have Changed My Name From Veeta Chawla Alias Ravneet Kaur To Veeta Sachdev.

# ਵਾਹਨ ਚੋਰ ਗਰੋਹ ਦੇ ਦੋ ਮੈਂਬਰ ਪੁਲਸ ਅੜਿੱਕੇ, ਇੱਕ ਫ਼ਰਾਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ, ਸੁਖਦੇਵ ਧੂਰੀ)**-ਥਾਣਾ ਸਿਟੀ ਧੂਰੀ ਦੀ ਪੁਲਸ ਵੱਲੋਂ ਵਾਹਨ ਚੋਰੀ ਕਰਨ ਵਾਲੇ ਗਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਥਾਣਾ ਸਿਟੀ ਧੂਰੀ ਦੇ ਐੱਸ.ਐੱਚ.ਓ. ਇੰਸਪੈਕਟਰ ਰਮਨਦੀਪ ਸਿੰਘ ਬਾਵਾ ਨੇ ਥਾਣੇ ਵਿਖੇ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਨੇ ਵਾਹਨ ਚੋਰੀ ਕਰਨ ਵਾਲੇ ਗਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ, ਜਿਨ੍ਹਾਂ ਤੋਂ ਚੋਰੀ ਕੀਤਾ ਛੋਟਾ ਹਾਥੀ ਟੈਂਪੂ ਤੇ ਜ਼ੈਨ ਕਾਰ ਬਰਾਮਦ ਕਰਵਾਈ। ਉਨ੍ਹਾਂ ਦੱਸਿਆ ਕਿ ਸਥਾਨਕ ਸ਼ਹਿਰ ਦੇ ਮੁਹੱਲਾ ਸ਼ਿਵਪੁਰੀ ਦੇ ਗੋਬਿੰਦ ਅਰੋੜਾ ਪੁੱਤਰ ਗਨੇਸ਼ ਦਾਸ ਵੱਲੋਂ ਪੁਲਸ ਨੂੰ ਦਿੱਤੀ ਗਈ ਇਤਲਾਹ 'ਚ ਕਿਹਾ ਗਿਆ ਸੀ ਕਿ ਲੰਘੀ 31 ਮਾਰਚ ਦੀ ਸ਼ਾਮ ਨੂੰ ਉਸ ਨੇ ਆਪਣਾ ਛੋਟਾ ਹਾਥੀ ਟੈਂਪੂ ਆਪਣੀ ਦੁਕਾਨ ਅੱਗੇ ਖੜਾਇਆ ਸੀ, ਪਰ ਜਦੋਂ ਸਵੇਰੇ ਆ ਕੇ ਦੇਖਿਆ ਤਾਂ ਟੈਂਪੂ ਗਾਇਬ ਸੀ, ਜਿਸ ਸਬੰਧੀ ਸਪਨਦੀਪ ਸਿੰਘ ਉਰਫ ਜੋਤੀ, ਸੱਤਪਾਲ ਸਿੰਘ ਉਰਫ ਸੱਤੂ ਵਾਸੀਆਨ ਧਨੌਲਾ ਤੇ ਜਗਰੂਪ ਸਿੰਘ ਵਾਸੀ ਕੋਟਦੁਨਾ (ਧਨੌਲਾ) ਖਿਲਾਫ਼ ਟੈਂਪੂ ਚੋਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਗਿਆ ਸੀ ਤੇ ਪੁਲਸ ਵੱਲੋਂ ਤਫ਼ਤੀਸ਼ ਦੌਰਾਨ ਲੰਘੀ 5 ਅਪ੍ਰੈਲ ਨੂੰ ਸਪਨਦੀਪ ਸਿੰਘ ਤੇ ਜਗਰੂਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਦੋਂਕਿ ਉਨ੍ਹਾਂ ਦਾ ਇੱਕ ਸਾਥੀ ਸੱਤਪਾਲ ਉਰਫ ਸੱਤੂ ਅਜੇ ਫ਼ਰਾਰ ਹੈ। ਪੁੱਛਗਿੱਛ ਦੌਰਾਨ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੇ ਮੰਨਿਆ ਕਿ ਉਨ੍ਹਾਂ ਨੇ ਧੂਰੀ ਏਰੀਏ ਵਿੱਚੋਂ ਅਲਟੋ ਕਾਰ, ਮਾਰੂਤੀ 800 ਤੇ ਛੋਟਾ ਹਾਥੀ ਟੈਂਪੂ ਅਤੇ ਭੀਖੀ ਏਰੀਏ 'ਚੋਂ ਇੱਕ ਜ਼ੈਨ ਕਾਰ ਚੋਰੀ ਕੀਤੀ ਸੀ। ਉਨ੍ਹਾ ਦੱਸਿਆ ਕਿ ਮੁਲਜ਼ਮਾਂ ਦਾ ਮਾਣਯੋਗ ਅਦਾਲਤ ਤੋਂ ਦੋ ਦਿਨਾਂ ਰਿਮਾਂਡ ਹਾਸਲ ਕੀਤਾ ਗਿਆ ਹੈ ਤੇ ਪੁੱਛਗਿੱਛ ਦੌਰਾਨ ਚੋਰੀ ਦੀਆਂ ਵਾਰਦਾਤਾਂ ਸਬੰਧੀ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਡਿਗਰੀ ਤੇ ਇਨਾਮ ਵੰਡ ਸਮਾਰੋਹ

**ਦੋਰਾਹਾ (ਹਰਮਿੰਦਰ ਸਿੰਘ ਸੇਠ)**
ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਡਾ. ਈਸ਼ਵਰ ਸਿੰਘ ਯਾਦਗਾਰੀ ਹਾਲ ਵਿਖੇ ਡਿਗਰੀਆਂ ਵੰਡਣ ਲਈ ਕਾਨਵੋਕੇਸ਼ਨ ਤੇ ਸਾਲਾਨਾ ਇਨਾਮ ਵੰਡ ਸਮਾਗਮ ਕੀਤਾ ਗਿਆ, ਜਿਸ ਵਿੱਚ ਪ੍ਰੋਫ਼ੈਸਰ ਕਰਮਜੀਤ ਸਿੰਘ ਉੱਪ-ਕੁਲਪਤੀ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਨੇ ਮੁੱਖ ਮਹਿਮਾਨ ਤੇ ਐੱਮ. ਐੱਲ. ਏ. ਹਲਕਾ ਪਾਇਲ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਰੋਹ ਵਿੱਚ ਵੱਖ ਵੱਖ ਕਲਾਸਾਂ ਦੇ 868 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਸਮਾਰੋਹ ਦਾ ਆਰੰਭ ਸ਼ਬਦ ਗਾਇਨ ਨਾਲ ਹੋਇਆ। ਉਪਰੰਤ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀਮਤੀ ਰੂਪ ਬਰਾੜ ਨੇ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕੀਤਾ। ਉਪਰੰਤ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਕਾਲਜ ਦੀਆਂ ਅਕਾਦਮਿਕ ਪ੍ਰਾਪਤੀਆਂ ਦੀ ਮੁਕੰਮਲ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਕਾਲਜ ਵਿੱਚੋਂ ਵਿੱਦਿਅਕ ਸੈਸ਼ਨਾਂ 2019-2020, 2020-2021 ਤੇ 2021-2022 ਦੌਰਾਨ ਪ੍ਰੀਖਿਆਵਾਂ ਪਾਸ ਕਰਨ ਵਾਲੇ ਵਿਭਿੰਨ ਫ਼ੈਕਲਟੀਆਂ ਦੇ 738 ਗ੍ਰੈਜੂਏਟ ਤੇ 130 ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀਆਂ ਦਿੱਤੀਆਂ ਗਈਆਂ। ਡਿਗਰੀਆਂ ਤੋਂ ਇਲਾਵਾ ਅਕਾਦਮਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰਨ ਵਾਲ਼ੇ ਕਾਲਜ ਵਿਦਿਆਰਥੀਆਂ ਨੂੰ 'ਰੋਲ ਆਫ਼ ਆਨਰ' ਨਾਲ਼ ਸਨਮਾਨਿਆ ਗਿਆ ਤੇ ਇਸੇ ਤਰ੍ਹਾਂ ਯੂਨੀਵਰਸਿਟੀ ਦੇ ਸਾਲਾਨਾ ਇਮਤਿਹਾਨਾਂ 'ਚ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਰਹਿਣ ਵਾਲ਼ੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।



ਇਸ ਮੌਕੇ ਮੁੱਖ ਮਹਿਮਾਨ ਪ੍ਰੋਫ਼ੈਸਰ ਕਰਮਜੀਤ ਸਿੰਘ ਨੇ ਕਿਹਾ ਕਿ ਨੌਜਵਾਨ ਵਰਗ ਜੋਸ਼ ਤੇ ਉਤਸ਼ਾਹ ਨਾਲ਼ ਭਰਿਆ ਹੁੰਦਾ ਹੈ। ਲੋੜ ਹੈ ਨੌਜਵਾਨਾਂ ਦੀ ਊਰਜਾ ਤੇ ਸ਼ਕਤੀ ਨੂੰ ਸਕਾਰਾਤਮਕ ਪਾਸੇ ਲਗਾਇਆ ਜਾਵੇ ਤੇ ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਸਾਹਿਬਾਨ ਦੁਆਰਾ ਦਿਖਾਈ ਗਈ ਜੀਵਨ ਜਾਚ ਸਾਡਾ ਮਾਰਗ ਦਰਸ਼ਨ ਕਰ ਸਕਦੀ ਹੈ। ਵਿਸ਼ੇਸ਼ ਮਹਿਮਾਨ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਵਿਦਿਆਰਥੀਆਂ ਨਾਲ਼ ਆਪਣੇ ਵਿਚਾਰ ਸਾਂਝੇ ਕਰਦਿਆਂ ਨੌਜਵਾਨਾਂ ਨੂੰ ਆਪਣੀ ਕਾਬਲੀਅਤ ਪਛਾਣ ਕੇ ਜੀਵਨ 'ਚ ਸਫ਼ਤਲਾ ਲਈ ਪ੍ਰੇਰਿਆ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀਮਤੀ ਰੂਪ ਬਰਾੜ, ਸੀਨੀਅਰ ਮੀਤ ਪ੍ਰਧਾਨ ਸ਼੍ਰੀ ਜੋਗੇਸ਼ਵਰ ਸਿੰਘ ਮਾਂਗਟ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਵੱਲੋਂ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਮੰਚ-ਸੰਚਾਲਕ ਦੀ ਭੂਮਿਕਾ ਅਦਾ ਕਰਦਿਆਂ ਡਾ. ਲਵਲੀਨ ਬੈਂਸ ਨੇ ਅੰਤ ਵਿੱਚ ਸਾਰਿਆਂ ਦਾ ਧੰਨਵਾਦ ਕੀਤਾ।

# ਵਪਾਰੀਆਂ ਦੇ ਹੱਕ 'ਚ ਨਿਤਰਿਆ ਭਾਰਤੀਯ ਮਜ਼ਦੂਰ ਸੰਘ

**ਮੋਗਾ (ਅਮਰਜੀਤ ਬੱਬਰੀ)**-ਭਾਰਤੀਯ ਮਜ਼ਦੂਰ ਸੰਘ ਅੱਜ ਖੁੱਲ੍ਹ ਕੇ ਪੰਜਾਬ ਭਰ ਦੇ ਵਪਾਰੀਆਂ ਦੇ ਸਮਰਥਨ ਵਿੱਚ ਉਸ ਸਮੇਂ ਆਈ, ਜਦੋਂ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਪੰਜਾਬ ਪ੍ਰਦੇਸ ਵਪਾਰ ਮੰਡਲ ਦੇ ਪ੍ਰਧਾਨ ਪਿਆਰੇ ਲਾਲ ਸੇਠ, ਜਨਰਲ ਸਕੱਤਰ ਸੁਨੀਲ ਮਹਿਰਾ, ਸਮੀਰ ਲਾਲ ਜੈਨ, ਐੱਲ ਆਰ ਸੋਢੀ ਦੀ ਉਸ ਮੰਗ ਦਾ ਸਮਰਥਨ ਕੀਤਾ ਹੈ, ਜਿਸ ਵਿੱਚ ਉਕਤ ਵਪਾਰੀ ਨੇਤਾਵਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ 8000 ਵਪਾਰੀਆਂ ਨੂੰ ਜੀ ਐੱਸ ਟੀ ਵਿਭਾਗ ਵੱਲੋਂ ਅਗਾਊਂ ਨੋਟਿਸ ਦਿੱਤੇ ਬਿਨਾਂ ਲਗਾਏ ਗਏ ਜੁਰਮਾਨੇ ਵਾਪਸ ਲਏ ਜਾਣ। ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਜੀ ਐੱਸ ਟੀ ਵਿਭਾਗ ਨੇ ਖੁਦ ਹੀ ਅਸੈੱਸਮੈਂਟ ਕਰਕੇ ਪੰਜਾਬ ਭਰ ਦੇ 8000 ਵਪਾਰੀਆਂ ਨੂੰ ਭਾਰੀ ਡਿਮਾਂਡ ਤੇ ਜੁਰਮਾਨੇ ਲਗਾ ਦਿੱਤੇ ਹਨ, ਜੋ ਵਪਾਰੀਆਂ ਨਾਲ ਬੇਇਨਸਾਫੀ ਹੈ। ਉਨ੍ਹਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੂਬੇ ਨੂੰ ਆਰਥਿਕ ਮੰਦੀ ਵਿੱਚੋਂ ਕੱਢਣ ਲਈ ਵਪਾਰੀਆਂ ਦੇ ਪੁਰਾਣੇ ਕੇਸ ਬਿਨਾਂ ਸਲੈਬ ਸਿਸਟਮ ਦੇ ਵਨ ਟਾਈਮ ਸੈਟਲਮੈਂਟ (ਓ ਟੀ ਐੱਸ) ਲਾਗੂ ਕਰਕੇ ਨਿਪਟਾਏ ਜਾਣ ਤਾਂ ਜੋ ਵਪਾਰੀਆਂ ਨੂੰ ਵੀ ਰਾਹਤ ਮਿਲ ਸਕੇ। ਧੀਰ ਨੇ ਕਿਹਾ ਕਿ ਸੂਬੇ ਵਿੱਚ ਰੋਜ਼ਗਾਰ ਦੇ ਮੌਕੇ ਵਧਾਉਣ ਲਈ ਵਪਾਰ 'ਚ ਤੇਜ਼ੀ ਲਿਆਉਣਾ ਜ਼ਰੂਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਮੇਜਰ ਸਿੰਘ ਲੰਡੇ ਕੇ, ਗੁਰਚਰਨ ਸਿੰਘ ਚੰਨਾ, ਸੇਵਕ ਸਿੰਘ, ਗਗਨ, ਰਕੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



## ਕਾਤਰਾਂ

### ਪੈਨਸ਼ਨਰਜ਼ ਸਾਥੀਆਂ ਦੀ ਮਹੀਨਾਵਾਰ ਮੀਟਿੰਗ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਤਹਿਸੀਲ ਖੰਨਾ ਦੇ ਪੈਨਸ਼ਨਰਜ਼ ਸਾਥੀਆਂ ਦੀ ਮਹੀਨਾਵਾਰ ਮੀਟਿੰਗ ਬਲਬੀਰ ਚੰਦ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੇਨ ਏਜੰਡਾ ਪੇ-ਕਮਿਸ਼ਨ 2016 ਦੇ ਤਹਿਤ 2-59% ਪ੍ਰਤੀਸ਼ਤ ਗੁਣਾਕ ਦੇ ਨਾਲ ਪੈਨਸ਼ਨ ਨੀਯਤ ਕਰਨਾ ਨਾਲ ਹੀ ਡੀ. ਏ. ਦੀਆਂ ਕਿਸ਼ਤਾਂ ਦਾ ਏਰੀਅਰ ਜੋ ਕਿ ਪਿਛਲੇ 1-7-2015 ਤੋਂ ਪੈਂਡਿੰਗ ਚੱਲਿਆ ਆ ਰਿਹਾ ਹੈ। ਇਸ ਬਾਰੇ ਮੰਗ ਪੱਤਰ ਜੁਆਇੰਟ ਫਰੰਟ ਵੱਲੋਂ ਪੰਜਾਬ ਪੱਧਰ 'ਤੇ ਦਿੱਤਾ ਜਾ ਚੁੱਕਾ ਹੈ, ਜਿਸ 'ਤੇ ਲਿਖਤੀ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ 'ਤੇ ਪੈਨਸ਼ਨਰਜ਼ ਸਾਥੀਆਂ ਨੇ ਹਾਊਸ 'ਚ ਸਰਕਾਰ ਦੀ ਨਿਖੇਧੀ ਕੀਤੀ, ਨਾਲ ਹੀ ਆਸ ਕੀਤੀ ਗਈ 10 ਅਪ੍ਰੈਲ 2023 ਦੀ ਰੱਖੀ ਗਈ ਮੀਟਿੰਗ ਦੌਰਾਨ ਪੈਨਸ਼ਨਰਜ਼ ਦੀਆਂ ਮੰਗਾਂ ਦੇ ਪੱਖ 'ਚ ਆਉਣ ਦੀ ਸੰਭਾਵਨਾ ਹੈ। ਮੀਟਿੰਗ ਵਿੱਚ ਬਲਵੰਤ ਰਾਏ, ਸੁਰਿੰਦਰ ਸਿੰਘ ਸਾਹਪੁਰ, ਅਜੀਤ ਸਿੰਘ, ਚੰਦਨ ਨੇਗੀ, ਵਿਜੇ ਕੁਮਾਰ ਭੱਟੀ, ਸਤੀਸ਼ ਕੁਮਾਰ ਦੂਆ, ਰਾਵਿੰਦਰ ਸਿੰਘ ਸੰਬੋਧਨ ਕੀਤਾ। ਇਸ ਮੌਕੇ ਚਰਨਜੀਤ ਸਿੰਘ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਅਸ਼ੋਕ ਕੁਮਾਰ, ਚਰਨ ਸਿੰਘ ਭੱਟੀ, ਰਾਏ ਸਿੰਘ ਸਾਹਪੁਰ, ਮੋਹਨ ਲਾਲ, ਤਰਸੇਮ ਪਾਲ, ਦਲਜੀਤ ਸਿੰਘ, ਯਸਪਾਲ ਸਿੰਘ, ਸਵਰਨ ਸਿੰਘ, ਮਤਵਿੰਦਰ ਸਿੰਘ, ਸ਼ਾਮ ਲਾਲ, ਅਮ੍ਰਿਤਪਾਲ ਸਿੰਘ ਵਾਲੀਆ, ਨਿਰਮਲ, ਸਾਗਰ ਮੁਹੰਮਦ, ਜਸਪਾਲ ਸਿੰਘ, ਪਲਵਿੰਦਰ ਸਿੰਘ, ਜਸਵੰਤ ਸਿੰਘ ਮਿੱਤਰ, ਬਿਸੰਬਰ ਦਾਸ, ਪਵਨ ਕੁਮਾਰ, ਅਜੀਤ ਸਿੰਘ ਆਦਿ ਹਾਜ਼ਰ ਹੋਏ।

### ਸ਼ਿਵਾਲਿਕ ਪਬਲਿਕ ਸਕੂਲ ਦਾ ਪੰਜਵੀਂ ਦਾ ਨਤੀਜਾ ਸੌ ਫੀਸਦੀ



**ਸਮਾਣਾ (ਗੁਰਪਿਆਰ ਸਿੰਘ ਬੱਲ ਇਕਬਾਲ ਸਿੰਘ ਬੱਲ)**-ਸ਼ਿਵਾਲਿਕ ਮਲਟੀਪਰਪਜ਼ ਪਬਲਿਕ ਸਕੂਲ, ਸਮਾਣਾ ਦਾ ਪੰਜਵੀਂ ਬੋਰਡ ਕਲਾਸ ਦਾ ਸਾਲਾਨਾ ਨਤੀਜਾ 100% ਰਿਹਾ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਵਿਨੋਦ ਕੁਮਾਰ ਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰੇਨੂ ਬਾਲਾ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਕੂਲ ਅਧਿਆਪਕ ਧਰਮਿੰਦਰ ਕੁਮਾਰ, ਮੈਡਮ ਸਕਿੰਦਰ ਕੌਰ, ਰਸ਼ਿਕਾ, ਤਾਨੀਆ ਤੇ ਮੈਡਮ ਸੁਰੇਖਾ ਮੌਜੂਦ ਸਨ।

### ਡੀ. ਏ. ਵੀ. ਪਬਲਿਕ ਸਕੂਲ ਦਾ ਨਤੀਜਾ 100% ਰਿਹਾ



**ਧੂਰੀ (ਸੁਖਦੇਵ ਧੂਰੀ)**-ਡੀ. ਏ. ਵੀ. ਪਬਲਿਕ ਸਕੂਲ ਕੱਕੜਵਾਲ ਬੋਰਡ ਦਾ 5ਵੀਂ ਕਲਾਸ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਬੀ. ਕੇ. ਸ਼ਰਮਾ ਨੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਬਾਕੀ ਵਿਦਿਆਰਥੀਆਂ ਨੂੰ ਵੀ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਭਾ ਵਿੱਚ ਮੌਜੂਦ ਬਾਕੀ ਵਿਦਿਆਰਥੀਆਂ ਨੇ ਤਾੜੀਆਂ ਵਜਾ ਕੇ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ। ਡੀ. ਏ. ਵੀ. ਪਬਲਿਕ ਸਕੂਲ ਕੱਕੜਵਾਲ ਦੀ ਵਿਦਿਆਰਥਣ ਪ੍ਰਨੀਤ ਕੌਰ ਨੇ 97.8% ਅੰਕ ਹਾਸਲ ਕਰਕੇ ਪਹਿਲੀ, ਜਸਕਰਨ ਸਿੰਘ ਨੇ 97.4% ਅੰਕਾਂ ਨਾਲ ਦੂਜੀ, ਮਨਜੋਤ ਕੌਰ ਨੇ 95.6% ਅੰਕਾਂ ਨਾਲ ਤੀਜੀ ਪੁਜ਼ੀਸ਼ਨ ਹਾਸਲ ਕੀਤੀ।

### ਤੰਦਰੁਸਤ ਮਿਸ਼ਨ ਤਹਿਤ ਆਊਟਰੀਚ ਕੈਂਪ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਡਾ. ਰੰਜੂ ਸਿੰਗਲਾ ਦੀਆਂ ਹਦਾਇਤਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਮਲੋਟ ਡਾ. ਸੁਨੀਲ ਬਾਂਸਲ ਦੇ ਹੁਕਮਾਂ ਅਨੁਸਾਰ ਸਿਵਲ ਹਸਪਤਾਲ ਵੱਲੋਂ ਤੰਦਰੁਸਤ ਮਿਸ਼ਨ ਤਹਿਤ ਰਵਿਦਾਸ ਨਗਰ ਮਲੋਟ ਵਿਖੇ ਆਊਟਰੀਚ ਕੈਂਪ ਲਾਇਆ ਗਿਆ।ਇਸ ਮੌਕੇ ਡਾ. ਸੁਨੀਲ ਬਾਂਸਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਸਮੂਹ ਡਾਕਟਰ ਸਹਿਬਾਨਾਂ ਵੱਲੋਂ 152 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਲੈਬੋਰੇਟਰੀ ਟੈਕਨੀਸ਼ੀਅਨ ਵੱਲੋਂ ਆਏ ਹੋਏ ਮਰੀਜ਼ਾਂ ਦੇ ਮੁਫ਼ਤ ਟੈਸਟ ਵੀ ਕੀਤੇ ਗਏ।ਇਸ ਮੌਕੇ ਡਾ. ਵਿਕਾਸ ਬਾਂਸਲ, ਡਾ. ਰਮਿਤੀ, ਡਾ. ਚੇਤਨ ਖੁਰਾਣਾ, ਏ.ਐੱਨ.ਐੱਮ. ਜਸਬੀਰ ਕੌਰ, ਰੇਨੂੰ ਸਟਾਫ਼ ਨਰਸ, ਹਰਜੋਤ ਸਿੰਘ ਐੱਲ ਟੀ, ਰੌਸ਼ਨ ਲਾਲ, ਸਤੀਸ਼ ਕੁਮਾਰ, ਆਸ਼ਾ ਵਰਕਰ ਆਦਿ ਹਾਜ਼ਰ ਹਨ।

# ਸਿਹਤ ਮੰਤਰੀ ਵਿਸ਼ਵ ਮਲੇਰੀਆ ਦਿਵਸ ਮੌਕੇ ਮਲਟੀਪਰਪਜ਼ ਕੇਡਰ ਦਾ ਨਾਂਅ ਬਦਲਣ ਦਾ ਐਲਾਨ ਕਰਨ : ਢਿੱਲੋਂ

**ਮੋਗਾ (ਅਮਰਜੀਤ ਬੱਬਰੀ)**
ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਕੁਲਬੀਰ ਸਿੰਘ ਢਿੱਲੋਂ ਨੇ ਮਲਟੀਪਰਪਜ਼ ਹੈਲਥ ਵਰਕਰ ਮੇਲ ਤੇ ਫੀਮੇਲ ਦਾ ਨਾਮ ਬਦਲਣ ਦੀ ਮੰਗ ਕਰਦਿਆਂ ਕਿਹਾ ਕਿ ਵਿਸ਼ਵ ਮਲੇਰੀਆ ਦਿਵਸ ਮੌਕੇ 25 ਅਪ੍ਰੈਲ ਨੂੰ ਸਰਕਾਰ ਮਲਟੀਪਰਪਜ਼ ਹੈਲਥ ਵਰਕਰਾਂ ਦੇ ਨਾਮ ਬਦਲੀ ਦੀ ਫਾਈਲ 'ਤੇ ਪੱਕੀ ਮੋਹਰ ਲਗਾ ਕੇ ਕੇਡਰ ਨੂੰ ਤੋਹਫ਼ਾ ਦੇਵੇ। ਇਸ ਸਬੰਧੀ ਜ਼ਿਲ੍ਹਾ ਪ੍ਰੈੱਸ ਸਕੱਤਰ ਮਹਿੰਦਰ ਪਾਲ ਲੂੰਬਾ ਵੱਲੋਂ ਜਾਰੀ ਪ੍ਰੈੱਸ ਨੋਟ ਰਾਹੀਂ ਆਗੂਆਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮਲਟੀਪਰਪਜ਼ ਹੈਲਥ ਵਰਕਰ ਮੇਲ ਫੀਮੇਲ ਦਾ ਨਾਮ ਬਦਲਣ ਲਈ ਪ੍ਰਪੋਜ਼ਲ ਤੇ ਮੰਗ ਪੱਤਰ ਵਿਭਾਗ ਨੂੰ ਦਿੱਤੇ ਹੋਏ ਹਨ, ਜਿਨ੍ਹਾਂ ਤੇ ਬਹੁਤ ਹੀ ਹੌਲੀ ਗਤੀ ਨਾਲ ਕੰਮ ਚੱਲ ਰਿਹਾ ਹੈ, ਜਿਸ ਕਰਕੇ ਸੂਬੇ ਭਰ ਦੇ ਮਲਟੀਪਰਪਜ਼ ਕੇਡਰ ਵਿੱਚ ਨਿਰਾਸ਼ਾ ਹੈ। ਆਗੂਆਂ ਨੇ ਕਿਹਾ ਕਿ ਸਿਹਤ ਵਿਭਾਗ ਵਿੱਚ ਪਹਿਲਾਂ ਵੀ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਕਈ ਕੇਡਰਾਂ ਦੇ ਨਾਮ ਬਦਲੇ ਜਾ ਚੁੱਕੇ ਹਨ, ਕਿਉਂਕਿ ਅਜਿਹਾ ਕਰਨ ਨਾਲ ਸਰਕਾਰ 'ਤੇ ਕੋਈ ਵਿੱਤੀ ਬੋਝ ਨਹੀਂ ਪੈਂਦਾ, ਇਸ ਲਈ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਵੱਲੋਂ ਵੀ ਕੇਡਰ ਦਾ ਨਾਮ ਬਦਲਣ ਲਈ ਆਵਾਜ਼ ਉਠਾਈ ਗਈ ਹੈ। ਆਗੂਆਂ ਨੇ ਸਿਹਤ ਮੰਤਰੀ ਕੋਲੋਂ ਮੰਗ ਕੀਤੀ ਹੈ ਕਿ ਇਸ ਮਹੀਨੇ 25 ਅਪ੍ਰੈਲ ਨੂੰ ਵਿਸ਼ਵ ਮਲੇਰੀਆ ਦਿਵਸ ਆਉਂਦਾ ਹੈ, ਜਿਸ ਦਾ ਸਿੱਧਾ ਸੰਬੰਧ ਮਲਟੀਪਰਪਜ਼ ਹੈਲਥ ਵਰਕਰਾਂ ਨਾਲ ਹੈ, ਇਸ ਦਿਵਸ 'ਤੇ ਮਲਟੀਪਰਪਜ਼ ਕੇਡਰ ਦੇ ਨਾਮ ਬਦਲੀ ਦਾ ਰਸਮੀ ਐਲਾਨ ਕਰਕੇ ਸੂਬੇ ਭਰ ਦੇ ਸਿਹਤ ਵਰਕਰਾਂ ਨੂੰ ਸਨਮਾਨ ਦੇਣ ਤਾਂ ਜੋ ਅਗਾਮੀ ਗਰਮੀ ਦੇ ਸੀਜ਼ਨ ਵਿੱਚ ਸਿਹਤ ਕਾਮੇ ਹੋਰ ਵੀ ਸ਼ਿੱਦਤ ਨਾਲ ਆਪਣੀ ਡਿਊਟੀ ਨਿਭਾਅ ਸਕਣ। ਇਸ ਮੌਕੇ ਉਕਤ ਤੋਂ ਇਲਾਵਾ ਰਮਨਜੀਤ ਸਿੰਘ ਭੁੱਲਰ, ਦਵਿੰਦਰ ਸਿੰਘ ਤੂਰ, ਜਗਰੂਪ ਸਿੰਘ ਢੁੱਡੀਕੇ, ਪਰਮਿੰਦਰ ਸਿੰਘ ਬੱਡੂਵਾਲ, ਕੁਲਦੀਪ ਕੌਰ, ਮਨਦੀਪ ਕੌਰ, ਗਗਨਪ੍ਰੀਤ ਸਿੰਘ, ਗੁਰਜੰਟ ਸਿੰਘ ਮਾਹਲਾ, ਜਸਵਿੰਦਰ ਸਿੰਘ ਤੇ ਰਾਜ ਕੁਮਾਰ ਆਦਿ ਹਾਜ਼ਰ ਸਨ।



# ਕਪਤਾਨ ਛਾਬੜਾ ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਬਣੇ

**ਜਲਾਲਾਬਾਦ (ਸਤਨਾਮ ਸਿੰਘ, ਜੀਤ ਕੁਮਾਰ)**-ਆੜ੍ਹਤੀਆ ਯੂਨੀਅਨ ਜਲਾਲਾਬਾਦ ਦੇ ਅਹੁਦੇਦਾਰਾਂ ਦੀ ਚੋਣ ਸਬੰਧੀ ਮੀਟਿੰਗ ਕੀਤੀ ਗਈ, ਜਿਸ ਵਿੱਚ ਹਲਕਾ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵਿਸ਼ੇਸ਼ ਤੌਰ 'ਤੇ ਪੁੱਜੇ ਤੇ ਉਨ੍ਹਾ ਦੀ ਰਹਿਨੁਮਈ ਹੇਠ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਮੌਕੇ ਆੜ੍ਹਤੀਆ ਯੂਨੀਅਨ ਜਲਾਲਾਬਾਦ ਦੇ ਸਰਪ੍ਰਸਤ ਹਨੀ ਧੁਪਨੇਜਾ, ਪ੍ਰਧਾਨ ਕਪਤਾਨ ਛਾਬੜਾ, ਵਾਇਸ ਪ੍ਰਧਾਨ ਛਿੰਦਰ ਮੈਨੀ, ਵਾਇਸ ਪ੍ਰਧਾਨ ਨਿਤਿਨ ਛਾਬੜਾ, ਵਾਇਸ ਪ੍ਰਧਾਨ ਬਿੱਟੂ ਅਰੋੜਾ, ਜਨਰਲ ਸਕੱਤਰ ਜੱਜ ਦਰਗਨ, ਸੈਕਟਰੀ ਰੈਵਿਸ਼ ਕੁਮਾਰ ਤੇ ਸੈਕਟਰੀ ਸਤੀਸ਼ ਕੁਮਾਰ, ਕੈਸ਼ੀਅਰ ਰਾਜ ਛਾਬੜਾ ਚੁਣੇ ਗਏ, ਜਦਕਿ ਆੜ੍ਹਤੀਏ ਕਾਰਜ ਮੋਕਲ, ਬੰਟੀ ਬਜਾਜ, ਲਾਡੀ ਦਰਗਨ, ਗੁਰਦਿਆਲ ਕੰਬੋਜ, ਵਿਨਸ ਡੂਮੜਾ, ਅਸ਼ੋਕ ਵਾਟਸ, ਕਾਲਾ ਸਿਡਾਨਾ, ਗੁਰਦਿਆਲ ਚੰਦ, ਨਵਦੀਪ ਕੰਬੋਜ, ਸਤੀਸ਼ ਕੁਮਾਰ ਕਾਰਜਕਾਰਨੀ ਮੈਂਬਰ ਚੁਣੇ ਗਏ। ਨਵਨਿਯੁਕਤ ਪ੍ਰਧਾਨ ਕਪਤਾਨ ਛਾਬੜਾ ਨੇ ਆੜ੍ਹਤੀਆਂ ਨੂੰ ਭਰੋਸਾ ਦਿੱਤਾ ਕਿ ਮਿਲੀ ਜ਼ੁੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਦੇ ਨਾਲ ਨਿਭਾਉਣਗੇ ਤੇ ਆੜ੍ਹਤੀਆ ਵਰਗ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਇਸ ਮੌਕੇ ਹਲਕਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਨੂੰ ਲੈ ਕੇ ਸਾਰੇ ਪ੍ਰਬੰਧ ਕਰ ਲਏ ਗਏ ਹਨ, ਇਸ ਲਈ ਮੰਡੀਆਂ ਵਿੱਚ ਕਿਸਾਨਾਂ ਨੂੰ ਕਣਕ ਦੀ ਫਸਲ ਵੇਚਣ ਲਈ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਅੱਜ ਨਵੇਂ ਚੁਣੇ ਗਏ ਆੜ੍ਹਤੀਆ ਯੂਨੀਅਨ ਦੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਆੜ੍ਹਤੀ ਚੰਦਰ ਖੇਰੇਕੇ ਨੇ ਕਣਕ ਦੀ ਆਮਦ 'ਤੇ ਆੜ੍ਹਤੀਆਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਤੇ ਮੰਗਾਂ ਬਾਰੇ ਹਲਕਾ ਵਿਧਾਇਕ ਨੂੰ ਜਾਣੂ ਕਰਵਾਇਆ ਤੇ ਇਨ੍ਹਾਂ ਮਸਲਿਆਂ ਦਾ ਹੱਲ ਕਰਨ ਦੀ ਮੰਗ ਕੀਤੀ। ਮੀਟਿੰਗ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਦੇਵ ਰਾਜ ਸ਼ਰਮਾ ਵੱਲੋਂ ਬਾਖ਼ੂਬੀ ਨਿਭਾਈ ਗਈ।



ਮੀਟਿੰਗ 'ਚ ਹਾਜ਼ਰ ਆੜ੍ਹਤੀਏ ਤੇ ਨਾਲ ਬੈਠੇ ਵਿਧਾਇਕ ਜਗਦੀਪ ਕੰਬੋਜ ਗੋਲਡੀ।

# ਫਰੀਦਕੋਟ ਦੀ ਧੀ ਡੀ ਏ ਵੀ ਕਾਲਜ ਚੰਡੀਗੜ੍ਹ ਦੀ ਬਣੀ ਪ੍ਰਿੰਸੀਪਲ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**
ਸਥਾਨਕ ਬਾਬਾ ਫਰੀਦ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ ਫਰੀਦਕੋਟ ਦੀ ਧੀ ਨੇ ਡੀ.ਏ.ਵੀ. ਕਾਲਜ ਸੈਕਟਰ 10 ਚੰਡੀਗੜ੍ਹ ਦੀ ਪ੍ਰਿੰਸੀਪਲ ਦਾ ਅਹੁਦਾ ਸੰਭਾਲ ਕੇ ਫਰੀਦਕੋਟ ਦਾ ਨਾਂਅ ਦੇਸ਼ 'ਚ ਰੌਸ਼ਨ ਕੀਤਾ। ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵਕ ਸਵਰਗੀ ਸ੍ਰੀ ਰਮੇਸ਼ ਲਾਲ ਜੈਨ ਦੀ ਬੇਟੀ ਪ੍ਰੋ. ਰੀਟਾ ਜੈਨ ਨੇ 6 ਅਪ੍ਰੈਲ ਨੂੰ ਡੀ.ਏ.ਵੀ. ਕਾਲਜ ਸੈਕਟਰ 10 ਚੰਡੀਗੜ੍ਹ ਦੀ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ, ਜੋ ਫਰੀਦਕੋਟ ਵਾਸੀਆਂ ਤੇ ਜੈਨ ਪਰਿਵਾਰ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਪ੍ਰਿੰਸੀਪਲ ਪ੍ਰੋ. ਡਾ: ਰੀਟਾ ਜੈਨ ਨੇ ਦੱਸਿਆ ਕਿ ਚਾਰਜ ਸੰਭਾਲਣ ਦੇ ਨਾਲ ਹੀ ਮਹਿਲਾ ਸਸ਼ਕਤੀਕਰਨ 'ਤੇ ਧਿਆਨ ਦਿੱਤਾ ਜਾਵੇਗਾ। ਮੇਰਾ ਉਦੇਸ਼ ਪਹਿਲਾਂ ਸਾਰੇ ਪੱਛੜੇ ਕੰਮਾਂ ਨੂੰ ਪੂਰਾ ਕਰਨਾ ਹੋਵੇਗਾ। ਮੈਂ ਇਹ ਯਕੀਨੀ ਬਣਾਵਾਂਗਾ ਕਿ ਕਿਸੇ ਵੀ ਚੱਲ ਰਹੇ ਵਿਵਾਦ ਕਾਰਨ ਕਿਸੇ ਨੂੰ ਵੀ ਪ੍ਰੇਸ਼ਾਨੀ ਨਾ ਝੱਲਣੀ ਪਵੇ। ਮੈਂ ਇਸ ਸੰਸਥਾ ਨੂੰ ਅਕਾਦਮਿਕ, ਸੱਭਿਆਚਾਰਕ ਤੇ ਖੇਡਾਂ ਦੇ ਪੱਖੋਂ ਨਵੀਆਂ ਉਚਾਈਆਂ 'ਤੇ ਲਿਜਾਣ ਦੀ ਕੋਸ਼ਿਸ਼ ਕਰਾਂਗੀ। ਇਸ ਮੌਕੇ ਕਾਲਜ ਦੇ ਸਾਬਕਾ ਪ੍ਰਿੰਸੀਪਲ ਪ੍ਰੋ. ਪਵਨ ਸ਼ਰਮਾ ਤੇ ਹੋਰ ਫੈਕਲਟੀ ਮੈਂਬਰਾਂ ਨੇ ਪ੍ਰੋ. ਡਾ. ਰੀਟਾ ਜੈਨ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਪ੍ਰਿੰਸੀਪਲ ਪ੍ਰੋ. ਡਾ. ਰੀਟਾ ਜੈਨ ਦੀ ਪ੍ਰਿੰਸੀਪਲ ਵਜੋਂ ਚੋਣ ਭਾਰਤ ਦੇ ਉਪ-ਰਾਸ਼ਟਰਪਤੀ ਦੁਆਰਾ ਪ੍ਰੋਫੈਸਰ ਰੇਣੂ ਚੀਮਾ ਵਿਜ ਨੂੰ ਪੰਜਾਬ ਯੂਨੀਵਰਸਿਟੀ (ਪੀਯੂ) ਦੀ ਉਪ-ਕੁਲਪਤੀ ਵਜੋਂ ਨਿਯੁਕਤ ਕਰਨ ਤੋਂ ਬਾਅਦ ਹੋਈ ਹੈ, ਜਿਸ ਨਾਲ ਉਹ ਯੂਨੀਵਰਸਿਟੀ ਦੇ 141 ਸਾਲਾਂ ਦੇ ਇਤਿਹਾਸ ਵਿੱਚ ਇਹ ਅਹੁਦਾ ਸੰਭਾਲਣ ਵਾਲੀ ਪਹਿਲੀ ਮਹਿਲਾ ਬਣ ਗਈ ਹੈ।



# ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਦੀ ਮੰਤਰੀ ਨਾਲ ਮੀਟਿੰਗ

**ਦਿੜ੍ਹਬਾ/ਛਾਜਲੀ (ਜਸਵੀਰ ਲਾਡੀ)**
ਪੀ. ਡਬਲਿਊ. ਡੀ. ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਦੀ ਪੈਨਲ ਮੀਟਿੰਗ ਮਾਨਯੋਗ ਮੰਤਰੀ ਪੰਜਾਬ ਸਰਕਾਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਚੰਡੀਗੜ੍ਹ ਨਾਲ ਉਨ੍ਹਾਂ ਦੇ ਦਫਤਰ ਸਿਵਿਲ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਮਾਨਯੋਗ ਪ੍ਰਮੁੱਖ ਸਕੱਤਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ, ਮਾਨਯੋਗ ਵਿਭਾਗੀ ਮੁਖੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਮੁੱਖ ਦਫਤਰ ਮੋਹਾਲੀ, ਮਾਨਯੋਗ ਮੁੱਖ ਇੰਜੀਨੀਅਰ ਮੁੱਖ ਦਫਤਰ ਪਟਿਆਲਾ, ਮਾਨਯੋਗ ਡਿਪਟੀ ਡਾਇਰੈਕਟਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨਾਭਾ ਰੋਡ ਪਟਿਆਲਾ ਤੇ ਉਨ੍ਹਾਂ ਦੇ ਦਫਤਰ ਦੇ ਸੁਪਰਡੈਂਟ ਸਾਹਿਬ ਅਤੇ ਸਬੰਧਤ ਸੀਨੀਅਰ ਸਹਾਇਕ ਸ਼ਾਮਲ ਸਨ। ਲੱਗਭੱਗ ਡੇਢ ਘੰਟਾ ਚੱਲੀ ਮੀਟਿੰਗ ਵਿੱਚ ਸਾਰੀਆਂ ਮੰਗਾਂ 'ਤੇ ਵਿਸਥਾਰ ਸਹਿਤ ਚਰਚਾ ਹੋਈ। ਤਰਸ ਦੇ ਆਧਾਰ ਤੇ ਨੌਕਰੀਆਂ ਦੇ 55 ਕੇਸਾਂ ਦੇ ਜਲਦ ਨਿਯੁਕਤੀ ਪੱਤਰ ਦੇਣ ਦਾ ਭਰੋਸਾ ਦਿਵਾਇਆ ਗਿਆ। ਦਰਜਾ ਚਾਰ ਕਰਮਚਾਰੀਆਂ ਦੀ 60% ਕੋਟੇ 'ਚ ਪ੍ਰਮੋਸ਼ਨਾਂ ਲਈ ਕੁਆਲੀਫਾਈ ਟੈਸਟ ਸਰਲ ਕਰਕੇ 15 ਮਈ ਤੱਕ ਟੈਸਟ ਲੈਣ ਦੀਆਂ ਹਦਾਇਤਾਂ ਕਮੇਟੀ ਨੂੰ ਜਾਰੀ ਕੀਤੀਆਂ ਗਈਆਂ। ਦਰਜਾ ਤਿੰਨ ਤਕਨੀਕੀ ਕਰਮਚਾਰੀਆਂ ਦੀਆਂ 6% ਕੋਟੇ 'ਚ ਪਹਿਲਾਂ ਤੋਂ ਵਿਭਾਗੀ ਟੈਸਟ ਪਾਸ ਕਰਮਚਾਰੀਆਂ ਤੋਂ ਦੋਬਾਰਾ ਟੈਸਟ ਨਾ ਲੈਣ ਦੀ ਗੱਲ ਵੀ ਮੰਨਜ਼ੂਰ ਕੀਤੀ ਗਈ ਅਤੇ ਸੀਨੀਆਰਤਾ ਸੂਚੀ ਫਾਈਨਲ ਹੋ ਜਾਣ ਤੇ ਪ੍ਰਮੋਸ਼ਨਾਂ ਕਰਨ ਦਾ ਭਰੋਸਾ ਦਿਵਾਇਆ ਗਿਆ। ਮੀਟਿੰਗ ਵਿੱਚ ਮੱਖਣ ਸਿੰਘ ਵਾਹਿਦਪੁਰੀ, ਮਹਿਮਾ ਸਿੰਘ ਧਨੌਲਾ, ਬਿੱਕਰ ਸਿੰਘ ਮਾਖਾ ਸਾਰੇ ਕਨਵੀਨਰ, ਪਵਨ ਮੌਂਗਾ, ਅਨਿਲ ਕੁਮਾਰ ਬਰਨਾਲਾ, ਜਸਪ੍ਰੀਤ ਸਿੰਘ ਸਾਰੇ ਕੋ-ਕਨਵੀਨਰ ਤੋਂ ਇਲਾਵਾ ਅਮਰਜੀਤ ਸਿੰਘ, ਸੁਖਦੇਵ ਸਿੰਘ ਤੇ ਕਰਮਾ ਪੁਰੀ ਸ਼ਾਮਲ ਸਨ।



# ਬੱਚਿਆਂ ਦਾ ਵਿੱਦਿਆਕ ਟੂਰ ਲਗਵਾਇਆ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਲਾਬੇਵਾਲਾ ਤੇ ਸਪਸ ਬਰੂਹਾਂਵਾਲੀ ਸਕੂਲ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਟੂਰ ਲਗਵਾਇਆ ਗਿਆ। ਟੂਰ ਵਿੱਚ 68 ਵਿਦਿਆਰਥੀਆਂ ਤੇ ਸੱਤ ਅਧਿਆਪਕਾਂ ਨੇ ਭਾਗ ਲਿਆ। ਗੁਲਾਬੇਵਾਲਾ ਤੋਂ ਚੱਲ ਕੇ ਰਸਤੇ ਵਿੱਚ ਪਰਗਟ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ। ਬਾਅਦ ਵਿੱਚ ਗੁਰਦੁਆਰਾ ਜਾਮਨੀ ਸਾਹਿਬ ਵਜੀਦਪੁਰ ਦੇ ਦਰਸ਼ਨ ਕੀਤੇ। ਫਿਰੋਜ਼ਪੁਰ ਪਹੁੰਚਣ 'ਤੇ ਹੈੱਡ ਟੀਚਰ ਵਰਿੰਦਰਪਾਲ ਸਿੰਘ ਦੇ ਸਮੁੱਚੇ ਪਰਿਵਾਰ ਨੇ ਟੂਰ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਸਵਾਗਤ ਕੀਤਾ। ਚਾਹ-ਪੀਣ ਉਪਰੰਤ ਵਿਦਿਆਰਥੀਆਂ ਨੂੰ ਹੁਸੈਨੀਵਾਲਾ ਬਾਰਡਰ 'ਤੇ ਸ਼ਹੀਦਾਂ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਗਏ। ਝੰਡਾ ਉਤਾਰਨ ਦੀ ਰਸਮ ਵੇਖੀ। ਟੂਰ ਵਿੱਚ ਪ੍ਰਗਟ ਸਿੰਘ ਜੰਬਰ, ਕੰਵਰਜੀਤ ਸਿੰਘ, ਜਸਵਿੰਦਰ ਸਿੰਘ, ਸਤਿਨਾਮ ਸਿੰਘ, ਭੋਲਾ ਸਿੰਘ, ਸੁਨੀਲ ਕੁਮਾਰ ਤੇ ਗੁਰਪ੍ਰੀਤ ਸਿੰਘ ਆਦਿ ਸ਼ਾਮਲ ਸਨ।

# ਵਿਕਾਸ ਮਿਸ਼ਨ ਵੱਲੋਂ ਸੇਵਾਮੁਕਤ ਇੰਸਪੈਕਟਰ ਜਗਸੀਰ ਸਿੰਘ ਸਨਮਾਨਤ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪੁਲਸ ਸਟੇਸ਼ਨ ਸਦਰ ਵਿਖੇ ਬਤੌਰ ਮੁੱਖ ਥਾਣਾ ਅਫ਼ਸਰ ਸੇਵਾ ਨਿਭਾਅ ਚੁੱਕੇ ਇੰਸਪੈਕਟਰ ਜਗਸੀਰ ਸਿੰਘ ਕੁਝ ਦਿਨ ਪਹਿਲਾਂ ਸੇਵਾਮੁਕਤ ਹੋ ਗਏ ਸਨ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਇੰਸਪੈਕਟਰ ਜਗਸੀਰ ਸਿੰਘ ਨੂੰ ਸਨਮਾਨਤ ਕਰਨ ਲਈ ਰੇਲਵੇ ਰੋਡ ਸਥਿਤ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਆਯੋਜਤ ਕੀਤਾ ਗਿਆ। ਮਿਸ਼ਨ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਮਿਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖੜਾ, ਪ੍ਰਦੀਪ ਧੂੜੀਆ, ਗੁਰਪਾਲ ਸਿੰਘ ਪਾਲੀ, ਅਨਿਲ ਅਨੇਜਾ, ਸਾਹਿਲ ਕੁਮਾਰ ਹੈਪੀ, ਚੌ. ਬਲਬੀਰ ਸਿੰਘ, ਰਜਿੰਦਰ ਖੁਰਾਣਾ, ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਗੁਰਚਰਨ ਸਿੰਘ ਟੌਹੜਾ ਅਤੇ ਨਰਿੰਦਰ ਕਾਕਾ ਫੋਟੋਗ੍ਰਾਫ਼ਰ ਮੌਜੂਦ ਸਨ। ਮੀਟਿੰਗ ਦੌਰਾਨ ਮੌਜੂਦ ਸਭ ਮੈਂਬਰਾਂ ਵੱਲੋਂ ਇੰਸਪੈਕਟਰ ਜਗਸੀਰ ਸਿੰਘ ਨੂੰ ਹਾਰ ਪੁਆ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਸ਼ਾਨਦਾਰ ਮੋਮੈਂਟੋ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਪ੍ਰਧਾਨ ਢੋਸੀਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇੰਸਪੈਕਟਰ ਜਗਸੀਰ ਸਿੰਘ ਨੇ ਆਪਣੇ ਸੇਵਾ ਕਾਲ ਦੌਰਾਨ ਆਪਣੀ ਸਰਕਾਰੀ ਡਿਊਟੀ ਕਾਬਲੀਅਤ ਤੇ ਨਿਰਪੱਖਤਾ ਨਾਲ ਬੇਦਾਗ਼ ਤਰੀਕੇ ਨਾਲ ਨਿਭਾਈ।

ਇੰਸਪੈਕਟਰ ਜਗਸੀਰ ਸਿੰਘ ਨੇ ਸਨਮਾਨ ਲਈ ਮਿਸ਼ਨ ਪ੍ਰਧਾਨ ਸ੍ਰੀ ਢੋਸੀਵਾਲ ਸਮੇਤ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵਿਕਾਸ ਮਿਸ਼ਨ ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜ ਕਰਦਾ ਆ ਰਿਹਾ ਹੈ ਤੇ ਅਜਿਹੀਆਂ ਸੰਸਥਾਵਾਂ ਪ੍ਰਸ਼ਾਸਨ ਅਤੇ ਆਮ ਲੋਕਾਂ ਵਿਚਕਾਰ ਮਜਬੂਤ ਕੜੀ ਦਾ ਕੰਮ ਕਰਦੀਆਂ ਹਨ।

# ਦੌਲਤਪੁਰਾ 'ਚ ਬੀ ਕੇ ਯੂ ਕਰਾਂਤੀਕਾਰੀ ਦੀ ਚੋਣ



**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਬਲਾਕ ਕਮੇਟੀ ਦੇ ਪ੍ਰਧਾਨ ਜਗਮੋਹਨ ਸਿੰਘ ਕੰਗ ਦੀ ਅਗਵਾਈ ਵਿੱਚ ਗੁਰਦੌਰ ਸਿੰਘ ਗੋਰਾ, ਤੇਜੀ ਮਹੇਸਰੀ, ਰਣਜੀਤ ਸਿੰਘ ਨਿਧਾਂਵਾਲਾ, ਸੂਬਾ ਸਿੰਘ ਡਗਰੂ, ਹਰਬੰਸ ਸਿੰਘ ਨਿਧਾਂਵਾਲਾ ਤੇ ਤਰਸੇਮ ਸਿੰਘ ਆਦਿ ਦੌਲਤਪੁਰਾ ਪੁੱਜੇ ਤੇ ਕਿਸਾਨਾਂ ਨਾਲ ਮੀਟਿੰਗ ਕੀਤੀ। ਮੀਟਿੰਗ ਨੂੰ ਸੰਬੋਧਨ ਹੁੰਦਿਆਂ ਪ੍ਰਧਾਨ ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਸਹੀ ਮੁਆਵਜ਼ਾ ਨਹੀਂ ਦੇਣਾ।

ਗੋਗਲੂਆਂ ਤੋਂ ਮਿੱਟੀ ਸਾੜਨ ਵਾਲੀ ਗੱਲ ਹੀ ਹੋਣੀ ਹੈ। ਸਹੀ ਮੁਆਵਜ਼ਾ ਲੈਣ ਤੇ ਦਾਗੀ ਹੋਈ ਕਣਕ ਵੇਚਣ ਲਈ ਸੰਘਰਸ਼ ਕਰਨਾ ਪਵੇਗਾ। ਅਖੀਰ 'ਤੇ ਪਿੰਡ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਜਗਤਾਰ ਸਿੰਘ ਪ੍ਰਧਾਨ, ਰਮੇਸ਼ ਕੁਮਾਰ ਹਾਂਡਾ ਮੀਤ ਪ੍ਰਧਾਨ, ਸੁਖਮੰਦਰ ਸਿੰਘ ਕੈਸ਼ੀਅਰ, ਜਸਕਰਨ ਸਿੰਘ ਸਹਿ-ਖਜ਼ਾਨਚੀ, ਬਲਤੇਜ ਸਿੰਘ ਜਨਰਲ ਸਕੱਤਰ, ਗੁਰਸੇਵਕ ਸਿੰਘ ਸਕੱਤਰ, ਗਗਨਦੀਪ ਸਿੰਘ ਪ੍ਰੈੱਸ ਸਕੱਤਰ ਚੁਣੇ ਗਏ।

# ਵਿਧਾਇਕ ਕਟਾਰੀਆ ਵੱਲੋਂ ਫਸਲਾਂ ਦੇ ਖਰਾਬੇ ਦੀ ਜਾਂਚ

**ਜ਼ੀਰਾ (ਨਰਿੰਦਰ ਅਨੇਜਾ)**-ਪਿਛਲੇ ਦਿਨੀਂ ਭਾਰੀ ਬਾਰਸ਼ ਨਾਲ ਫਸਲਾਂ ਦੇ ਖਰਾਬੇ ਦੀ ਜਾਂਚ ਕਰਨ ਵਾਸਤੇ ਵਿਧਾਨ ਸਭਾ ਹਲਕਾ ਜ਼ੀਰਾ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਪਿੰਡ ਪੀਰ ਮੁਹੰਮਦ, ਸੁੱਦਾ, ਵਲਟੋਹਾ ਤੇ ਮੱਲਾਂਵਾਲਾ ਵਿੱਚ ਜਾ ਕੇ ਖਰਾਬ ਹੋਈਆਂ ਫਸਲਾਂ ਦਾ ਜਾਇਜ਼ਾ ਲਿਆ ਤੇ ਜਲਦ ਤੋਂ ਜਲਦ ਉਨ੍ਹਾਂ ਦੀਆਂ ਗਿਰਦਾਵਰੀਆਂ ਪੂਰੀਆਂ ਕਰਨ ਦੇ ਆਦੇਸ਼ ਦਿੱਤੇ ਤਾਂ ਜੋ ਸਰਕਾਰ ਕਿਸਾਨਾਂ ਦੇ ਖਾਤਿਆਂ ਵਿੱਚ ਜਲਦ ਪੈਸੇ ਪਾ ਸਕੇ। ਇਸ ਮੌਕੇ ਉਨ੍ਹਾ ਨਾਲ ਜਿੱਥੇ ਐੱਸ ਡੀ ਐੱਮ ਗਗਨਦੀਪ ਸਿੰਘ ਜੀਰਾ, ਤਹਿਸੀਲਦਾਰ ਮੱਖੂ ਮੌਜੂਦ ਸੀ, ਉੱਥੇ ਉਨ੍ਹਾਂ ਨਾਲ ਸਬੰਧਤ ਇਲਾਕਿਆਂ ਦੇ ਪਟਵਾਰੀ ਤੇ ਕਾਨੂੰਗੋ ਵੀ ਮੌਜੂਦ ਰਹੇ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ ਦੁਆਇਆ ਕਿ ਜਲਦ ਤੋਂ ਜਲਦ ਗਿਰਦਾਵਰੀਆਂ ਕਰਵਾ ਕੇ ਮੁਆਵਜ਼ਾ ਉਨ੍ਹਾਂ ਦੇ ਖਾਤਿਆਂ ਵਿੱਚ ਆ ਜਾਵੇਗਾ ਤੇ ਵਿਸ਼ਵਾਸ ਦਿਵਾਇਆ ਕਿ ਬਿਲਕੁਲ ਪਾਰਦਰਸ਼ੀ ਢੰਗ ਨਾਲ ਇਸ ਦੀ ਗਿਰਦਾਵਰੀ ਕਰਵਾਈ ਜਾਵੇਗੀ, ਕਿਉਂਕਿ ਮੁੱਖ ਮੰਤਰੀ ਪੰਜਾਬ ਵੱਲੋਂ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ ਕਿ ਸਹੀ ਗਿਰਦਾਵਰੀ ਕਰਕੇ ਕਿਸਾਨਾਂ ਦੇ ਖਾਤਿਆਂ ਵਿੱਚ ਪੈਸੇ ਪਾਏ ਜਾਣ। ਇਸ ਮੌਕੇ ਉਨ੍ਹਾਂ ਨਾਲ ਗੁਰਜੀਤ ਸਿੰਘ, ਅਮਨ ਵੜ੍ਹਿਆਂ, ਰਾਣਾ ਬਾਹਰ ਵਾਲੀਆਂ, ਹਰਭਗਵਾਨ ਸਿੰਘ ਭੋਲਾ ਬਲਾਕ ਪ੍ਰਧਾਨ ਜ਼ੀਰਾ, ਦਰਬਾਰਾ ਸਿੰਘ, ਲਸ਼ਮਣ ਸਿੰਘ ਪਟਵਾਰੀ, ਬੱਬੂ ਕੁਤੱਬਪੁਰਾ, ਬੂਟਾ ਮੱਲਾਂ ਵਾਲਾ ਤੋਂ ਇਲਾਵਾ ਹੋਰ ਪਿੰਡ ਵਾਸੀ ਮੌਜੂਦ ਸਨ।



# ਚੇਅਰਮੈਨ ਜੱਸੀ ਸੋਹੀਆਂ ਵਾਲਾ ਵੱਲੋਂ ਸਮਾਰਟ ਸਕੂਲ ਬੂਹੀ ਦਾ ਦੌਰਾ

## ਆਉਣ ਵਾਲੇ ਸਮੇਂ 'ਚ ਪੰਜਾਬ ਸਿੱਖਿਆ ਤੇ ਖੇਡਾਂ 'ਚ ਦੇਸ਼ ਦੀ ਅਗਵਾਈ ਕਰਨ ਵਾਲਾ ਸੂਬਾ ਬਣੇਗਾ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਨਾਭਾ ਹਲਕੇ ਵਿੱਚ ਪੈਂਦੇ ਸਰਕਾਰੀ ਹਾਈ ਸਮਾਰਟ ਸਕੂਲ ਪਿੰਡ ਬੂਹੀ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾ ਸਕੂਲ 'ਚ ਚੱਲ ਰਹੀ ਪੜ੍ਹਾਈ ਦੇ ਨਾਲ-ਨਾਲ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਵਧੀਆ ਸਿੱਖਿਆ ਤੇ ਚੰਗੀਆਂ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਡੀ ਪੱਧਰ 'ਤੇ ਸੁਧਾਰ ਕੀਤਾ ਜਾ ਰਿਹਾ ਹੈ ਤਾਂ ਜੋ ਸਰਕਾਰੀ ਸਕੂਲਾਂ ਪ੍ਰਤੀ ਵਿਦਿਆਰਥੀ ਤੇ ਉਨ੍ਹਾਂ ਦੇ ਮਾਪਿਆਂ ਦਾ ਪੂਰਨ ਵਿਸ਼ਵਾਸ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰੀ ਹਾਈ ਸਮਾਰਟ ਸਕੂਲ ਪਿੰਡ ਬੂਹੀ ਇਕ ਅਜਿਹਾ ਸਰਕਾਰੀ ਸਕੂਲ ਹੈ, ਜੋ ਪ੍ਰਾਈਵੇਟ ਸਕੂਲਾਂ ਨੂੰ ਪੜ੍ਹਾਈ ਤੇ ਹੋਰ ਵਧੇਰੇ ਸਹੂਲਤਾਂ ਦੇਣ ਵਿੱਚ ਮਾਤ ਪਾ ਰਿਹਾ ਹੈ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਬਣਾਏ ਜਾ ਰਹੇ 117 ਸਕੂਲ ਆਫ ਐਮੀਨੈਂਸ ਸਿੱਖਿਆ ਦੇ ਖੇਤਰ 'ਚ ਵੱਡੀ ਕ੍ਰਾਂਤੀ ਸਾਬਿਤ ਹੋਣਗੇ ਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਿੱਖਿਆ ਤੇ ਖੇਡਾਂ 'ਚ ਮੋਹਰੀ ਹੋ ਕੇ ਦੇਸ਼ ਦੀ ਅਗਵਾਈ ਕਰਨ ਵਾਲਾ ਸੂਬਾ ਬਣੇਗਾ।

ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਹਰਪ੍ਰੀਤ ਸਿੰਘ, ਸ੍ਰੀਮਤੀ ਮਧੂ ਚੋਪੜਾ, ਰਮੇਸ਼ ਚੰਦ, ਬਲਜੀਤ ਸਿੰਘ, ਗਗਨਦੀਪ ਕੌਰ, ਅੰਮ੍ਰਿਤ ਕੌਰ ਆਦਿ ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

# 'ਆਪ' ਸਰਕਾਰ ਦੇ ਲਾਰਿਆਂ ਤੋਂ ਅੱਕੇ ਅਧਿਆਪਕਾਂ ਵੱਲੋਂ 30 ਨੂੰ ਜਲੰਧਰ 'ਚ ਰੋਸ ਰੈਲੀ ਦਾ ਐਲਾਨ

**ਸੰਗਰੂਰ (ਪ੍ਰਵੀਨ ਸਿੰਘ)**-ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਨਾਲ ਬੀਤੀ 30 ਦਸੰਬਰ 2022 ਨੂੰ ਹੋਈ ਪੈਨਲ ਮੀਟਿੰਗ ਦੌਰਾਨ ਪਿਛਲੇ 11 ਸਾਲਾਂ ਤੋਂ ਪੈਂਡਿੰਗ 7654, 3442, 5178 ਭਰਤੀਆਂ ਦੇ ਓਪਨ ਡਿਸਟੈਂਸ ਲਰਨਿੰਗ (ਓ.ਡੀ.ਐੱਲ.) ਨਾਲ ਸਬੰਧਤ 125 ਅਧਿਆਪਕਾਂ ਦੇ ਰੈਗੂਲਰ ਆਰਡਰ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪ੍ਰੰਤੂ ਹੁਣ ਤੱਕ ਇਹ ਭਰੋਸਾ ਸਿਰਫ ਲਾਰਾ ਹੀ ਸਾਬਿਤ ਹੋਇਆ ਹੈ ਤੇ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਕੋਈ ਠੋਸ ਕਦਮ ਨਹੀਂ ਚੁੱਕੇ ਗਏ, ਜਿਸ ਦੇ ਮੱਦੇਨਜ਼ਰ ਡੀ.ਟੀ.ਐੱਫ. ਵੱਲੋਂ ਓ.ਡੀ.ਐੱਲ. ਅਧਿਆਪਕਾਂ ਦੇ ਪੈਂਡਿੰਗ ਰੈਗੂਲਰ ਆਰਡਰ ਜਾਰੀ ਕਰਵਾਉਣ ਨੂੰ ਆਰ-ਪਾਰ ਦੀ ਮੰਗ ਬਣਾ ਕੇ ਤੇ ਬਾਕੀ ਅਧਿਆਪਕ ਮੰਗਾਂ ਦੇ ਹੱਲ ਲਈ 30 ਅਪ੍ਰੈਲ 2023 ਨੂੰ ਜਲੰਧਰ ਸ਼ਹਿਰ ਵਿੱਚ ਇੱਕ ਵਿਸ਼ਾਲ ਰੈਲੀ ਕਰਕੇ ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਨੂੰ ਘੇਰਨ ਦਾ ਐਲਾਨ ਕੀਤਾ ਗਿਆ ਹੈ।



ਇਸ ਸਬੰਧੀ ਡੀ.ਟੀ.ਐੱਫ. ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਸ਼ਿਸ਼ਟ, ਪ੍ਰੈੱਸ ਸਕੱਤਰ ਕਰਮਜੀਤ ਨਦਾਮਪੁਰ ਤੇ ਓ ਡੀ ਐੱਲ ਅਧਿਆਪਕ ਯੂਨੀਅਨ ਦੇ ਆਗੂਆਂ ਗੁਰਧੀਰ ਸਿੰਘ, ਪਰਵਿੰਦਰ ਕੌਰ, ਮੀਨਾਕਸ਼ੀ ਤੇ ਸੈਕੀ ਨੇ ਦੱਸਿਆ ਕੇ ਸਿੱਖਿਆ ਵਿਭਾਗ ਦੀਆਂ 7654, 3442, 5178 ਭਰਤੀਆਂ ਵਿੱਚੋਂ 125 ਦੇ ਕਰੀਬ ਓ ਡੀ ਐੱਲ ਅਧਿਆਪਕਾਂ ਦੇ ਰੈਗੂਲਰ ਆਰਡਰ ਪਿਛਲੇ ਲਗਭਗ 11 ਸਾਲਾਂ ਤੋਂ ਰੋਕਦਿਆਂ, ਪੰਜਾਬ ਸਰਕਾਰ ਤੇ ਸਕੂਲ ਸਿੱਖਿਆ ਵਿਭਾਗ ਦੁਆਰਾ ਅਧਿਆਪਕਾਂ ਨਾਲ ਘੋਰ ਨਾ-ਇਨਸਾਫੀ ਕੀਤੀ ਜਾ ਰਹੀ ਹੈ।

ਸੂਬਾ ਕਮੇਟੀ ਮੈਂਬਰ ਰਘਵੀਰ ਸਿੰਘ ਭਵਾਨੀਗੜ੍ਹ, ਮੇਘ ਰਾਜ ਤੇ ਦਲਜੀਤ ਸਫੀਪੁਰ ਨੇ ਦੱਸਿਆ ਕਿ ਪੰਜਾਬ ਰਾਜ ਤੋਂ ਬਾਹਰ ਸਥਿਤ ਯੂਨੀਵਰਸਿਟੀਆਂ ਤੋਂ ਓਪਨ ਡਿਸਟੈਂਸ ਲਰਨਿੰਗ ਮੋਡ ਰਾਹੀਂ ਹਾਸਲ ਵਿੱਦਿਅਕ ਯੋਗਤਾਵਾਂ ਦੇ ਅਧਾਰ 'ਤੇ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਇਨ੍ਹਾਂ ਅਧਿਆਪਕਾਂ ਤੋਂ ਪਹਿਲਾਂ ਤੇ ਬਾਅਦ ਵਿੱਚ ਵੀ ਹਜ਼ਾਰਾਂ ਕਰਮਚਾਰੀ ਨਿਯੁਕਤ ਕੀਤੇ ਗਏ ਹਨ।

# ਜੌੜਾਮਾਜਰਾ ਨੇ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੰਗਰਾਮੀ ਤੇ ਬਾਗਬਾਨੀ ਵਿਭਾਗ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਮਾਣਾ ਦੀ ਅਨਾਜ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਨੂੰ ਮੰਡੀਆਂ 'ਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ। ਇਸ ਮੌਕੇ ਉਨ੍ਹਾਂ ਪਿੰਡ ਗਾਜੀਪੁਰ ਦੇ ਕਿਸਾਨ ਗੁਰਮੀਤ ਸਿੰਘ ਦੀ ਢੇਰੀ ਤੋਂ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਪਿਛਲੇ ਦਿਨੀਂ ਹੋਈ ਬਾਰਸ਼ ਤੇ ਗੜੇਮਾਰੀ ਕਾਰਨ ਫ਼ਸਲ ਦੇ ਨੁਕਸਾਨ ਦੀ ਭਰਪਾਈ ਲਈ ਪੰਜਾਬ ਸਰਕਾਰ ਵਚਨਬੱਧ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖੁਦ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਗਿਆ ਹੈ ਅਤੇ ਅਧਿਕਾਰੀਆਂ ਨੂੰ ਤੁਰੰਤ ਗਿਰਦਾਵਰੀ ਕਰਕੇ ਰਿਪੋਰਟ ਭੇਜਣ ਤੇ ਕਿਸਾਨਾਂ ਨੂੰ ਮੁਆਵਜ਼ਾ ਦੇ ਕੇ ਰਾਹਤ ਦੇਣ ਲਈ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ 'ਚ ਸੁੱਕੀ ਕਣਕ ਹੀ ਲੈ ਕੇ ਆਉਣ ਤਾਂ ਜੋ ਮੰਡੀ 'ਚ ਆਈ ਕਣਕ ਦੀ ਨਾਲੋ ਨਾਲ ਖਰੀਦ ਕਰਕੇ ਅਦਾਇਗੀ ਕੀਤੀ ਜਾ ਸਕੇ।

ਇਸ ਮੌਕੇ ਬਲਕਾਰ ਸਿੰਘ ਗੱਜੂਮਾਜਰਾ, ਐਡਵੋਕੇਟ ਗੁਲਜ਼ਾਰ ਸਿੰਘ ਵਿਰਕ, ਗੁਰਦੇਵ ਸਿੰਘ ਟਿਵਾਣਾ, ਐੱਸ.ਡੀ.ਐੱਮ. ਚਰਨਜੀਤ ਸਿੰਘ, ਅਗਰਵਾਲ ਧਰਮਸ਼ਾਲਾ ਦੇ ਪ੍ਰਧਾਨ ਡਾ. ਮਦਨ ਮਿੱਤਲ, ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਸੰਦੀਪ ਕੁਮਾਰ, ਟਰੱਕ ਯੂਨੀਅਨ ਪ੍ਰਧਾਨ ਜਤਿੰਦਰ ਸਿੰਘ ਝੰਡ, ਕ੍ਰਿਸ਼ਨ ਗੋਪਾਲ, ਜੀਵਨ ਕੁਮਾਰ, ਪਵਨ ਕੁਮਾਰ, ਮਿੰਨਾ, ਨਰਿੰਦਰ ਕੁਮਾਰ, ਸੁਸ਼ੀਲ ਕੁਮਾਰ ਕਾਕਾ, ਸੁਮਿਤ ਗਰਗ, ਅਮਿਤ ਗਰਗ ਸੋਨੀ, ਗੁਰਚਰਨ ਘੰਗਰੋਲੀ ਸਮੇਤ ਕਿਸਾਨ ਤੇ ਆੜ੍ਹਤੀਏ ਮੌਜੂਦ ਸਨ।



10-April-PAGE-8.qxd 4/9/2023 9:37 PM Page 1



## ਪੁਲਸ ਵੱਲੋਂ ਨਜਾਇਜ਼ ਮਾਈਨਿੰਗ ਕਰਨ ਵਾਲੇ 2 ਵਿਅਕਤੀ ਗ੍ਰਿਫਤਾਰ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਜਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸਾ ਨਿਰਦੇਸਾ ਅਧੀਨ ਜਿਲੇ ਅੰਦਰ ਨਜਾਇਜ ਮਾਈਨਿੰਗ ਕਰਨ ਵਾਲਿਆ ਖਿਲਾਫ ਵਿਸੇਸ ਮੁਹਿੰਮ ਤਹਿਤ ਟਾਂਡਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਨਜਾਇਜ ਤੌਰ 'ਤੇ ਮਾਈਨਿੰਗ ਕਰਨ ਵਾਲੇ 2 ਮੁਲਜਮਾਂ ਨੂੰ ਗੁਰਦੁਆਰਾ ਸਿੰਘ ਸਭਾ ਅਬਦਲਪੁਰ-ਮਿਆਣੀ ਨਜਦੀਕ ਗ੍ਰਿਫਤਾਰ ਕੀਤਾ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਟਾਂਡਾ ਦੇ ਮੁਖੀ ਸਬ-ਇੰਸਪੈਕਟਰ ਮਲਕੀਅਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ ਗੁਰਮੀਤ ਸਿੰਘ ਦੀ ਪੁਲਸ ਟੀਮ ਕਾਬੂ ਕੀਤੇ ਗਏ ਸੁੱਖਾ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਅਬਦੁਲਾਪੁਰ ਤੇ ਸ਼ਾਮੂ ਪੁੱਤਰ ਸੁਲੇਰ ਵਾਸੀ ਮਿਆਣੀ ਨੂੰ ਕਾਬੂ ਕਰਕੇ ਉਹਨਾਂ ਪਾਸੋਂ ਨਜਾਇਜ ਰੇਤਾ ਨਾਲ ਭਰੀਆ ਟਰਾਲੀਆਂ ਸਮੇਤ ਟਰੇਕਟਰਾਂ ਦੇ ਬ੍ਰਾਮਦ ਕਰਦੇ ਹੋਏ ਟਰੈਕਟਰ ਮਾਲਕ ਕੁਲਵੰਤ ਸਿੰਘ ਵਾਸੀ ਤਲਵੰਡੀ ਸੱਲਾ ਦੇ ਖਿਲਾਫ ਮਾਈਨਿੰਗ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡਾ. ਅਗਰਵਾਲ ਸਰਬਸੰਮਤੀ ਨਾਲ ਕੋਤਵਾਲੀ ਬਜ਼ਾਰ ਟਰੇਡ ਯੂਨੀਅਨ ਦੇ ਮੀਤ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਕੋਤਵਾਲੀ ਬਾਜ਼ਾਰ ਟਰੇਡ ਯੂਨੀਅਨ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਸੇਠ ਕੇਵਲ ਕ੍ਰਿਸ਼ਨ ਵਰਮਾ ਦੀ ਪ੍ਰਧਾਨਗੀ ਹੇਠ ਹੋਟਲ ਸੈਫਰਨ ਵਿਖੇ ਹੋਈ। ਇਸ ਮੌਕੇ ਮੀਤ ਪ੍ਰਧਾਨ ਚੌਧਰੀ ਜੋਗਿੰਦਰ ਪਾਲ ਮਰਵਾਹਾ ਦੀ ਮੌਤ ਤੋਂ ਬਾਅਦ ਖਾਲੀ ਪਏ ਮੀਤ ਪ੍ਰਧਾਨ ਦੇ ਅਹੁਦੇ ਨੂੰ ਭਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਵਿਚਾਰ ਵਟਾਂਦਰੇ ਤੋਂ ਬਾਅਦ ਡਾ: ਈਸ਼ਵਰ ਚੰਦ ਅਗਰਵਾਲ ਨੂੰ ਸਰਬਸੰਮਤੀ ਨਾਲ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਡਾ: ਈਸ਼ਵਰ ਚੰਦ ਅਗਰਵਾਲ ਸਮਾਜ ਸੇਵੀ ਹਨ ਅਤੇ ਪਿਛਲੇ 50 ਸਾਲਾਂ ਤੋਂ ਕੋਤਵਾਲੀ ਬਜ਼ਾਰ 'ਚ ਰੇਨਬੋ ਆਪਟੀਕਲ ਦੇ ਨਾਂਅ ਨਾਲ ਐਨਕਾਂ ਦਾ ਕਾਰੋਬਾਰ ਕਰ ਰਹੇ ਹਨ। ਉਹ ਆਪਣੀ ਮਿੱਠੀ ਆਵਾਜ਼ ਅਤੇ ਸੁਮੇਲ ਲਈ ਸ਼ਹਿਰ ਵਿੱਚ ਜਾਣਿਆ ਜਾਂਦਾ ਹੈ। ਇਸ ਮੌਕੇ ਟਰੇਡ ਯੂਨੀਅਨ ਦੇ ਅਹੁਦੇਦਾਰ ਜਨਰਲ ਸਕੱਤਰ ਦੀਪਕ ਮਰਵਾਹਾ, ਸਕੱਤਰ ਰਾਕੇਸ਼ ਹਾਂਡਾ, ਪ੍ਰੈੱਸ ਸਕੱਤਰ ਰਜਤ ਜੈਨ, ਪ੍ਰਚਾਰ ਸਕੱਤਰ ਵਰੁਣ ਓਹਰੀ, ਸ਼ਲਿੰਦਰ ਗੋਇਲ, ਰਿਸ਼ਭ ਜੈਨ, ਨਿਤਿਨ ਗੁਪਤਾ, ਅੰਕਿਤ ਅਗਰਵਾਲ, ਸੌਰਭ ਗੋਇਲ, ਅੰਸ਼ੁਲ ਗੋਇਲ, ਗੌਰਵ ਮਰਵਾਹਾ, ਹਰਸ਼ ਓਹਰੀ, ਡਾ. ਸਰਬਜੀਤ ਸਿੰਘ ਸੇਠੀ, ਅਨਿਰੁਧ ਹਾਂਡਾ ਆਦਿ ਹਾਜ਼ਰ ਸਨ।

## ਤਾਏ ਵੱਲੋਂ 12 ਸਾਲ ਦੀ ਭਤੀਜੀ ਨਾਲ ਜਬਰ ਜ਼ਨਾਹ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਨਜਦੀਕੀ ਪਿੰਡ ਰਸੀਦਪੁਰ ਦੀ 12 ਸਾਲ ਦੀ ਬੱਚੀ ਨਾਲ ਉਸ ਦਾ ਹੀ ਤਾਇਆ ਕਰਦਾ ਰਿਹਾ ਬਲਾਤਕਾਰ, ਬੱਚੀ ਦੀ ਮਾਂ ਨੇ ਪੁਲਸ ਕੋਲ ਕੀਤੀ ਸ਼ਿਕਾਇਤ, ਮਾਮਲਾ ਦਰਜ। ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਚਮਕੌਰ ਸਾਹਿਬ ਦੇ ਪੁਲਸ ਮੁਖੀ ਰੁਪਿੰਦਰ ਸਿੰਘ ਨੇ ਦੱਸਿਆ ਕਿ ਬੇਟ ਏਰੀਏ ਦੇ ਪੈਂਦੇ ਪਿੰਡ ਰਸੀਦਪੁਰ ਦੀ ਇਕ ਔਰਤ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਅਪ੍ਰੈਲ 2019 ਵਿਚ ਉਸ ਦੇ ਪਤੀ ਦਾ ਐਕਸੀਡੈਂਟ ਹੋ ਗਿਆ ਸੀ ਤੇ ਉਹ ਇਲਾਜ ਲਈ ਚੰਡੀਗੜ੍ਹ ਪੀ.ਜੀ. ਆਈ ਵਿਚ ਗਈ ਹੋਈ ਸੀ ਉਸ ਦੇ ਪਿਛੋਂ ਉਸ ਦੇ ਤਿੰਨ ਬੱਚੇ ਜਿਨ੍ਹਾਂ ਵਿਚ ਦੋ ਲੜਕੀਆਂ ਅਤੇ ਇਕ ਲੜਕਾ ਮੇਰੇ ਜੇਠ ਗਿਆਨ ਸਿੰਘ ਕੋਲ ਰਹਿੰਦੇ ਸਨ। ਉਪਰੋਕਤ ਔਰਤ ਨੇ ਦੱਸਿਆ ਕਿ ਮੇਰੀ ਵੱਡੀ ਲੜਕੀ ਨੂੰ ਮੇਰਾ ਜੇਠ ਸੁੱਤੀ ਪਈ ਨੂੰ ਚੁੱਕ ਕੇ ਸਾਈਡ 'ਤੇ ਲੈ ਜਾਂਦਾ ਤੇ ਉਸ ਨਾਲ ਜਬਰ ਜਨਾਹ ਕਰਦਾ ਰਿਹਾ, ਜਦੋਂ ਉਹ ਰੋਲਾ ਪਾਉਣ ਦੀ ਕੋਸ਼ਿਸ਼ ਕਰਦੀ ਤਾਂ ਉਸ ਦਾ ਮੂੰਹ ਬੰਦ ਕਰ ਦਿੰਦਾ ਅਤੇ ਧਮਕੀਆਂ ਦਿੰਦਾ। ਮੇਰੀ ਬੱਚੀ ਨੇ ਡਰਦੇ ਮਾਰੇ ਸਾਨੂੰ ਵੀ ਕੋਈ ਗੱਲ ਨਾ ਦੱਸੀ ਜਦੋਂ ਹੁਣ ਦੋ ਕੁ ਮਹੀਨੇ ਪਹਿਲਾ ਫੇਰ ਦੁਬਾਰਾ ਮੇਰੇ ਜੇਠ ਨੇ ਉਸ ਨੂੰ ਅਪਣੇ ਕੋਲ ਬੁਲਾਉਣ ਦੀ ਕੋਸ਼ਿਸ਼ ਕੀਤੀ ਤਾਂ ਮੇਰੀ ਲੜਕੀ ਨੇ ਮੈਨੂੰ ਸਾਰੀ ਗੱਲ ਦੱਸ ਦਿੱਤੀ। ਉਕਤ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਪੀੜਤ ਦੀ ਮਾਤਾ ਦੇ ਬਿਆਨਾਂ ਅਤੇ ਪੁਲਸ ਅਧਿਕਾਰੀ ਜਸ਼ਮੀਨ ਕੌਰ ਦੀ ਕਾਰਵਾਈ 'ਤੇ ਗਿਆਨ ਸਿੰਘ ਵਿਰੁੱਧ ਸਬੰਧਤ ਧਾਰਾਵਾਂ ਅਧੀਨ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲਾਇਲਪੁਰ ਖ਼ਾਲਸਾ ਕਾਲਜ ਦੇ ਕੰਪਿਊਟਰ ਵਿਭਾਗ ਵੱਲੋਂ ਪਲਾਜ਼ਮਾ 2023




**ਜਲੰਧਰ (ਸ਼ੈਲੀ ਐਲਬਰਟ)**-: ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੋਸਟ ਗਰੈਜੂਏਟ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਵਲੋਂ 22ਵਾਂ ਸਲਾਨਾ ਅੰਤਰ ਕਾਲਜ ਪ੍ਰਤੀਯੋਗਤਾ ਪਲਾਜ਼ਮਾਂ 2023 ਕਰਾਈ ਗਈ, ਜਿਸ ਵਿਚ ਪੰਜਾਬ ਦੇ 19 ਕਾਲਜਾਂ ਤੋਂ 430 ਵਿਦਿਆਰਥੀਆਂ ਨੇ ਹਿੱਸਾ ਲਿਆ। ਡਾ. ਪਰਮਿੰਦਰ ਕੌਰ, ਮੁਖੀ ਕੰਪਿਊਟਰ ਸਾਇੰਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਅਤੇ ਵਿਭਾਗ ਮੁਖੀ ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਗੁਲਦਸਤੇ ਦੇ ਕੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਇਸ ਪ੍ਰਤੀਯੋਗਤਾ ਵਿਚ ਟੈੱਕ.ਜੀ.ਡੀ., ਐਡ ਮੈਡ ਸ਼ੋਅ, ਹੈਂਡਸ ਔਨ ਕੀ ਬੋਰਡ, ਟੈਸਟ ਯੂਅਰ ਟੈਕਨੀਕਲ ਸਕਿਲ, ਲੌਜਿਕ ਵਰਲਪੂਲ, ਨੈੱਟ ਸੇਵੀ, ਆਈਡੀਆ ਸਨੈਪ ਸ਼ਾਟ, ਆਈ.ਟੀ. ਕਵਿਜ਼ (ਆਨਲਾਈਨ), ਆਈ.ਟੀ. ਇਨ ਕਲਰਸ, ਵੈੱਬ ਪੋਰਟਲ ਡਿਵੈਲਪਮੈਂਟ, ਆਰ ਜੇਇੰਗ, ਲੋਗੋ ਡਿਜਾਈਨ ਅਤੇ ਪਿਕਸਲ ਪਲੱਸ 13 ਮੁਕਾਬਲੇ ਕਰਾਏ ਗਏ। ਇਸ ਮੌਕੇ ਮੁੱਖ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਆਪਣੀ ਅੰਦਰਲੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਪੜ੍ਹਾਈ ਦੇ ਨਾਲ-ਨਾਲ ਅਜਿਹੇ ਮੁਕਾਬਲਿਆਂ ਵਿਚ ਵੀ ਹਿੱਸਾ ਲੈਣਾ ਚਾਹੀਦਾ ਹੈ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਕੰਪਿਊਟਰ ਸਾਇੰਸ ਤੇ ਆਈ.ਟੀ. ਵਿਭਾਗ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਵਿਭਾਗ ਕਾਲਜ ਲਈ ਰੀੜ੍ਹ ਦੀ ਹੱਡੀ ਅਤੇ ਇਸ ਵਿਭਾਗ ਦੇ ਵਿਦਿਆਰਥੀਆਂ ਨੇ ਦੇਸ਼ ਦੇ ਨਾਲ-ਨਾਲ ਵਿਦੇਸ਼ਾਂ ਵਿਚ ਕਾਫੀ ਮੱਲਾਂ ਮਾਰੀਆਂ ਹਨ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਡਾ. ਅੰਸ਼ੂ ਭਸੀਨ ਮੁਖੀ ਕੰਪਿਊਟਰ ਸਾਇੰਸ ਵਿਭਾਗ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ, ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਅਤੇ ਪ੍ਰੋ. ਸੰਜੀਵ ਕੁਮਾਰ ਆਨੰਦ ਮੁਖੀ ਕੰਪਿਊਟਰ ਵਿਭਾਗ ਨੇ ਇਨਾਮ ਤਕਸੀਮ ਕੀਤੇ ਗਏ । ਓਵਰਆਲ ਟਰਾਫੀ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਨੇ 40 ਅੰਕ ਪ੍ਰਾਪਤ ਕਰਕੇ ਜਿੱਤੀ । ਇਨ੍ਹਾਂ ਨੇ 6 ਇਵੈਂਟ ਵਿਚ ਪਹਿਲਾ, 2 ਵਿਚ ਦੂਜਾ ਅਤੇ 2 'ਚ ਤੀਜਾ ਸਥਾਨ ਹਾਸਲ ਕੀਤਾ । ਫਸਟ ਰਨਰਅਪ ਏ.ਪੀ.ਜੇ. ਕਾਲਜ ਆਫ ਫਾਇਨ ਆਰਟਸ ਜਲੰਧਰ ਰਿਹਾ ਅਤੇ ਇਨ੍ਹਾਂ ਨੇ 1 ਇਵੈਂਟ ਵਿਚ ਪਹਿਲਾ 3 ਵਿਚ ਦੂਜਾ ਅਤੇ 3 ਵਿਚ ਤੀਜਾ ਸਥਾਨ ਹਾਸਲ ਕਰਕੇ 19 ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ ਏ.ਪੀ.ਜੀ. ਇੰਸਟੀ ਆਫ ਮੈਨੇਜਮੈਂਟ ਐਂਡ ਇੰਜਨੀਰਿੰਗ ਟੈਕਨੀਕਲ ਕੈਂਪਸ ਜਲੰਧਰ ਸੈਕਿੰਡ ਰਨਰਅਪ ਰਿਹਾ ਅਤੇ ਇਨ੍ਹਾਂ ਨੇ 1 ਇਵੈਂਟ ਵਿਚ ਪਹਿਲਾ 2 ਵਿਚ ਦੂਜਾ ਅਤੇ 2 ਵਿਚ ਤੀਜਾ ਸਥਾਨ ਹਾਸਲ ਕਰਕੇ 15 ਅੰਕ ਪ੍ਰਾਪਤ ਕੀਤੇ। ਕਾਲਜ ਦੇ ਪੁਰਾਣੇ ਵਿਦਿਆਰਥੀ ਮਧੂ ਸੂਦਨ ( ਗਰੁੱਪ ਇੰਜਨੀਰਿੰਗ ਕਾਰਪੋਰੇਸ਼ਨ ਕੈਲੀਫੋਰਨੀਆਂ ਅਮਰੀਕਾ) ਨੇ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਸਪਾਂਸਰ ਕੀਤੇ।। ਪ੍ਰੋਗਰਾਮ ਦੇ ਅੰਤ ਵਿਚ ਵਿਭਾਗ ਦੇ ਮੁਖੀ ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਸੰਦੀਪ ਬੱਸੀ, ਪ੍ਰੋ. ਮਨਦੀਪ ਸਿੰਘ, ਪ੍ਰੋ. ਮਨਪ੍ਰੀਤ ਸਿੰਘ, ਪ੍ਰੋ. ਸੰਦੀਪ ਸਿੰਘ ਅਤੇ ਵਿਭਾਗ ਦੇ ਸਮੂਹ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ। ਸਟੇਜ਼ ਦੀ ਜ਼ਿੰਮੇਵਾਰੀ ਪ੍ਰੋ.ਦਲਜੀਤ ਕੌਰ ਨੇ ਬਾਖੂਬੀ ਨਿਭਾਈ। ।

## ਫੈਡਰੇਸ਼ਨ ਆਫ ਕੱਚਾ ਆੜ੍ਹਤੀਆ ਐਸੋਸੀਏਸ਼ਨ ਆਦਮਪੁਰ ਦੀ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)** -ਫੈਡਰੇਸ਼ਨ ਆਫ ਕੱਚਾ ਆੜ੍ਹਤੀਆ ਐਸੋਸੀਏਸ਼ਨ ਬਲਾਕ ਆਦਮਪੁਰ ਦੀ ਇੱਕ ਅਹਿਮ ਮੀਟਿੰਗ ਜਿਲ੍ਹਾ ਮੀਤ ਪ੍ਰਧਾਨ ਰਮਨ ਪੁਰੰਗ ਬੌਬੀ ਅਤੇ ਬਲਾਕ ਪ੍ਰਧਾਨ ਜਥੇਦਾਰ ਗੁਰਦਿਆਲ ਸਿੰਘ ਨਿੱਝਰ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਆਦਮਪੁਰ, ਡਰੋਲੀ, ਢੰਡੋਰ, ਬਹੋਦੀਨਪੁਰ, ਧੀਰੋਵਾਲ, ਅਲਾਵਲਪੁਰ, ਸਿਕੰਦਰਪੁਰ ਮੰਡੀਆਂ ਦੇ ਆੜ੍ਹਤੀਆ ਨੇ ਭਾਗ ਲਿਆ। ਮੀਟਿੰਗ ਦੌਰਾਨ ਗੁਰਦਿਆਲ ਸਿੰਘ ਨਿੱਝਰ ਅਤੇ ਰਮਨ ਪੁਰੰਗ ਬੌਬੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਇਲੈਕਟ੍ਰਾਨਿਕ ਕੰਡਿਆਂ ਦੀ ਵਰਤੋਂ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਸ ਦਾ ਉਨ੍ਹਾਂ ਦੀ ਐਸੋਸੀਏਸਨ ਦਾ ਸਮੂਹ ਆੜ੍ਹਤੀਆ ਭਾਈਚਾਰਾ ਵਿਰੋਧ ਕਰਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਕਣਕ ਅਤੇ ਝੋਨੇ ਦੇ ਸੀਜਨ ਦੌਰਾਨ ਐਫ ਸੀ ਆਈ ਵਿਭਾਗ ਵੱਲੋਂ ਲੇਬਰ ਰੇਟ 'ਚ 6 ਰੁਪਏ ਪ੍ਰਤੀ ਕੁਇੰਟਲ ਦੀ ਕਟੌਤੀ ਕਰਕੇ ਉਨ੍ਹਾਂ ਨੂੰ ਅਦਾਇਗੀ ਕੀਤੀ ਸੀ, ਜਦੋਂ ਤੱਕ ਐਫ ਸੀ ਆਈ ਵਿਭਾਗ ਉਨ੍ਹਾਂ ਦੀ ਕਟੌਤੀ ਦੀ ਪੇਮੈਂਟ ਨਹੀਂ ਦਿੰਦਾ, ਮੰਡੀਆਂ ਵਿੱਚ ਇਸ ਦਾ ਬਾਈਕਾਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਾਲ ਬੇਮੌਸਮੀ ਬਰਸਾਤ ਕਾਰਨ ਕਣਕ ਦੀ ਫਸਲ ਦਾ ਨੁਕਸਾਨ ਹੋਇਆ ਹੈ। ਰੰਗ ਬਦਲ ਗਿਆ ਹੈ, ਇਸ ਦੀ ਤੁਰੰਤ ਮੰਡੀਆਂ 'ਚ ਖਰੀਦ ਕੀਤੀ ਜਾਵੇ ਅਤੇ ਇਸ ਸੰਬੰਧੀ ਛੋਟ ਦੇ ਯਤਨ ਸ਼ੁਰੂ ਕੀਤੇ ਜਾਣ ਅਤੇ ਮੰਡੀਆਂ 'ਚ ਜਿਹੜੇ ਗੇਟ ਪਾਸ ਇਸ ਵਾਰ ਆੜਤੀਆ ਨੂੰ ਬਣਾਉਣ ਲਈ ਕਿਹਾ ਗਿਆ ਹੈ, ਉਨ੍ਹਾਂ ਨੂੰ ਪਹਿਲਾਂ ਵਾਂਗ ਖਰੀਦ ਏਜੰਸੀਆਂ ਹੀ ਬਣਾਉਣ ਤੇ ਜੇਕਰ ਲਿਫਟਿੰਗ 'ਚ ਦੇਰੀ ਹੋ ਰਹੀ ਹੈ, ਸਬੰਧਤ ਵਿਭਾਗ ਨੂੰ ਟਰਾਂਸਪੋਰਟ ਨਾਲ ਗੱਲ ਕਰਕੇ ਕੋਈ ਹੱਲ ਕੱਢਣਾ ਚਾਹੀਦਾ ਹੈ। ਇਸ ਮੌਕੇ ਮੁਨੀਸ਼ ਗੁਪਤਾ ਸਕੱਤਰ ਬਲਾਕ ਆਦਮਪੁਰ, ਗੁਰਮੀਤ ਸਿੰਘ ਆਦਮਪੁਰ, ਸਤਨਾਮ ਸਿੰਘ ਡਰੋਲੀ, ਹਰਵਿੰਦਰ ਸਿੰਘ ਢੰਡੋਰ, ਰਣਜੀਤ ਸਿੰਘ ਢੰਡੋਰ, ਅਮਰਜੀਤ ਸਿੰਘ ਧੀਰੋਵਾਲ, ਰਾਜਾ ਅਲਾਵਲਪੁਰ, ਗਗਨਦੀਪ ਸਿੰਘ ਆਦਮਪੁਰ, ਪਵਨ ਕੁਮਾਰ, ਅਸ਼ੀਸ਼ ਗੁਪਤਾ, ਰੋਕੀ ਗੁਪਤਾ, ਬਲਵਿੰਦਰ ਸਿੰਘ, ਸਾਬੀ ਅਤੇ ਹੋਰ ਆੜ੍ਹਤੀਆ ਭਾਈਚਾਰਾ ਹਾਜ਼ਰ ਸੀ।

## ਨਸ਼ੀਲੇ ਪਦਾਰਥ ਸਮੇਤ ਔਰਤ ਕਾਬੂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਐਸ ਐਸ ਪੀ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਵਲੋਂ ਨਸ਼ਿਆਂ ਅਤੇ ਲੁੱਟਾਂ ਖੋਹਾਂ ਕਰਨ ਵਾਲਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਦੀ ਹਦਾਇਤ 'ਤੇ ਥਾਣਾ ਗੜ੍ਹਸ਼ੰਕਰ ਦੇ ਇੰਚਾਰਜ ਕਰਨੈਲ ਸਿੰਘ ਦੀ ਨਿਗਰਾਨੀ ਹੇਠ ਏ ਐਸ ਆਈ ਉਕਾਂਰ ਸਿੰਘ ਦੀ ਪੁਲਸ ਪਾਰਟੀ ਨੇ ਪੁੱਲ ਨਹਿਰ ਬੰਗਾ ਰੋਡ ਗੜ੍ਹਸ਼ੰਕਰ ਵਿਖੇ ਪਿੰਡ ਦੇਨੋਵਾਲ ਵਾਲੀ ਸਾਇਡ ਤੋਂ ਕੱਚੇ ਰਸਤੇ ਪੈਦਲ ਆ ਰਹੇ ਰਹੀ ਇੱਕ ਔਰਤ ਰਾਧਾ ਪਤਨੀ ਹੁਸਨ ਲਾਲ ਵਾਸੀ ਦੇਨੋਵਾਲ ਖੁਰਦ ਨੂੰ ਸ਼ੱਕ ਦੀ ਬਿਨਾਹ 'ਤੇ ਰੋਕ ਕੇ ਚੈੱਕ ਕਰਨ 'ਤੇ ਉਸ ਪਾਸੋਂ 65 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਣ 'ਤੇ ਮੁਕੱਦਮਾ ਦਰਜ ਕੀਤਾ ਹੈ।

## ਬਾਦਲ ਨੇ ਕਣਕ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਨਾ ਕਰਨ 'ਤੇ ਮੁੱਖ ਮੰਤਰੀ ਦੀ ਕੀਤੀ ਨਿਖੇਧੀ



**ਜਲੰਧਰ (ਸੁਰਿੰਦਰ ਕੁਮਾਰ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕਣਕ ਦੀ ਫਸਲ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਨਾ ਕਰਵਾਉਣ ਦੀ ਜੋਰਦਾਰ ਨਿਖੇਧੀ ਕੀਤੀ ਅਤੇ ਕਿਹਾ ਕਿ ਕਿਸਾਨਾਂ ਨੂੰ ਮੁਆਵਜੇ ਨਾ ਮਿਲਣ ਦਾ ਨੁਕਸਾਨ ਹੋਵੇਗਾ ਕਿਉਂਕਿ ਉਹ ਇਕ ਹਫਤੇ ਦੇ ਅੰਦਰ ਅੰਦਰ ਆਪਣੇ ਖੇਤਰ ਵਾਹੁਣ ਲਈ ਮਜਬੂਰ ਹੋਣਗੇ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਉਹੀ ਤਰੀਕਾ ਅਪਣਾ ਰਹੇ ਹਨ ਜੋ ਪਿਛਲੀਵਾਰ ਕਣਕ ਤੇ ਨਰਮੇ ਦੀ ਫਸਲ ਦੇ ਹੋਏ ਨੁਕਸਾਨ ਵੇਲੇ ਅਪਣਾਇਆ ਗਿਆ ਸੀ ਜਦੋਂ ਐਲਾਨ ਕਰਨ ਦੇ ਬਾਵਜੂਦ ਕਿਸਾਨਾਂ ਨੂੰ ਕੋਈ ਮੁਆਵਜਾ ਨਹੀਂ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਹੁਣ ਵੀ ਮਾਲੀਆ ਅਫਸਰਾਂ 'ਤੇ ਇਹ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਕਣਕ ਦੀ ਫਸਲ ਦੇ ਹੋਏ ਨੁਕਸਾਨ ਨੂੰ 33 ਫੀਸਦੀ ਤੋਂ ਘੱਟ ਵਿਖਾਉਣ ਤਾਂ ਜੋ ਕਿਸਾਨਾਂ ਨੂੰ ਮੁਆਵਜਾ ਨਾ ਮਿਲ ਸਕੇ। ਬਾਦਲ ਨੇ ਜੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਬੇਵੱਸ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਬੇਮੌਸਮੀ ਬਰਸਾਤ, ਗੜ੍ਹੇਮਾਰੀ ਤੇ ਤੇਜ ਰਫਤਾਰਾਂ ਕਾਰਨ ਹੋਏ ਫਸਲ ਦੇ ਨੁਕਸਾਨ ਨੂੰ ਹੁਣ ਤੱਕ ਕੌਮੀ ਕੁਦਰਤੀ ਆਫਤ ਨਹੀਂ ਐਲਾਨਿਆ ਗਿਆ। ਉਹਨਾਂ ਕਿਹਾ ਕਿ ਆਪ ਸਰਕਾਰ ਨੇ ਇਸ ਸਬੰਧ ਵਿਚ ਹੁਣ ਤੱਕ ਕੇਂਦਰ ਸਰਕਾਰ ਕੋਲ ਪਹੁੰਚ ਨਹੀਂ ਕੀਤੀ ਹੈ ਤਾਂ ਜੋ ਉਸਨੂੰ ਕੌਮੀ ਕੁਦਰਤੀ ਰਾਹਤ ਫੰਡ ਵਿਚੋਂ ਮੁਆਵਜਾ ਮਿਲ ਸਕੇ ਜਦੋਂ ਕਿ ਉਸਨੂੰ ਕਿਸਾਨਾਂ ਦੇ ਹਿੱਤਾਂ ਵਿਚ ਤੁਰੰਤ ਅਜਿਹਾ ਕਰਨਾ ਚਾਹੀਦਾ ਹੈ। ਜਲੰਧਰ ਪਾਰਲੀਮਾਨੀ ਹਲਕੇ ਦੀ ਚੋਣ ਵਾਸਤੇ ਅਕਾਲੀ ਦਲ ਤੇ ਬਸਪਾ ਉਮੀਦਵਾਰ ਦੇ ਐਲਾਨ ਬਾਰੇ ਸਵਾਲ ਦੇ ਜਵਾਬ ਵਿਚ ਬਾਦਲ ਨੇ ਕਿਹਾ ਕਿ ਜਲਦੀ ਹੀ ਅਕਾਲੀ ਦਲ ਤੇ ਬਸਪਾ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਹੋਵੇਗੀ ਜਿਸ ਮਗਰੋਂ ਇਸਦਾ ਐਲਾਨ ਕਰ ਦਿੱਤਾ ਜਾਵੇਗਾ।

## ਚਾੜ੍ਹਕੇ ਦੇ ਤਿੰਨ ਪੰਚਾਇਤ ਮੈਂਬਰ ਮੁਅੱਤਲ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਡਾਇਰੈਕਟਰ ਪੰਚਾਇਤ ਵਿਭਾਗ ਪੰਜਾਬ ਅਤੇ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਕਰਦੇ ਹੋਏ ਪਿੰਡ ਚਾੜ੍ਹਕੇ ਹਲਕਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਦੇ ਤਿੰਨ ਪੰਚਾਇਤ ਮੈਂਬਰ ਸਸਪੈਂਡ ਕੀਤੇ ਹਨ। ਮਿਲੀ ਜਾਣਕਾਰੀ ਅਨੁਸਾਰ ਪਲਵਿੰਦਰ ਕੌਰ ਪੰਚ, ਰੇਖਾ ਰਾਣੀ ਪੰਚ, ਬਲਵਿੰਦਰ ਪੰਚ ਨੂੰ ਸਸਪੈਂਡ ਕੀਤਾ ਗਿਆ। ਯਾਦ ਰਹੇ ਇਸ ਤੋਂ ਪਹਿਲਾਂ ਵੀ ਪਿੰਡ ਦੀ ਸਰਪੰਚ ਊਸ਼ਾ ਰਾਣੀ ਨੂੰ ਵੀ ਸਸਪੈਂਡ ਕੀਤਾ ਗਿਆ ਸੀ। ਪਿੰਡ ਚਾਹੜਕੇ ਵਿੱਚ 19/02/21 ਨੂੰ ਸਰਕਾਰੀ ਜਮੀਨ ਵਿੱਚ ਲੱਗੇ ਹੇਠ ਦਰੱਖਤਾਂ ਦੀ ਬੋਲੀ ਹਰੇ ਦਰੱਖਤਾਂ ਨੂੰ, ਸੁੱਕੇ ਦਰੱਖਤ ਦੱਸ ਕੇ ਕਰਵਾਈ ਗਈ ਸੀ। ਜਿਸ ਦੇ ਜੰਗਲਾਤ ਵਿਭਾਗ ਤੋਂ ਰੇਟ ਵੀ ਨਿਰਧਾਰਤ ਨਹੀਂ ਕਰਵਾਏ ਗਏ ਸਨ ਅਤੇ ਨਾ ਹੀ ਅਖਬਾਰ ਵਿਚ ਇਸ਼ਤਿਹਾਰ ਲਗਾਇਆ ਗਿਆ ਸੀ ਅਤੇ ਬਿਨਾਂ ਕਿਸੇ ਉੱਚ ਅਧਿਕਾਰੀ ਤੋਂ ਇਹ ਬੋਲੀ ਸਰਪੰਚ ਅਤੇ ਉਸ ਦੇ ਨਾਲ ਦੇ 3 ਪੰਚਾਂ ਵੱਲੋਂ ਸੈਕਟਰੀ ਬਲਜਿੰਦਰ ਕੁਮਾਰ ਨਾਲ ਮਿਲ ਕੇ ਕਰਵਾਈ ਗਈ ਸੀ। ਬਾਅਦ ਵਿੱਚ ਦੂਜੇ ਪੰਚਾਂ ਅਤੇ ਮੋਹਤਵਰ ਵਿਅਕਤੀਆਂ ਵੱਲੋਂ ਇਸ ਦੀ ਇਨਕੁਆਰੀ ਦੀ ਅਰਜੀ ਏਡੀਸੀ ਵਿਕਾਸ ਜਲੰਧਰ ਨੂੰ ਦਿੱਤੀ ਸੀ। ਜਿਸ ਵਿਚ ਸਰਪੰਚ ਅਤੇ 3 ਪੰਚ ਦੋਸ਼ੀ ਪਾਏ ਗਏ ਸਨ। ਲਿਹਾਜਾ ਸਰਪੰਚ ਨੂੰ ਪਹਿਲਾਂ ਸਸਪੈਂਡ ਕਰ ਦਿੱਤਾ ਗਿਆ ਸੀ ਅਤੇ ਹੁਣ ਉਸ ਦੇ 3 ਪੰਚ ਪਲਵਿੰਦਰ ਕੌਰ, ਰੇਖਾ ਰਾਣੀ ਤੇ ਬਲਵਿੰਦਰ ਨੂੰ ਵੀ ਸਸਪੈਂਡ ਕਰ ਦਿੱਤਾ ਗਿਆ ਹੈ।

## ਮੋਹਨ ਲਾਲ ਉੱਪਲ ਡੀ ਏ ਵੀ ਕਾਲਜ ਵਿਖੇ ਦੰਦਾਂ ਦੀ ਸੰਭਾਲ ਸੰਬੰਧੀ ਚੈਕਅੱਪ ਕੈਂਪ



**ਫਗਵਾੜਾ (ਡਾ. ਰਮਨ)**— ਮੋਹਨ ਲਾਲ ਉਪੱਲ ਡੀ.ਏ.ਵੀ. ਕਾਲਜ ਫਗਵਾੜਾ ਵਿਖੇ 'ਦੰਦਾਂ ਦੀ ਸਾਂਭ- ਸੰਭਾਲ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ । ਕਾਲਜ ਦੇ ਪ੍ਰਿੰਸੀਪਲ ਡਾ: ਕਿਰਨਜੀਤ ਰੰਧਾਵਾ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਚੈਕ-ਅੱਪ ਕੈਂਪ ਵਿੱਚ ਦੰਦਾਂ ਦੇ ਮਾਹਿਰ ਡਾ: ਪ੍ਰਨਵ ਹਾਂਡਾ ਅਤੇ ਡਾ: ਪ੍ਰਭਲੀਨ ਕੌਰ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਕਿਹਾ ਦੰਦਾਂ ਦੀ ਸਿਹਤ ਪ੍ਰਤੀ ਧਿਆਨ ਦੇਣਾ ਬਹੁਤ ਜ਼ਰੂਰੀ ਹੈ । ਵਿਦਿਆਰਥੀਆਂ ਨੂੰ ਦੰਦਾਂ ਦੀਆਂ ਬਿਮਾਰੀਆਂ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਅਤੇ ਇਸ ਦੇ ਬਚਾਅ ਅਤੇ ਬੁਰਸ ਕਰਨ ਦੇ ਵੀ ਠੀਕ ਤਰੀਕੇ ਦੱਸੇ ਤਾਂ ਜੋ ਦੰਦਾਂ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ । ਦੰਦਾਂ ਨੂੰ ਸਵੇਰੇ ਸ਼ਾਮ ਦੋ ਵਕਤ ਬੁਰਸ਼ ਕਰਕੇ ਸਾਫ਼ ਕਰਨ ਤੋਂ ਇਲਾਵਾ ਸਮੇਂ-ਸਮੇਂ ਤੇ ਦੰਦਾਂ ਦਾ ਚੈਕ-ਅਪ ਵੀ ਕਰਵਾਉਂਦੇ ਰਹਿਣਾ ਚਾਹੀਦਾ ਹੈ । ਗਾਜਰ, ਮੂਲੀ, ਸੇਬ, ਬੇਰ ਅਤੇ ਗੰਨਾਂ ਆਦਿ ਖਾਣ ਨਾਲ ਦੰਦਾਂ ਦੀ ਸਫ਼ਾਈ ਦੇ ਨਾਲ-ਨਾਲ ਮਸੂੜਿਆਂ ਨੂੰ ਕੀੜਾ ਵੀ ਨਹੀਂ ਲੱਗਦਾ । ਇਸ ਤਰ੍ਹਾਂ ਦੁੱਧ, ਅੰਡਾ, ਦਾਲ, ਫਲ ਅਤੇ ਹਰੇ ਪੱਤੇਦਾਰ ਸਬਜ਼ੀਆਂ ਦੰਦਾਂ ਅਤੇ ਮਸੂੜਿਆਂ ਨੂੰ ਮਜ਼ਬੂਤ ਰੱਖਦੀਆਂ ਹਨ ਅਤੇ ਸਿਹਤ ਲਈ ਫਾਇਦੇਮੰਦ ਹਨ। ਇਸ ਮੌਕੇ ਡਾ: ਰੰਧਾਵਾ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਵਜੋਂ ਸਨਮਾਨਿਤ ਚਿੰਨ੍ਹ ਭੇਂਟ ਕੀਤਾ ਅਤੇ ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦੇ ਹੋਏ ਕਿਹਾ ਕਿ ਮੂੰਹ ਅਤੇ ਦੰਦਾਂ ਦੀ ਸਿਹਤ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ । ਇਸ ਦੇ ਨਾਲ ਹੀ ਜੇਕਰ ਦੰਦ ਗਏ ਤਾਂ ਸਵਾਦ ਗਿਆ ਅਤੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਦੰਦ ਅਤੇ ਮੂੰਹ ਸਰੀਰ ਦਾ ਮੁੱਖ ਦੁਆਰ ਹਨ । ਇਸ ਲਈ ਇਸਨੂੰ ਸਾਫ ਸੁਥਰਾ ਰੱਖਣਾ, ਇਸ ਦੀ ਸੰਭਾਲ ਕਰਨੀ ਅਤਿ ਜ਼ਰੂਰੀ ਹੈ । ਇਸ ਤੋਂ ਇਲਾਵਾ ਕਿਹਾ ਕਿ ਦੰਦਾਂ ਦੀ ਸੰਭਾਲ ਅਤੇ ਰੋਗ ਮੁਕਤ ਰੱਖਣ ਲਈ ਪ੍ਰਦਾਨ ਕੀਤੀ ਗਈ ਜਾਣਕਾਰੀ ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ । ਕਿਸੇ ਵਿਅਕਤੀ ਦੀ ਖ਼ੂਬਸੂਰਤੀ ਅਤੇ ਦਿੱਖ ਨੂੰ ਉਸਦੇ ਦੰਦ ਬਹੁਤ ਪ੍ਰਭਾਵ ਪਾਉਂਦੇ ਹਨ। ਇਸ ਮੌਕੇ ਵਿਦਿਆਰਥੀਆਂ ਵੱਲੋਂ ਡਾਕਟਰ ਸਾਹਿਬ ਕੋਲੋਂ ਦੰਦਾਂ ਦੀ ਸੰਭਾਲ ਲਈ ਸੁਝਾਅ ਵੀ ਲਏ ਜਿਨ੍ਹਾਂ ਦਾ ਉਨ੍ਹਾਂ ਦੁਆਰਾ ਬਾਖੂਬੀ ਜਵਾਬ ਦਿੱਤਾ ਗਿਆ । ਇਸ ਤੋਂ ਇਲਾਵਾ ਇਹ ਵੀ ਕਿਹਾ ਕਿ ਕਾਲਜ ਵੱਲੋਂ ਸਮੇਂ-ਸਮੇਂ ਤੇ ਜਾਗਰੂਕਤਾ ਭਰਪੂਰ ਸੈਮੀਨਾਰ ਦਾ ਆਯੋਜਨ ਜਾਰੀ ਰਹੇਗਾ। ਇਸ ਮੌਕੇ ਤੇ ਸਮੂਹ ਸਟਾਫ਼, ਵਿਦਿਆਰਥੀ ਅਤੇ ਇਨਰਵੀਲ ਕਲੱਬ ਦੇ ਮੈਂਬਰ ਵੀ ਮੌਜੂਦ ਸਨ।

## ਦਾਦਰਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 13 ਨੂੰ

**ਫਗਵਾੜਾ ( ਜਸਵਿੰਦਰ ਢੱਡਾ )** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਾਦਰਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਬਾਬਾ ਜੋਧ ਦੇ ਦਰਬਾਰ ਪਿੰਡ ਢੱਕ ਪੰਡੋਰੀ ਤਹਿ.ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ 13 ਅਪ੍ਰੈਲ ਨੂੰ ਮੇਲਾ ਪ੍ਰਬੰਧਕ ਕਮੇਟੀ ਅਤੇ ਦੇਸ਼ ਵਿਦੇਸ਼ 'ਚ ਰਹਿੰਦੇ ਦਾਦਰਾ ਗੋਤ ਪਰਵਾਰਾਂ ਅਤੇ ਇਲਾਕੇ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।

## ਗੁ: ਦੁਖਨਿਵਾਰਨ ਵਿਖੇ ਲੰਗਰਾਂ ਦੀ ਸੇਵਾ ਸ਼ੁਰੂ

**ਸੀਚੇਵਾਲ (ਸੰਤੋਖ ਸਿੰਘ ਪਨੂੰ)** ਪਿੰਡ ਸੀਚੇਵਾਲ ਵਿਖੇ ਜੀ.ਟੀ ਉੱਪਰ ਸਥਿਤ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਤੋਂ ਵੈਸਾਖੀ ਨੂੰ ਸਮਰਪਿਤ ਲੰਗਰ ਸ਼ੁਰੂ ਕਰ ਦਿੱਤੇ ਹਨ।

ਇਹ ਲੰਗਰ ਸੰਗਤ ਤੇ ਯਾਤਰੀਆਂ ਲਈ ਲਾਇਆ ਗਿਆ ਹੈ ਕਿਉਂਕਿ ਇਸ ਮਲਸੀਆਂ-ਲੋਹੀਆਂ ਸੜਕ ਉੱਪਰ ਕੋਈ ਹੋਰ ਲੰਗਰ ਨਹੀਂ ਚੱਲਦਾ, ਜਿਸ ਕਰਕੇ ਸੰਗਤ ਨੂੰ ਕਈ ਵਾਰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ 'ਤੇ ਸੇਵਾਦਾਰ ਰਾਜ ਸਿੰਘ ਸੀਚੇਵਾਲ,ਗੁਰਜੰਟ ਸਿੰਘ ਮੁਦਕੀ ਬਾਬਾ ਅਜੀਤ ਸਿੰਘ ਭਾਗੋ ਬੁੱਢਾ ਤੇ ਹੋਰ ਹਾਜ਼ਰ ਸਨ।

## ਸਹੋਤਾ ਗੋਤ ਦੇ ਜਠੇਰਿਆਂ ਦਾ ਮੇਲਾ ਸ਼ਰਧਾ ਪੂਰਵਕ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )** -ਨੂਰਮਹਿਲ ਦੇ ਰੇਲਵੇ ਰੋਡ ਤੇ ਸਥਿਤ ਸਹੋਤਾ ਗੋਤ ਦੇ ਜਠੇਰਿਆਂ ਦੇ ਦਰਬਾਰ ਤੇ ਸਲਾਨਾ ਜੋੜ ਮੇਲਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਇਸ ਮੌਕੇ ਚਾਦਰ ਦੀ ਰਸਮ ਰਾਜ ਕੁਮਾਰ ਸਹੋਤਾ ਮੀਤ ਪ੍ਰਧਾਨ, ਲੁਭਾਇਆ ਰਾਮ, ਦੇਵ ਰਾਜ ਪ੍ਰਧਾਨ ਅਤੇ ਸੰਗਤਾਂ ਵਲੋਂ ਅਦਾ ਕੀਤੀ ਗਈ । ਉਪਰੰਤ ਧਾਰਮਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਪੰਜਾਬ ਦੇ ਪ੍ਰਸਿੱਧ ਕਲਾਕਾਰਾਂ ਭਜਨ ਬਕਾਪੁਰੀ,ਜਿੰਮੀ ਨਾਹਰ, ਲਸਕਰ ਧਾਰੀਵਾਲ,ਮੰਗੀ, ਚਰਨਜੀਤ ਚੀਮਾ ਸੁਰਿੰਦਰ ਨੂਰੀ, ਕੁਲਜੀਤ ਬਾਈ,ਕਮਲ ਘਾਰੂ,ਅਮਰਜੀਤ ਖੇੜਾ, ਰਜਿੰਦਰ ਰਾਜਨ, ਓਮਜੀਤ,ਜੱਸਾ ਬੀਰ ਪਿੰਡ,ਜਵਾਹਰ ਬੀਰ ਪਿੰਡ, ਮਦਨ ਬੰਗੜ,ਪ੍ਰੀਤ ਗਿੱਲ,ਰਾਜਾ ਘਾਰੂ,ਵਿਸਾਲ ਸੋਨਾ,ਮਾਣਕ ਉਮਰਪੁਰੀ ਅਤੇ ਦਲਵੀਰ ਕੌਰ ਕਪੂਰਥਲਾ ਨੇ ਆਪਣੀ ਹਾਜਰੀ ਲਵਾਈ । ਇਸ ਮੌਕੇ ਤੇ ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਕਾਂਗਰਸ ਦੇ ਹਲਕਾ ਇੰਚਾਰਜ ਡਾਕਟਰ ਨਵਜੋਤ ਸਿੰਘ ਦਾਹੀਆ ਨੇ ਮੇਲੇ ਦੀ ਮੁਬਾਰਕਬਾਦ ਦਿੱਤੀ । ਇਸ ਮੌਕੇ 'ਤੇ ਗੁਰਮੀਤ ਸਿੰਘ, ਸਰਨਪਾਲ ਸਿੰਘ ਮੈਂਬਰ,ਕਸ਼ਮੀਰੀ ਲਾਲ ਕੰਦੋਲਾ ਅਤੇ ਸਮੂਹ ਕਮੇਟੀ ਮੈਂਬਰ , ਨਗਰ ਨਿਵਾਸੀ, ਸਹੋਤਾ ਗੋਤ ਦੇ ਸ਼ਰਧਾਲੂ ਭਾਰੀ ਗਿਣਤੀ ਵਿੱਚ ਦਰਬਾਰ 'ਤੇ ਨਮਸਤਕ ਹੋਏ। ਸਟੇਜ ਸਕੱਤਰ ਦੀ ਭੂਮਿਕਾ ਪ੍ਰਸਿੱਧ ਸਟੇਜ ਸੰਚਾਲਕ ਬੀਰਬਲ ਨਾਹਰ ਨੇ ਨਿਭਾਈ । ਕਮੇਟੀ ਵਲੋਂ ਆਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ । ਇਸ ਮੌਕੇ ਚਾਹ ਪਕੌੜਿਆਂ ਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ ।

## ਅੱਤਵਾਦੀਆਂ ਤੇ ਗੈਂਗਸਟਰਾਂ ਖਿਲਾਫ਼ ਸਰਕਾਰ ਸਖ਼ਤ ਕਾਰਵਾਈ ਕਰੇ : ਜਥੇਦਾਰ ਜੁਗਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)** ਵਿਦੇਸ਼ਾਂ ਵਿਚ ਬੈਠੇ ਅੱਤਵਾਦੀ ਗਰੁੱਪ ਤੇ ਖਤਰਨਾਕ ਗੈਂਗਸਟਰ ਜੋ ਪੰਜਾਬ ਅਤੇ ਦੇਸ਼ ਦੇ ਹੋਰ ਸੂਬਿਆਂ ਵਿਚ ਭੋਲੇ ਭਾਲੇ ਨੌਜਵਾਨਾਂ ਨੂੰ ਗਲਤ ਰਸਤੇ ਪਾ ਕਿ ਉਨ੍ਹਾਂ ਕੋਲੋਂ ਬੇਕਸੂਰ ਲੋਕਾਂ ਨੂੰ ਮਰਵਾ ਕੇ ਦੇਸ਼ ਤੇ ਸਮਾਜ ਵਿਰੋਧੀ ਗਤੀਵਿਧੀਆਂ ਕਰਵਾ ਕੇ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਇੰਨਾ ਸ਼ਰਾਰਤੀ ਅਨਸਰਾਂ 'ਤੇ ਕੇਂਦਰ ਸਰਕਾਰ ਸਖ਼ਤ ਕਾਰਵਾਈ ਕਰ ਕੇ ਉਨ੍ਹਾਂ ਨੂੰ ਵਿਦੇਸ਼ਾਂ ਵਿੱਚੋਂ ਲਿਆ ਕੇ ਸਾਰੀ ਉਮਰ ਲਈ ਜੇਲ੍ਹਾਂ ਵਿਚ ਬੰਦ ਕਰੇ। ਇਹ ਜ਼ੋਰਦਾਰ ਮੰਗ ਕਰਦਿਆਂ ਸ਼੍ਰੋਮਣੀ ਅਕਾਲੀ ਪਾਰਟੀ ਦੇ ਰਾਜਸੀ ਮਾਮਲਿਆ ਪੀ ਏ ਸੀ ਦੇ ਮੈਂਬਰ ਤੇ ਮੁੱਖ ਬੁਲਾਰੇ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਬਣੀ ਹੈ ਆਮ ਆਦਮੀ ਤੋਂ ਲੈ ਕੇ ਹਰ ਸਿਆਸੀ ਤੇ ਮਸ਼ਹੂਰ ਵਿਅਕਤੀ ਵਿਚ ਦਹਿਸ਼ਤ ਦਾ ਮਹੌਲ ਬਣਿਆ ਹੋਇਆ ਹੈ ਨਿੱਤ ਦਿਨ ਦਿਹਾੜੇ ਕਿਸੇ ਨੂੰ ਵੀ ਇੰਨਾਂ ਅੱਤਵਾਦੀ ਤੇ ਗੈਂਗਸਟਰਾਂ ਦੇ ਗੁਰਗਿਆਂ ਵੱਲੋਂ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਮਾਪੇ ਬੇਰੁਜਗਾਰੀ ਤੇ ਨਸ਼ਿਆਂ ਤੋਂ ਦੁਖੀ ਹੋ ਕੇ ਆਪਣੇ ਬੱਚੇ ਵਿਦੇਸ਼ਾਂ ਵਿਚ ਭੇਜ ਰਹੇ ਹਨ।

## ਮੁਰਾਰ ਵੱਲੋਂ ਰਿੰਕੂ ਦਾ ਆਪ 'ਚ ਆਉਣ 'ਤੇ ਸਵਾਗਤ

**ਕਰਤਾਰਪੁਰ (ਹਰਮੇਸ਼ ਦੱਤ)**- ਰਾਕੇਸ਼ ਕੁਮਾਰ ਮੁਰਾਰ ਯੂਥ ਆਗੂ ਆਮ ਆਦਮੀ ਪਾਰਟੀ ਭੁਲੱਥ ਨੇ ਆਪਣੇ ਬਿਆਨ ਵਿੱਚ ਸੁਸ਼ੀਲ ਕੁਮਾਰ ਰਿੰਕੂ ਸਾਬਕਾ ਵਿਧਾਇਕ ਦਾ ਆਮ ਆਦਮੀ ਪਾਰਟੀ ਵਿੱਚ ਆਉਣ ਦਾ ਸਵਾਗਤ ਕੀਤਾ ਅਤੇ ਅਗਾਮੀ ਉਪ ਚੋਣ 'ਚ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਹਲਕਾ ਇੰਚਾਰਜ ਭੁਲੱਥ ਰਣਜੀਤ ਸਿੰਘ ਰਾਣਾ ਦੀ ਅਗਵਾਈ ਹੇਠ ਜੋ ਵੀ ਡਿਊਟੀ ਲਗਾਈ ਜਾਵੇਗੀ ਉਸ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਪੰਜਾਬ ਦੇ ਲੋਕਾਂ ਲਈ ਵਧੀਆ ਕੰਮ ਕਰ ਰਹੀ ਹੈ ਪਰ ਵਿਰੋਧੀਆਂ ਨੂੰ ਇਹ ਸਭ ਹਜਮ ਨਹੀਂ ਹੋ ਰਿਹਾ ਅਤੇ ਭਗਵੰਤ ਮਾਨ ਸਰਕਾਰ ਨੂੰ ਬਦਨਾਮ ਕਰਨ ਤੋਂ ਇਲਾਵਾ ਕਈ ਹੋਰ ਕੰਮ ਨਹੀਂ ਹੈ ਅਤੇ ਸਰਕਾਰ ਦੁਆਰਾ ਭੁਲੱਥ ਹਲਕੇ ਦੇ ਵਿਕਾਸ ਲਈ ਸਾਰਥਕ ਕੰਮ ਕੀਤੇ ਜਾ ਰਹੇ ਹਨ, ਕਈ ਰਾਜਨੀਤੀ ਲੀਡਰ ਬਿਨਾਂ ਵਜ੍ਹਾ ਹਲਕੇ 'ਚ ਹੋ ਰਹੇ ਵਿਕਾਸ ਕਾਰਜਾਂ 'ਚ ਅੜਿਕਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਲੋਕਾਂ ਦਾ ਧਿਆਨ ਭਟਕਾ ਰਹੇ ਹਨ ਲੋਕਾਂ ਨੂੰ ਅਪੀਲ ਹੈ ਕਿ ਓਹ ਅਜਿਹੇ ਲੋਕਾਂ ਤੋਂ ਸੁਚੇਤ ਰਹਿਣ।

## ਯਿਸੂ ਮਸੀਹ ਦੀ ਦੁੱਖ ਭੋਗ ਯਾਤਰਾ



**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਚੋਮੋਂ ਵਿਚ ਪ੍ਰਭੂ ਯਿਸੂ ਮਸੀਹ ਦੇ ਸ਼ਹੀਦੀ ਦਿਵਸ ਨੂੰ ਯਾਦ ਕਰਦੇ ਹੋਏ ਕਿ ਕਿਵੇਂ ਯਿਸੂ ਨੇ ਅੱਜ ਦੇ ਦਿਨ ਸਲੀਬ ਉਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ, ਇਕ ਵਿਸ਼ਾਲ ਸੋਭਾ ਯਾਤਰਾ ਕੱਢੀ ਗਈ। ਇਹ ਦੁੱਖ ਭੋਗ ਯਾਤਰਾ ਫਾਦਰ ਜੋਸਫ ਸਾਈਮਨ ਦੀ ਅਗਵਾਈ ਹੇਠ ਰੇਲਵੇ ਰੋਡ ਮੰਡੀ ਤੋਂ ਸ਼ੁਰੂ ਕਰਕੇ ਸੰਤ ਐਨਥਨੀ ਚਰਚ ਤੋਂ ਹੋ ਕੇ ਸੰਤ ਐਨਥਨੀ ਕੋਨਵੈਂਟ ਸਕੂਲ ਵਿੱਚ ਸਮਾਪਤੀ ਕੀਤੀ ਗਈ। ਇਸ ਮੌਕੇ ਫਾਦਰ ਯੂਸਫ ਕੋਕਾਟ,ਸਿਸਟਰ ਸਹਿਬਾਨ,ਮੁਨਾਦ ਭਰਾ ਪੈਰਿਸ ਕੌਂਸਲ ਦੇ ਮੈਂਬਰ ਅਤੇ ਚੋਮੋਂ, ਲੇਸੜੀਵਾਲ, ਮਦਾਰਾ,ਧੋਗੜੀ, ਧੀਰੋਵਾਲ, ਅਲਾਵਲਪੁਰ, ਚੂਹੜਵਾਲੀ, ਕਠਾਰ, ਜਲਪੈਅ, ਡਰੋਲੀ, ਸਗਰਾ ਮਹੱਲਾ,ਹਰੀਪੁਰ,ਜਫਲਾਂ ਆਦਿ ਸੰਗਤਾਂ ਨੇ ਹਿੱਸਾ ਪਾਇਆ।

## ਪੀ ਡਬਲਿਊ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਵੱਲੋਂ ਮੁੱਖ ਸਕੱਤਰ ਵਿਰੁੱਧ ਸੰਘਰਸ਼ ਦਾ ਐਲਾਨ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਪੀ.ਡਬਲਿਊ.ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਜੋਨ ਹੁਸ਼ਿਆਰਪੁਰ ਦੀ ਮੀਟਿੰਗ ਜੋਨ ਪ੍ਰਧਾਨ ਅਮਰਜੀਤ ਕੁਮਾਰ ਨੰਗਲ ਖਿਲਾੜੀਆਂ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਹੋਈਸ ਜਿਸ ਵਿੱਚ ਜਲ ਸਰੋਤ (ਸਿੰਚਾਈ) ਵਿਭਾਗ ਅੰਦਰ ਪੁਨਰਗਠਨ ਦੇ ਨਾਂਅ 'ਤੇ ਖ਼ਤਮ ਕੀਤੀਆਂ ਜਾ ਰਹੀਆਂ ਹਜ਼ਾਰਾਂ ਅਸਾਮੀਆਂ ਦੇ ਫੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਜੋਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਜਾਜਾ ਕਿਹਾ ਕਿ ਜਦੋਂ ਤੋਂ ਕ੍ਰਿਸ਼ਨ ਕੁਮਾਰ ਨੂੰ ਵਿਭਾਗ ਦਾ ਮੁਖ ਸਕੱਤਰ ਲਗਾਇਆ ਗਿਆ ਹੈ ਉਦੋਂ ਤੋਂ ਵਿਭਾਗ ਦੇ ਮੁਲਾਜ਼ਮ ਦਹਿਸ਼ਤ ਵਿੱਚ ਕੰਮ ਕਰ ਰਹੇ ਹਨ ਪੁਨਰਗਠਨ ਦੇ ਨਾਂਅ 'ਤੇ ਵਿਭਾਗ ਅੰਦਰ ਹਜ਼ਾਰਾਂ ਅਸਾਮੀਆਂ ਖ਼ਤਮ ਕਰ ਦਿੱਤੀਆਂ ਗਈਆਂ ਹਨ, ਮੁਲਾਜ਼ਮਾਂ ਦੀਆਂ ਬਦਲੀਆਂ ਦੂਰ ਦੁਰਾਡੇ ਕੀਤੀਆਂ ਜਾ ਰਹੀਆਂ ਹਨ, ਜਿਹਨਾਂ ਵਿੱਚੋਂ ਬਹੁਤ ਸਾਰੇ ਮੁਲਾਜ਼ਮਾਂ ਦੀ ਸੇਵਾ-ਮੁਕਤੀ ਵੀ ਲਾਗੇ ਹੈ। ਜਲ ਸਰੋਤ ਵਿਭਾਗ ਜਿਥੇ ਸਿੰਚਾਈ ਦਾ ਮੁੱਖ ਸਾਧਨ ਹੈ ਉਥੇ ਪੀਣ ਵਾਲੇ ਪਾਣੀ ਲਈ ਵੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾਂਦੀ ਹੈ, ਪੰਜਾਬ ਅੰਦਰ ਪਾਣੀ ਦਾ ਜ਼ਮੀਨੀ ਪੱਧਰ ਲਗਾਤਾਰ ਨੀਵਾਂ ਜਾਣ ਕਰਕੇ ਜ਼ਿਆਦਾ ਤਰ ਬਲਾਕ ਡਾਰਕ ਜੋਨ ਐਲਾਨੇ ਗਏ ਹਨ, ਇਸ ਲਈ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀ ਆਪਣੀ ਪਾਣੀ ਦੀ ਲੋੜ ਭਾਵੇਂ ਉਹ ਸਿੰਚਾਈ ਲਈ ਹੋਵੇ ਜਾਂ ਪੀਣ ਵਾਸਤੇ ਸਿੰਚਾਈ ਵਿਭਾਗ ਤੇ ਨਿਰਭਰਤਾ ਵੱਧੇਗੀ ਜਿਸ ਨੂੰ ਦੇਖਦੇ ਹੋਏ ਸਰਕਾਰ ਇਸ ਵਿਭਾਗ ਨੂੰ ਨਿਜੀ ਹੱਥਾਂ ਵਿੱਚ ਦੇਣ ਦੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ, ਜਿਸ ਨੂੰ ਸਿੰਚਾਈ ਵਿਭਾਗ ਦਾ ਕਾਮਾ ਅਤੇ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਜਥੇਬੰਦੀ ਦੇ ਸੂਬਾਈ ਫੈਸਲੇ ਅਨੁਸਾਰ ਜੋਨ ਹੁਸ਼ਿਆਰਪੁਰ ਦੀਆਂ ਸਾਰੀਆਂ ਜਲ ਸਰੋਤ ਸਬ ਡਵੀਜ਼ਨਾ, ਡਵੀਜ਼ਨਾ ਅੱਗੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ । ਮੀਟਿੰਗ ਸਮੇਂ ਪੰਜਾਬ-ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਜਲੰਧਰ ਜ਼ਿਮਨੀ ਚੋਣ ਸਮੇਂ ਕੀਤੇ ਜਾਣ ਵਾਲੇ 23 ਅਪ੍ਰੈਲ ਆਦਮਪੁਰ, 30 ਅਪ੍ਰੈਲ ਨਕੋਦਰ ਅਤੇ 7 ਮਈ ਨੂੰ ਜਲੰਧਰ ਵਿਖੇ ਕੀਤੇ ਜਾਣ ਵਾਲੇ ਝੰਡਾ ਮਾਰਚ ਵਿੱਚ ਵੀ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਵਿੱਚ ਰਾਜੀਵ ਸ਼ਰਮਾ, ਸ਼ਾਮ ਲਾਲ, ਕੁਲਦੀਪ ਸਿੰਘ, ਤਰਸੇਮ ਲਾਲ, ਰਕੇਸ਼ ਕੁਮਾਰ ਮਹਿਲਾਂਵਾਲੀ, ਬਲਵੰਤ ਸਿੰਘ, ਗੁਰਨਾਮ ਚੰਦ ਲਕਸੀਹ, ਟੇਕ ਚੰਦ ਈਸਾਪੁਰ, ਸੁਰਿੰਦਰ ਸਿੰਘ ਮੁੰਨਾ, ਜਗਦੀਸ਼ ਚੰਦ, ਗੁਰਨਾਮ ਸਿੰਘ ਹਾਜੀਪੁਰ, ਸਤੀਸ਼ ਕੁਮਾਰ, ਵਿਪਨ ਕੁਮਾਰ, ਭਾਗ ਮੱਲ ਸ਼ਾਮਲ ਸਨ।

## ਗੁੱਜਰ ਦੇ ਡੇਰੇ ਤੋਂ 10 ਬੱਕਰੀਆਂ ਚੋਰੀ

**ਅਲਾਵਲਪੁਰ ( ਮਦਨ ਬੰਗੜ)** ਪੁਲਸ ਚੌਕੀ ਅਲਾਵਲਪੁਰ ਦੇ ਅਧੀਨ ਆਉਂਦੇ ਪਿੰਡ ਕੋਟਲੀ ਸੇਖਾਂ ਵਿਖੇ ਗੁੱਜਰ ਦੇ ਡੇਰੇ ਤੋਂ ਬੀਤੀ ਰਾਤ ਬੱਕਰੀਆਂ ਚੋਰੀ ਹੋ ਗਈਆਂ। ਲਿਆਕਤੂ ਪੁੱਤਰ ਚੱਠਾਦੀਨ ਵਾਸੀ ਪਿੰਡ ਕੋਟਲੀ ਸ਼ੇਖਾਂ ਨੇ ਦੱਸਿਆ ਕਿ ਬੀਤੀ ਰਾਤ ਲਗਭਗ ਦੋ ਵਜੇ ਦੇ ਕਰੀਬ 3 ਚੋਰਾਂ ਵੱਲੋਂ ਛੋਟੇ ਹਾਥੀ 'ਤੇ ਬੱਕਰੀਆਂ ਚੋਰੀ ਕਰ ਲਈਆਂ ਗਈਆਂ। ਉਸ ਨੇ ਦੱਸਿਆ ਕਿ ਉਸ ਦਾ ਲਗਭਗ ਦੋ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ । ਉਸ ਨੇ ਦੱਸਿਆ ਚੋਰੀ ਹੋਣ ਤੋਂ ਇਕ ਦਿਨ ਪਹਿਲਾਂ ਉਸ ਦੇ ਡੇਰੇ ਨਜਦੀਕ ਪਲਾਟੀਨਾ ਮੋਟਰਸਾਈਕਲ 'ਤੇ ਸਵਾਰ ਦੋ ਸ਼ੱਕੀ ਵਿਅਕਤੀਆਂ ਨੂੰ ਵੇਖਿਆ ਸੀ, ਜਿਨ੍ਹਾਂ ਉੱਪਰ ਸ਼ੱਕ ਹੈ ਕਿ ਉਸ ਦੀਆਂ ਬੱਕਰੀਆਂ ਉਨ੍ਹਾਂ ਵਲੋਂ ਹੀ ਚੁਰਾਈਆਂ ਗਈਆਂ ਹਨ। ਇਸ ਸਬੰਧੀ ਪੁਲਸ ਚੌਂਕੀ ਅਲਾਵਲਪੁਰ ਨੂੰ ਸੂਚਨਾ ਦੇ ਦਿੱਤੀ ਗਈ ਹੈ।

## ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ ਵੱਲੋਂ ਚੰਡੀਗੜ੍ਹ ਦੀ ਮਨੋਰੰਜਕ ਯਾਤਰਾ




**ਜਲੰਧਰ (ਇਕਬਾਲ ਉਭੀ)**-ਲਾਇਲਪੁਰ ਖਾਲਸਾ ਕਲਾਜ ਫਾਰ ਵਿਮਨ, ਜਲੰਧਰ ਵੱਲੋਂ ਕਾਮਰਸ, ਕੰਪਿਊਟਰ ਅਤੇ ਆਰਟਸ ਵਿਭਾਗ ਦੇ ਵਿਦਿਆਰਥਿਆਂ ਲਈ ਚੰਡੀਗੜ੍ਹ ਦੀ ਇਕ ਮਨੋਰੰਜਨ ਭਰਪੂਰ ਯਾਤਰਾ ਉਲੀਕੀ ਗਈ । ਵਿਦਿਆਰੀਆਂ ਨੇ ਗੁਰਦੁਆਰਾ ਦਰਬਾਰ ਕੋਟ ਪੁਰਾਨ ਸਾਹਿਬ ਜੀ, ਰੋਪੜ, ਰੋਜ਼ ਗਾਰਡਨ, ਸੁਖਨਾ ਝੀਲ ਅਤੇ ਏਲਾਂਟੇ ਮਾਲ ਦਾ ਆਨੰਦ ਮਾਣਿਆ। ਇਸ ਯਾਤਰਾ ਦਾ ਉਦੇਸ਼ ਪ੍ਰਖਿਆਵਾਂ ਸ਼ੁਰੂ ਹੋਣ ਤਾਂ ਪਹਿਲਾ ਵਿਦਿਆਰਥੀਆਂ ਨੂੰ ਮੁੜ ਸੁਰਜੀਤ ਕਰਨਾ ਅਤੇ ਉਨ੍ਹਾਂ ਦੇ ਦਿਮਾਗ ਨੂੰ ਤਰੋ-ਤਾਜ਼ਾ ਕਰਨਾ ਸੀ। ਵਿਦਿਆਰਥਣਾਂ ਨੇ ਆਪਣੀਆਂ ਸਹੇਲੀਆਂ ਅਤੇ ਅਧਿਆਪਕਾਂ ਨਾਲ ਇਸ ਯਾਤਰਾ ਦਾ ਖੂਬ ਆਨੰਦ ਮਾਣਿਆ। ਇਹ ਯਾਤਰਾ ਵਿਦਿਆਰਥਣਾਂ ਲਈ ਇੱਕ ਸਿੱਖਿਆ ਭਰਪੂਰ ਯਾਤਰਾ ਸੀ। ਵਿਦਿਆਰਣਾਂ ਦੇ ਨਾਲ ਉਨ੍ਹਾ ਦੇ ਅਧਿਆਪਕ ਸ਼੍ਰੀਮਤੀ ਹਰਮੋਹੀਨੀ, ਸ਼੍ਰੀਮਤੀ ਜਸਵਿੰਦਰ ਕੌਰ, ਡਾ. ਰਮਨ ਪ੍ਰੀਤ ਕੋਹਲੀ ਅਤੇ ਹੋਰ ਵੀ ਅਧਿਆਪਕ ਸ਼ਾਮਲ ਸਨ।

## ਧਾਮ ਝਾੜੀਆਂ ਕਲਾਂ ਵਿਖੇ ਭਾਰਤੀ ਜਨਤਾ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਪਾਰਟੀ ਦੀ ਹਾਈਕਮਾਂਡ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਵਲੋਂ ਵੱਖ-ਵੱਖ ਥਾਈਂ ਆਪਣਾ 44ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਜਿਸ ਦੇ ਤਹਿਤ ਜ਼ਿਲ੍ਹਾ ਰੂਪਨਗਰ ਓ ਬੀ ਸੀ ਮੋਰਚਾ ਦੇ ਪ੍ਰਧਾਨ ਸੁਰੇਸ਼ ਭਾਟੀਆ ਦੀ ਅਗਵਾਈ ਹੇਠ ਧਾਮ ਝਾੜੀਆਂ ਕਲਾਂ ਬਾਬਾ ਸ਼੍ਰੀ ਚੰਦ ਮੰਦਰ ਵਿਖੇ ਭਾਜਪਾ ਦੇ ਜੁਝਾਰੂ ਵਰਕਰਾਂ ਵਲੋਂ ਇਕੱਤਰ ਹੋ ਕੇ ਸਥਾਪਨਾ ਦਿਵਸ ਮਨਾਇਆ ਗਿਆ। ਭਾਟੀਆ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨੀਤੀਆਂ ਤੋਂ ਹਰ ਵਰਗ ਖੁਸ਼ ਨਜ਼ਰ ਆ ਰਿਹਾ ਹੈ ਜਿਸ ਦੀ ਮਿਸਾਲ ਤੋਂ ਪਤਾ ਲੱਗਦਾ ਹੈ ਹੁਣ ਲੋਕ ਵਿਰੋਧੀਆਂ ਦੀਆ ਚਾਲਾਂ ਵਿੱਚ ਨਹੀ ਫਸਣਾ ਚਾਹੁੰਦੇ ਇਸ ਲਈ ਸੀਨੀਅਰ ਵਰਕਰਾਂ ਵਲੋ ਆਮ ਜਨਤਾ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਆਤ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਰੂਪਨਗਰ ਦੇ ਭਾਜਪਾ ਸਪੋਕਸਮੈਨ ਬਾਲ ਕਿਸ਼ਨ ਕੁੱਕੂ, ਸੁਸ਼ੀਲ ਸ਼ਰਮਾ ਮੰਡਲ ਪ੍ਰਧਾਨ ਧਾਮ ਝਾੜੀਆਂ ਕਲਾਂ, ਕੁਲਭੂਸ਼ਣ ਸ਼ਾਰਧਾ ਮੰਡਲ ਪ੍ਰਧਾਨ ਨੂਰਪੁਰਬੇਦੀ, ਡਾਕਟਰ ਅਮਨਦੀਪ ਸਿੰਘ, ਨਿਰੰਜਣ ਸਿੰਘ, ਬਖਤਾਵਰ ਸਿੰਘ ਬੈਂਸ, ਪ੍ਰਿਤਪਾਲ ਸਿੰਘ, ਬਾਬੂ ਗਿਰਧਾਰੀ ਲਾਲ, ਜੀਤ ਭਾਟੀਆ, ਲਾਲਾ ਪ੍ਰੇਮ ਚੰਦ, ਹਰਮੇਸ਼ ਚੌਹਾਨ, ਮਹਿੰਦਰ ਪਾਲ ਚੌਹਾਨ, ਨਰੇਸ਼ ਸ਼ਰਮਾ, ਪੋਲਾ ਬਠਿੰਡਾ, ਰੋਸ਼ੀ ਭਾਟੀਆ, ਭਜਨ ਮੀਲੂ, ਪਵਨ ਭਾਟੀਆ, ਭਜਨ ਸਾਧ, ਕਮਲ ਸ਼ਰਮਾ, ਪਵਨ ਚੌਹਾਨ ਆਦਿ ਹਾਜਰ ਸਨ।

## ਸੇਂਟ ਸੋਲਜਰ ਨੇ ਮਨਾਇਆ ਵਿਸ਼ਵ ਸਿਹਤ ਦਿਵਸ



**ਜਲੰਧਰ, :(ਇਕਬਾਲ ਉਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਟ ਵਲੋਂ ਸਭ ਨੂੰ ਸਿਹਤ ਪ੍ਰਤੀ ਜਾਗਰੂਕ ਕਰਦੇ ਹੋਏ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਇਸ ਮੌਕੇ ਮਾਸਟਰ ਗੁਰਬੰਤਾ ਸਿੰਘ ਮਾਰਗ ਸਥਿਤ ਬ੍ਰਾਂਚ ਦੇ ਵਿਦਿਆਰਥੀ ਕੀਰਤੀ, ਨੂਰਪ੍ਰੀਤ, ਆਰਾਧਿਆ, ਸਾਨਵੀ, ਜਸਲੀਨ, ਅੰਸ਼ਿਕਾ, ਪੂਰਵੀ, ਨਿਹਾਰਿਕਾ, ਮਨਪ੍ਰੀਤ, ਬਾਰਬੀ, ਸਿਮਰਜੋਤ, ਜਯੰਤ, ਜਸਲੀਨ, ਪ੍ਰਿਯਾਂਸ਼ੀ, ਮਾਧਵ ਆਦਿ ਨੇ ਫੇਸ ਪੇਂਟਿੰਗ 'ਹੈਲਥ ਇਸ ਵੈਲਥ' ਦਾ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਸਾਰਿਆਂ ਲਈ ਫਿਟਨੈਸ ਗਤੀਵਿਧੀਆਂ ਕਰਵਾਈਆਂ ਗਈਆਂ। ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਦੂਸਰਿਆਂ ਨੂੰ ਫਿਟਨੈਸ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਦਾ ਪ੍ਰਣ ਲਿਆ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸਿਹਤਮੰਦ ਰਹਿਣ ਦੀਆਂ ਕਈ ਉਦਾਹਰਣਾਂ ਦੇ ਕੇ, ਜਿਵੇਂ ਕਿ ਸਿਹਤ ਵਿੱਚ ਸਾਡੇ ਖਾਣ-ਪੀਣ ਦਾ ਯੋਗਦਾਨ, ਬਾਹਰੀ ਗਤੀਵਿਧੀਆਂ, ਚੰਗੀ ਸਿਹਤ ਲਈ ਉਹ ਕਿਹੜੇ ਉਪਰਾਲੇ ਕਰਦੇ ਹਨ, ਉਨ੍ਹਾਂ ਦੀ ਖੁਰਾਕ ਕਿਵੇਂ ਹੈ, ਉਹ ਕਿੰਨਾ ਯੋਗਾ ਕਰਦੇ ਹਨ, ਮੈਡੀਟੇਸ਼ਨ ਅਤੇ ਟੀ.ਵੀ., ਮੋਬਾਈਲ ਦੀ ਕਿੰਨੀ ਵਰਤੋਂ ਕੀਤੀ ਜਾਂਦੀ ਹੈ ਆਦਿ ਬਾਰੇ ਦੱਸਿਆ ਅਤੇ ਇਨ੍ਹਾਂ ਦੇ ਸਿਹਤ ਲਈ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਦੱਸਿਆ। ਗਰੁੱਪ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਬਹੁਤ ਜ਼ਰੂਰੀ ਹੈ ਤਾਂ ਹੀ ਪੜ੍ਹਾਈ, ਖੇਡਾਂ ਅਤੇ ਹੋਰ ਗਤੀਵਿਧੀਆਂ ਹੋਰ ਵਧੀਆ ਢੰਗ ਨਾਲ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਦੀ ਜੀਵਨ ਸ਼ੈਲੀ, ਫਾਸਟ ਫੂਡ, ਸੋਸ਼ਲ ਨੈੱਟਵਰਕਿੰਗ ਸਾਈਟਾਂ ਆਦਿ ਗੈਰ-ਸਿਹਤਮੰਦ ਹੋਣ ਵਿੱਚ ਵੱਡੀ ਭੂਮਿਕਾ ਨਿਭਾਅ ਰਹੀਆਂ ਹਨ, ਸਾਨੂੰ ਸਾਰਿਆਂ ਨੂੰ ਇਨ੍ਹਾਂ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ।

## ਧਾਰਮਕ ਸਮਾਗਮ ਦੀ ਕਵਰੇਜ ਕਰਨ ਵਾਲੇ ਪੱਤਰਕਾਰਾਂ ਖਿਲਾਫ ਅਕਾਲੀ ਸਰਕਾਰ ਨੇ ਦਰਜ ਕੀਤਾ ਸੀ ਬਲਾਤਕਾਰ ਦਾ ਕੇਸ : ਕੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਆਮ ਆਦਮੀ ਪਾਰਟੀ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਮਜੀਠੀਆ ਕੋਲ ਪ੍ਰੈਸ ਦੀ ਆਜ਼ਾਦੀ ਦੇ ਮੁੱਦੇ 'ਤੇ ਕਿਸੇ ਨੂੰ ਭਾਸ਼ਣ ਦੇਣ ਦਾ ਕੋਈ ਨੈਤਿਕ ਆਧਾਰ ਨਹੀਂ ਹੈ। 'ਆਪ' ਨੇ ਬਿਕਰਮ ਮਜੀਠੀਆ ਵੱਲੋਂ ਲਾਏ ਗਏ ਸਾਰੇ ਦੋਸ਼ਾਂ ਨੂੰ ਝੂਠਾ ਤੇ ਬੇਬੁਨਿਆਦ ਕਰਾਰ ਦਿੱਤਾ ਹੈ। ਪਾਰਟੀ ਦਫਤਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇੱਕ ਵਿਅਕਤੀ, ਜੋ ਨਸ਼ਿਆਂ ਦੇ ਕਾਰੋਬਾਰ ਰਾਹੀਂ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰਨ ਕਰਕੇ, ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਮੁਕੱਦਮੇ ਅਧੀਨ ਹੈ, ਉਸ ਵੱਲੋਂ ਆਜ਼ਾਦੀ ਅਤੇ ਭ੍ਰਿਸਟਾਚਾਰ ਦੀ ਗੱਲ ਕਰਨ ਦੀ ਹਿੰਮਤ ਕਰਨਾ ਹਾਸੋਹੀਣਾ ਹੈ।

ਕੰਗ ਨੇ ਅੱਗੇ ਕਿਹਾ ਕਿ ਮਜੀਠੀਆ ਨੇ 3 ਕਰੋੜ ਪੰਜਾਬੀਆਂ ਵੱਲੋਂ ਚੁਣੇ ਗਏ ਪੰਜਾਬ ਦੇ ਮੁੱਖ ਮੰਤਰੀ ਦਾ ਨਿਰਾਦਰ ਕੀਤਾ ਪਰ ਇਹ ਭੁੱਲ ਗਿਆ ਕਿ ਉਹ ਨਕਾਰੇ ਹੋਏ ਨੇਤਾ ਹਨ ਅਤੇ ਉਨ੍ਹਾਂ ਕੋਲ ਕਿਸੇ ਨੂੰ ਸਵਾਲ ਕਰਨ ਦਾ ਕੋਈ ਅਧਾਰ ਨਹੀਂ ਹੈ। ਕੰਗ ਨੇ ਮਜੀਠੀਆ ਨੂੰ ਯਾਦ ਦਿਵਾਇਆ ਕਿ ਜਦੋਂ ਉਹ ਅਕਾਲੀ ਸਰਕਾਰ ਵਿੱਚ ਲੋਕ ਸੰਪਰਕ ਮੰਤਰੀ ਸਨ ਤਾਂ ਉਨ੍ਹਾਂ ਨੇ 2007 ਤੋਂ 2017 ਤੱਕ ਏਬੀਪੀ ਸਾਂਝਾ ਵਰਗੇ ਚੈਨਲਾਂ ਨੂੰ ਮੁੱਖ ਕੇਬਲ 'ਤੇ ਪ੍ਰਸਾਰਿਤ ਨਹੀਂ ਹੋਣ ਦਿੱਤਾ ਅਤੇ ਅੱਜ ਉਸੇ ਚੈਨਲ ਨੇ ਉਹਨਾਂ ਦੀ ਸਾਰੀ ਪ੍ਰੈਸ ਕਾਨਫਰੰਸ ਦਾ ਸਿੱਧਾ ਪ੍ਰਸਾਰਣ ਕੀਤਾ। ਕੀ ਇਹ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਮੀਡੀਆ ਨੂੰ ਕਿਸ ਨੇ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਕੰਗ ਨੇ ਕਿਹਾ ਕਿ ਸਪੋਕਸਮੈਨ ਰਿਪੋਰਟਰ ਰਾਜੇਸ਼ ਸਹਿਗਲ ਅਜੇ ਵੀ ਅਦਾਲਤ ਵਿੱਚ ਇਨਸਾਫ ਲਈ ਲੜ ਰਿਹਾ ਹੈ ਕਿਉਂਕਿ ਉਸਨੇ 1998 ਦੀਆਂ ਚੋਣਾਂ ਦੌਰਾਨ ਸੁਖਬੀਰ ਬਾਦਲ ਵੱਲੋਂ ਬੂਥਾਂ 'ਤੇ ਕਬਜਾ ਕਰਨ ਦੀ ਖਬਰ ਪ੍ਰਕਾਸ਼ਿਤ ਕੀਤੀ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਨੇ ਨਿਊਜ 18 ਦੇ ਪੱਤਰਕਾਰਾਂ ਨੂੰ ਬੇਅਦਬੀ ਦੀਆਂ ਘਟਨਾਵਾਂ ਦੀ ਰਿਪੋਰਟਿੰਗ ਕਰਨ ਕਰਕੇ ਤੰਗ ਪ੍ਰੇਸ਼ਾਨ ਕੀਤਾ ਅਤੇ ਮਾਲਵੇ ਵਿੱਚ ਇੱਕ ਧਾਰਮਿਕ ਸਮਾਗਮ ਦੀ ਕਵਰੇਜ ਕਰਨ ਬਦਲੇ ਪੱਤਰਕਾਰਾਂ ਵਿਰੁੱਧ ਬਲਾਤਕਾਰ ਤੱਕ ਦੇ ਕੇਸ ਦਰਜ ਕੀਤੇ। 10 ਸਾਲਾਂ ਤੱਕ ਮੀਡੀਆ ਵਿੱਚ ਸਿਰਫ ਅਕਾਲੀ ਦਲ ਦੇ ਪੀ.ਟੀ.ਸੀ. ਦੀ ਅਜਾਰੇਦਾਰੀ ਰਹੀ ਅਤੇ ਅਕਾਲੀ ਸਰਕਾਰ ਨੇ ਪੰਜਾਬ ਵਿੱਚ ਬਹੁਤ ਸਾਰੇ ਪੱਤਰਕਾਰਾਂ ਦੇ ਕੈਰੀਅਰ ਨੂੰ ਬਰਬਾਦ ਕਰ ਦਿੱਤਾ ਅਤੇ ਕਈ ਚੈਨਲ ਬੰਦ ਕਰ ਦਿੱਤੇ।

ਕੰਗ ਨੇ ਕਿਹਾ ਕਿ 'ਆਪ' ਲੋਕਤੰਤਰ ਦੇ ਚੌਥੇ ਥੰਮ ਦਾ ਸਤਿਕਾਰ ਕਰਦੀ ਹੈ ਅਤੇ ਸਾਡੇ ਸੰਵਿਧਾਨ ਅਨੁਸਾਰ ਹਰ ਕਿਸੇ ਨੂੰ ਬੋਲਣ ਅਤੇ ਪ੍ਰਗਟਾਉਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵਿੱਚ ਕਿਸੇ ਨਾਲ ਵੀ ਕੋਈ ਬਦਲਾਖੋਰੀ ਨਹੀਂ ਹੈ, ਪਰ ਕਾਨੂੰਨ ਕਿਸੇ ਨੂੰ ਵੀ ਫਿਰਕੂ ਸ਼ਾਂਤੀ ਲਈ ਖਤਰਾ ਪੈਦਾ ਕਰਨ ਵਾਲੀ ਸਮੱਗਰੀ ਪ੍ਰਕਾਸ਼ਿਤ ਕਰਨ ਦੀ ਇਜਾਜਤ ਨਹੀਂ ਦਿੰਦਾ।

CMYK

# ਮੋਹਾਲੀ ਦਾ ਆਪਣਾ ਨਾ ਕੋਈ ਬੱਸ ਅੱਡਾ ਤੇ ਨਾ ਹੀ ਸਿਟੀ ਬੱਸ ਸਰਵਿਸ : ਸੋਹਾਣਾ



**ਮੋਹਾਲੀ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਹਲਕੇ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਹੈ ਕਿ ਮੋਹਾਲੀ ਵਰਗੇ ਪੰਜਾਬ ਦੇ ਅੱਤ ਮਹੱਤਵਪੂਰਨ ਸ਼ਹਿਰ 'ਚ ਨਾ ਤਾਂ ਆਪਣਾ ਬੱਸ ਅੱਡਾ ਹੈ ਅਤੇ ਨਾ ਹੀ ਸਿਟੀ ਬਸ ਸਰਵਿਸ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਬਣਾਏ ਗਏ ਬੱਸ ਅੱਡੇ ਨੂੰ ਪੰਜਾਬ ਸਰਕਾਰ ਚਾਲੂ ਨਹੀਂ ਕਰ ਰਹੀ। ਇਸੇ ਤਰ੍ਹਾਂ ਪਿਛਲੇ ਕਈ ਵਰ੍ਹਿਆਂ ਤੋਂ ਨਗਰ ਨਿਗਮ ਵੱਲੋਂ ਚਲਾਈ ਜਾਣ ਵਾਲੀ ਸਿਟੀ ਬੱਸ ਸਰਵਿਸ ਦੀ ਸਕੀਮ ਠੰਡੇ ਬਸਤੇ ਵਿਚ ਪਈ ਹੈ। ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਮੁਹਾਲੀ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ 2500 ਕਰੋੜ ਰੁਪਏ ਖਰਚ ਕੀਤੇ ਗਏ ਸਨ।

ਇਸ ਦੌਰਾਨ ਨਾ ਸਿਰਫ ਮੁਹਾਲੀ 'ਚ 7 ਖੇਡ ਸਟੇਡੀਅਮਾਂ ਦੀ ਉਸਾਰੀ ਕੀਤੀ ਗਈ ਸਗੋਂ ਇਸਦੇ ਮੁਹਾਲੀ ਸ਼ਾਪਿੰਗ ਸੈਂਟਰ ਰੋਡ ਨੂੰ ਚੌੜਾ ਕਰਕੇ ਇਸ ਨੂੰ ਡਬਲ ਕੀਤਾ ਗਿਆ ਜਦੋਂ ਕਿ ਪਿਛਲੇ ਸਮੇਂ ਦੀਆਂ ਸਰਕਾਰਾਂ ਅਜਿਹਾ ਹੋਣਾ ਲੱਗਭਗ ਨਾਮੁਮਕਿਨ ਦੱਸਦੀਆਂ ਸਨ। ਉਨ੍ਹਾਂ ਕਿਹਾ ਕਿ ਮੋਹਾਲੀ ਦੇ ਸੈਕਟਰ 78 'ਚ ਮਲਟੀਪਰਪਜ਼ ਸਟੇਡੀਅਮ ਅਤੇ ਫੇਜ਼ 9 ਦੇ ਮਲਟੀਪਰਪਸ ਸਟੇਡੀਅਮ ਦੇ ਨਾਲ ਨਾਲ ਵੱਖ ਵੱਖ ਸੈਕਟਰਾਂ ਵਿੱਚ ਬਣਾਏ ਗਏ ਖੇਡ ਸਟੇਡੀਅਮ ਅਕਾਲੀ ਸਰਕਾਰ ਦੀ ਹੀ ਦੇਣ ਹਨ ਜਿਥੋਂ ਅੰਤਰਰਾਸਟਰੀ ਪੱਧਰ ਦੇ ਖਿਡਾਰੀ ਤਿਆਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਮੁਹਾਲੀ ਦੇ ਫੇਜ 6 ਵਿਚ ਬਣਾਇਆ ਗਿਆ ਅੰਤਰ ਰਾਜੀ ਬੱਸ ਅੱਡਾ ਚਾਲੂ ਕੀਤਾ ਜਾਵੇ ਅਤੇ ਮੋਹਾਲੀ ਵਿੱਚ ਸਿਟੀ ਬੱਸ ਸਰਵਿਸ ਵੀ ਚਾਲੂ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਇਸ ਬੱਸ ਅੱਡੇ ਦਾ ਲਾਭ ਹਾਸਲ ਹੋ ਸਕੇ। ਉਨ੍ਹਾਂ ਕਿਹਾ ਕਿ ਨਾ ਤਾਂ ਪਿਛਲੇ ਪੰਜ ਵਰ੍ਹੇ ਕਾਂਗਰਸ ਸਰਕਾਰ ਨੇ ਇਸ ਪੱਖੋਂ ਕੋਈ ਕੰਮ ਕੀਤਾ ਤੇ ਨਾ ਹੀ ਇੱਕ ਸਾਲ ਤੋਂ ਵੱਧ ਸਮੇਂ ਤੋਂ ਪੰਜਾਬ ਦੀ ਸੱਤਾ ਤੇ ਕਾਬਜ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਸਬੰਧੀ ਕੋਈ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕੇ ਫੇਜ਼ 8 ਵਿਚਲਾ ਬੱਸ ਅੱਡਾ ਵੀ ਕਾਂਗਰਸ ਸਰਕਾਰ ਸਮੇਂ ਢਾਹ ਦਿੱਤਾ ਗਿਆ ਅਤੇ ਫੇਜ਼ 6 ਵਿਚਲੇ ਬੱਸ ਅੱਡੇ ਨੂੰ ਵੀ ਚਾਲੂ ਨਹੀਂ ਕੀਤਾ ਜਾ ਰਿਹਾ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਮੌਜੂਦਾ ਵਿਧਾਇਕ ਕੁਲਵੰਤ ਸਿੰਘ ਜਦੋਂ ਮੇਅਰ ਸਨ ਤਾਂ ਉਸ ਸਮੇ ਮੋਹਾਲੀ ਵਿੱਚ ਸਿਟੀ ਬੱਸ ਸਰਵਿਸ ਦਾ ਮਤਾ ਪਾਸ ਕੀਤਾ ਗਿਆ ਸੀ ਅਤੇ ਇਸ ਵਿਚ 6 ਕਰੋੜ ਰੁਪਏ ਵੀ ਰੱਖੇ ਗਏ ਸਨ। ਉਨ੍ਹਾਂ ਕਿਹਾ ਕਿ ਉਹ ਖੁਦ ਵੀ ਉਸ ਸਮੇਂ ਮੁਹਾਲੀ ਨਗਰ ਨਿਗਮ ਦੇ ਕੌਂਸਲਰ ਸਨ।

ਉਨ੍ਹਾਂ ਕਿਹਾ ਕਿ ਮੋਹਾਲੀ ਵਿੱਚ ਆਪਣੀ ਸਿਟੀ ਬੱਸ ਸਰਵਿਸ ਨਾ ਹੋਣ ਕਰਕੇ ਆਟੋ ਚਾਲਕਾਂ ਦੀ ਮਨਮਾਨੀ ਚਲਦੀ ਹੈ। ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਹੁਣ ਮੋਹਾਲੀ ਤੋਂ ਹਲਕਾ ਵਿਧਾਇਕ ਹਨ ਅਤੇ ਉਹ ਨਿੱਜੀ ਦਿਲਚਸਪੀ ਲੈ ਕੇ ਸਿਟੀ ਬੱਸ ਸਰਵਿਸ ਅਤੇ ਬੱਸ ਅੱਡੇ ਨੂੰ ਚਾਲੂ ਕਰਵਾਉਣ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੀ ਮੌਜੂਦਾ ਸਰਕਾਰ ਮੋਹਾਲੀ ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਬੱਸ ਅੱਡੇ ਨੂੰ ਫੌਰੀ ਤੌਰ ਤੇ ਚਾਲੂ ਕਰੇ ਅਤੇ ਸਿਟੀ ਬਸ ਸਰਵਿਸ ਨੂੰ ਵੀ ਫੌਰੀ ਤੌਰ ਤੇ ਚਾਲੂ ਕੀਤਾ ਜਾਵੇ।

## ਭਾਰਤ ਵਿਕਾਸ ਪ੍ਰੀਸ਼ਦ ਸੰਸਥਾ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ ਭੇਟ



**ਅਲਾਵਲਪੁਰ (ਮਦਨ ਬੰਗੜ)** ਭਾਰਤ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਦੀ ਸਾਖਾ ਅਲਾਵਲਪੁਰ ਵੱਲੋਂ ਸਾਖਾ ਪ੍ਰਧਾਨ ਪ੍ਰਦੀਪ ਭਨੋਟ ਦੀ ਪ੍ਰਧਾਨਗੀ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਅਲਾਵਲਪੁਰ ਦੇ ਆਂਗਣਵਾੜੀ ਤੋਂ ਪੰਜਵੀਂ ਜਮਾਤ ਤੱਕ ਦੇ 117 ਬੱਚਿਆਂ ਨੂੰ ਪੂਰੇ ਸਾਲ ਲਈ ਸਟੇਸ਼ਨਰੀ ਵੰਡੀ ਗਈ। ਪ੍ਰੋਗਰਾਮ 'ਚ ਭਾਰਤ ਵਿਕਾਸ ਪ੍ਰੀਸ਼ਦ ਸਾਖਾ ਆਦਮਪੁਰ ਤੋਂ ਅਰੁਣ ਸ਼ਰਮਾ, ਵਿਕਾਸ ਸ਼ਰਮਾ ਅਤੇ ਨਗਰ ਕੌਂਸਲ ਅਲਾਵਲਪੁਰ ਦੇ ਕੌਂਸਲਰ ਨਰੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਇਸ ਮੌਕੇ ਸਕੂਲ ਸਟਾਫ ਅਤੇ ਛੋਟੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਪ੍ਰਦੀਪ ਭਨੋਟ ਨੇ ਕਿਹਾ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ, ਅੱਜ ਸਾਖਾ ਵੱਲੋਂ ਬੱਚਿਆਂ ਨੂੰ ਪੂਰਾ ਸਾਲ ਸਟੇਸਨਗੀ ਮੁਹੱਈਆ ਕਰਵਾਉਣ ਦਾ ਇੱਕ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ।

ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਦੀ ਚੰਗੀ ਸਿੱਖਿਆ ਲਈ ਜਿਸ ਤਰ੍ਹਾਂ ਦੀ ਵੀ ਲੋੜ ਹੈ ਉਨ੍ਹਾਂ ਨਾਲ ਸੰਪਰਕ ਕਰਨ। ਇਸ ਮੌਕੇ ਸਕੂਲ ਪ੍ਰਿੰਸੀਪਲ ਕਿਰਨ ਬਾਲਾ, ਅਧਿਆਪਕ ਅਨੁਪਮ ਕੁਮਾਰੀ, ਸੁਖਵਿੰਦਰ ਕੌਰ ਅਤੇ ਅੰਜਨਾ ਦੇਵੀ ਅਤੇ ਭਾਰਤ ਵਿਕਾਸ਼ ਪ੍ਰੀਸ਼ਦ ਸਾਖਾ ਅਲਾਵਲਪੁਰ ਦੇ ਖਜਾਨਚੀ ਹਰੀਵੰਸ ਸਰਮਾ, ਸਕੱਤਰ ਚੇਤਨ, ਡਾ: ਰਜਿੰਦਰ ਮਲਹੋਤਰਾ, ਰਮਨ ਕੁਮਾਰ, ਸੰਕੇਤ ਅਤੇ ਸਕੂਲ ਸਟਾਫ ਹਾਜ਼ਰ ਸੀ।

## ਸੂਬੇ 'ਚ ਉਦਯੋਗਾਂ ਨੂੰ ਪ੍ਰਫੁਲਤ ਕਰਨ 'ਚ ਨਹੀਂ ਛੱਡੀ ਜਾ ਰਹੀ ਕੋਈ ਕਮੀ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੂਬੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਦਯੋਗਾਂ ਨੂੰ ਪ੍ਰਫੁਲਿਤ ਕਰਨ ਅਤੇ ਉਨ੍ਹਾਂ ਦੇ ਵਿਕਾਸ ਲਈ ਕੋਈ ਕਮੀ ਨਹੀਂ ਛੱਡ ਰਹੀ ਹੈ। ਸੂਬੇ ਵਿਚ ਉਦਯੋਗਾਂ ਨੂੰ ਬੜ੍ਹਾਵਾਂ ਦੇਣ ਲਈ ਸਰਕਾਰ ਵਲੋਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਜਿਸ ਤਹਿਤ ਉਦਯੋਗਾਂ ਨੂੰ ਮਿਲਣ ਵਾਲੀ ਕਲੀਅਰੈਂਸ ਨੂੰ ਕਾਫ਼ੀ ਆਸਾਨ ਕਰ ਦਿੱਤਾ ਗਿਆ ਹੈ। ਉਹ 'ਹੁਸ਼ਿਆਰਪੁਰ ਲਾਰਜ ਐਂਡ ਮੀਡੀਅਮ ਇੰਡਸਟਰੀ ਐਸੋਸੀਏਸ਼ਨ' ਦੀ ਸਾਲਾਨਾ ਮੀਟਿੰਗ ਦੌਰਾਨ ਆਯੋਜਿਤ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਸੂਬਾ ਆਰਥਿਕ ਨੀਤੀ ਤੇ ਯੋਜਨਾ ਬੋਰਡ ਅਤੇ ਸੋਨਾਲੀਕਾ ਉਦਯੋਗ ਦੇ ਵਾਈਸ ਚੇਅਰਮੈਨ (ਕੈਬਨਿਟ ਮੰਤਰੀ ਦਰਜਾ) ਅੰਮ੍ਰਿਤ ਸਾਗਰ ਮਿੱਤਲ, ਵਿਧਾਇਕ ਸ਼ਾਮ ਚੁਰਾਸੀ ਡਾ. ਰਵਜੋਤ ਸਿੰਘ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਐਡਵੋਕੇਟ ਇੰਦਰਪਾਲ ਸਿੰਘ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਪਠਾਨਕੋਟ ਹਰਬੀਰ ਸਿੰਘ, ਐਸ ਡੀ ਐਮ ਪ੍ਰੀਤ ਇੰਦਰ ਸਿੰਘ ਬੈਂਸ, ਐਸੋਸੀਏਸ਼ਨ ਦੇ ਪ੍ਰਧਾਨ ਆਈ ਐਮ ਜੇ ਐਸ ਸਿੱਧੂ, ਜਨਰਲ ਸਕੱਤਰ ਤਰੁਣ ਚਾਵਲਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਬਿਜਨੈਸ ਫਸਟ ਪੋਰਟਲ ਰਾਹੀਂ ਸਿੰਗਲ ਵਿੰਡੋ ਸਿਸਟਮ ਚਲਾਇਆ ਜਾ ਰਿਹਾ ਹੈ। ਇਸ ਪੋਰਟਲ ਰਾਹੀਂ ਉਦਯੋਗਿਕ ਇਕਾਈਆਂ ਤੇ ਹੋਰ ਸੰਸਥਾਵਾਂ ਵੱਖ-ਵੱਖ ਰੈਗੂਲੇਟਰੀ ਕਲੀਅਰੈਂਸ ਅਤੇ ਸੇਵਾਵਾਂ ਆਨਲਾਈਨ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਪੋਰਟਲ ਰਾਹੀਂ ਸਰਕਾਰ ਵਲੋਂ ਕਰੀਬ 117 ਤਰ੍ਹਾਂ ਦੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਵਿਚ ਰੈਗੂਲੇਅਰੀ ਕਲੀਅਰੈਂਸ ਜਿਵੇਂ ਕਿ ਚੇਂਜ ਆਫ਼ ਲੈਂਡ ਯੂਜ਼, ਪ੍ਰਦੂਸ਼ਣ, ਫਾਇਰ, ਬਾਅਲਰ ਰਜਿਸਟਰੇਸ਼ਨ ਆਦਿ ਅਤੇ ਵੱਖ-ਵੱਖ ਤਰ੍ਹਾਂ ਦੀਆਂ ਸਰਵਿਸਜ਼ ਜਿਵੇਂ ਕਿ ਸੋਸਾਇਟੀ ਰਜਿਸਟਰੇਸ਼ਨ, ਸ਼ਾਪ ਅਸਟੈਬਲਿਸ਼ਮੈਂਟ, ਇੰਡਸਟਰੀਲ ਪਲਾਂਟ ਅਲਾਟਮੈਂਟ, ਬਾਅਲਰ ਰੀਨਿਊ, ਪ੍ਰਦੂਸ਼ਣ ਸਰਟੀਫਿਕੇਟ ਰੀਨਿਊ, ਐਕਸਾਈਜ ਤੇ ਟੈਕਸੇਸ਼ਨ ਸਬੰਧੀ ਸਰਵਿਸਜ਼ ਆਦਿ ਇਕ ਹੀ ਪੋਰਟਲ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸੂਬਾ ਆਰਥਿਕ ਨੀਤੀ ਤੇ ਯੋਜਨਾ ਬੋਰਡ ਅਤੇ ਸੋਨਾਲੀਕਾ ਉਦਯੋਗ ਦੇ ਵਾਈਸ ਚੇਅਰਮੈਨ (ਕੈਬਨਿਟ ਮੰਤਰੀ ਦਰਜਾ) ਅੰਮ੍ਰਿਤ ਸਾਗਰ ਮਿੱਤਲ ਨੇ ਕਿਹਾ ਕਿ 1500 ਕਰੋੜ ਰੁਪਏ ਦੀ ਲਾਗਤ ਨਾਲ ਹੁਸ਼ਿਆਰਪੁਰ ਵਿਚ ਹੀ ਸੋਨਾਲੀਕਾ ਆਪਣੇ ਉਦਯੋਗ ਦਾ ਵਿਸਥਾਰ ਕਰੇਗਾ। ਉਨ੍ਹਾਂ ਕਿਹਾ ਕਿ ਉਦਯੋਗਿਕ ਵਿਕਾਸ ਨੂੰ ਲੈ ਕੇ ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਨਵੇਂ ਉਦਯੋਗ ਸਥਾਪਿਤ ਕਰਨ ਵਾਲਿਆਂ ਨੂੰ ਕਾਫ਼ੀ ਲਾਭ ਮਿਲੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਜ਼ਿਲ੍ਹੇ ਦੀ ਉਦਯੋਗਿਕ ਇਕਾਈਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਵਿਚ ਇੰਡਸਟਰੀਜ ਨੇ ਬੇਹਤਰੀਨ ਭੂਮਿਕਾ ਨਿਭਾਈ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਉਦਯੋਗਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰ ਜ਼ਰੂਰੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਇਸ ਮੌਕੇ ਜੀ.ਐਮ ਜ਼ਿਲ੍ਹਾ ਉਦਯੋਗ ਕੇਂਦਰ ਅਰੁਣ ਕੁਮਾਰ, ਜੀ.ਐਨ.ਏ ਗਰੁੱਪ ਦੇ ਐਮ.ਡੀ ਗੁਰਦੀਪ ਸਿੰਘ ਸੀਹਰਾ, ਵਰਧਮਾਨ ਯਾਰਨ ਐਂਡ ਥਰੈਡ ਗਰੁੱਪ ਦੇ ਐਮ.ਡੀ ਸੰਜੀਵ ਨਰੂਲਾ, ਸੋਨਾਲੀਕਾ ਗਰੁੱਪ ਦੇ ਡਾਇਰੈਕਟਰ ਅਕਸ਼ੇ ਸਾਂਗਵਾਨ, ਵਾਸਲ ਐਜੂਕੇਸ਼ਨਲ ਗਰੁੱਪ ਦੇ ਚੇਅਰਮੈਨ ਸੰਜੀਵ ਵਾਸਲ, ਡੀ.ਏ.ਵੀ ਕਾਲਜ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਡਾ. ਅਨੂਪ ਕੁਮਾਰ, ਸੋਨਾਲੀਕਾ ਗਰੁੱਪ ਦੇ ਵਾਈਸ ਪ੍ਰੈਜੀਡੈਂਟ ਅਤੁਲ ਸ਼ਰਮਾ, ਜੇ.ਐਸ ਚੌਹਾਨ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਚੀਮਾ ਨੇ ਸ਼ਹਿਰ ਦੇ ਵਲੰਟੀਅਰਾਂ ਨਾਲ ਕੀਤੀ ਅਹਿਮ ਮੀਟਿੰਗ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਵਿਧਾਨ ਸਭਾ ਹਲਕਾ ਨਕੋਦਰ ਬਲਾਕ-2 ਦੀ ਮੀਟਿੰਗ ਰਣਜੀਤ ਸਿੰਘ ਚੀਮਾਂ ਚੇਅਰਮੈਨ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਪੰਜਾਬ ਦੀ ਅਗਵਾਈ ਵਿਚ ਹੋਈ। ਇਸ ਮੀਟਿੰਗ ਵਿੱਚ ਸ਼ਹਿਰ ਦੇ 17 ਵਾਰਡਾਂ ਦੇ ਇੰਚਾਰਜ ਅਤੇ ਐਕਟਿਵ ਮੈਂਬਰਾਂ ਨੇ ਹਿੱਸਾ ਲਿਆ ਇਸ ਮੀਟਿੰਗ ਨੂੰ ਜਲੰਧਰ ਲੋਕ ਸਭਾ ਜਿਮਨੀ ਚੋਣ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ। ਇਸ ਮੀਟਿੰਗ ਵਿਚ ਦਰਸ਼ਨ ਟਾਹਲੀ ਵਾਇਸ ਪ੍ਰਧਾਨ ਜਿਲ੍ਹਾ ਪ੍ਰੀਸ਼ਦ ਜਲੰਧਰ, ਜਸਵੀਰ ਸਿੰਘ ਧੰਜਲ, ਪ੍ਰਦੀਪ ਸੇਰਪੁਰ, ਸੁਖਵਿੰਦਰ ਗੜਵਾਲ ਨੇ ਸੰਬੋਧਨ ਕੀਤਾ ਉਹਨਾਂ ਵਿਸ਼ਵਾਸ ਦਵਾਇਆ ਇਸ ਵਾਰ ਲੋਕ ਸਭਾ ਜਲੰਧਰ ਦੀ ਚੋਣ ਜਿੱਤ ਕੇ ਸੀਟ ਆਮ ਆਦਮੀ ਪਾਰਟੀ ਦੀ ਝੋਲੀ ਪਾਵਾਂਗੇ। ਇਸ ਤੋਂ ਇਲਾਵਾ ਪੰਜਾਬ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਨੇ ਸੰਬੋਧਨ ਕਰਦੇ ਹੋਏ ਸਰਕਾਰ ਦੀਆਂ ਇੱਕ ਸਾਲ ਦੀਆਂ ਉਪਲੱਬਧੀਆਂ ਗਿਣਾਈਆਂ ਅਤੇ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਕੰਮ ਕੀਤਾ ਜਾਵੇਗਾ ਜੋ ਕੰਮ ਰਹਿ ਗਏ ਹਨ ਉਹ ਪਹਿਲ ਦੇ ਤੌਰ 'ਤੇ ਕੀਤੇ ਜਾਣਗੇ ਕਿਸੇ ਵਾਰਡ 'ਚ ਕੋਈ ਕੰਮ ਰਹਿੰਦਾ ਹੈ ਮੇਰੇ ਨਾਲ ਸਿੱਧਾ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਜਸਵੀਰ ਸਿੰਘ ਧੰਜਲ, ਨਰੇਸ਼ ਕੁਮਾਰ, ਸੁਖਵਿੰਦਰ ਗੜਵਾਲ, ਪ੍ਰਦੀਪ ਸ਼ੇਰਪੁਰ, ਦਰਸ਼ਨ ਸਿੰਘ ਟਾਹਲੀ ਵਾਇਸ ਪ੍ਰਧਾਨ ਜ਼ਿਲ੍ਹਾ ਪ੍ਰੀਸਦ, ਬੋਬੀ ਸ਼ਰਮਾ, ਸਾਂਤੀ ਸਰੂਪ ਜਿਲ੍ਹਾ ਸਕੱਤਰ ਐਸ ਸੀ ਐਸ ਟੀ ਵਿੰਗ, ਸੰਦੀਪ ਸਿੰਘ ਸੋਢੀ, ਬਲਦੇਵ ਸਹੋਤਾ, ਸੰਜੀਵ ਟੱਕਰ, ਹਰਪ੍ਰੀਤ ਕੌਰ, ਸਰਬਜੀਤ ਕੌਰ ਮਿੰਟੂ ਧੀਰ, ਕਰਨ ਸ਼ਰਮਾ ਅਮਿਤ ਕੁਮਾਰ ਨਾਰੰਗ, ਪ੍ਰਦੀਪ ਸੇਰਪੁਰ, ਹਿਮਾਂਸੂ ਜੈਨ, ਵਿੱਕੀ ਫੋਟੋਗ੍ਰਾਫਰ, ਨਰਿੰਦਰ ਸ਼ਰਮਾ, ਸੰਜੀਵ ਟੱਕਰ, ਮਨਮੋਹਨ ਸਿੰਘ ਟੱਕਰ, ਰੇਸ਼ਮ ਸਿੰਘ ਸਹੋਤਾ ਆਦਿ ਹਾਜ਼ਰ ਸਨ।

## ਮਾਤਾ ਚਰਨ ਕੌਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਨਵਾਂਸ਼ਹਿਰ (ਮਨੋਜ ਲਾਡੀ)** ਸੀ ਪੀ ਆਈ (ਐਮ) ਯੂਨਿਟ ਗੁਣਾਚੌਰ ਦੇ ਉਘੇ ਅਤੇ ਪੁਰਾਣੇ ਆਗੂ ਮਹਿੰਦਰ ਪਾਲ ਵਿਰਦੀ ਦੀ ਸੁਪਤਨੀ ਬੀਬੀ ਚਰਨ ਕੌਰ ਨੂੰ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਬੋਲਦਿਆਂ ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਬੀਬੀ ਚਰਨ ਕੌਰ ਦਾ ਪਰਵਾਰ ਕਿਰਤੀ, ਮਿਹਨਤੀ ਤੇ ਸਮਾਜ ਵਿਚ ਵਿਚ ਚੰਗੀ ਦਿੱਖ ਰੱਖਣ ਵਾਲਾ ਪਰਵਾਰ ਹੈ। ਇਹ ਪਰਵਾਰ ਲੰਬੇ ਸਮੇਂ ਤੋਂ ਸੀ ਪੀ ਆਈ ਐਮ ਅੰਦਰ ਰਹਿ ਕੇ ਕਿਰਤੀ ਲੋਕਾਂ ਲਈ ਸੰਘਰਸ਼ਸ਼ੀਲ ਰਹੇ ਹਨ। ਮਾਤਾ ਚਰਨ ਕੌਰ ਦੀ ਮਿਹਨਤ ਸਦਕਾ ਬੱਚਿਆਂ ਨੇ ਪੜ੍ਹਾਈ, ਲਿਖਾਈ ਕੀਤੀ ਤੇ ਵਿਦੇਸ਼ਾਂ ਵਿੱਚ ਰਹਿ ਕੇ ਕਿਰਤ ਕਰਨ ਲਈ ਰਿਹਾਇਸ ਲਈ। ਮਾਤਾ ਚਰਨ ਕੌਰ ਨੇ ਆਪਣੇ ਜੀਵਨ ਸਾਥੀ ਦੇ ਮੋਢੇ ਨਾਲ ਮੋਢਾ ਜੋੜ ਕੇ ਮਿਹਨਤ ਕੀਤੀ। ਇਸ ਮੌਕੇ ਸਾਥੀ ਕੁਲਦੀਪ ਝਿੰਗੜ, ਕਾਂਗਰਸੀ ਆਗੂ ਪਵਨ ਕੁਮਾਰ, ਸਫਲ ਕਿਸਾਨ ਆਗੂ ਅਵਤਾਰ ਸਿੰਘ ਤਾਰੀ ਸਾਥੀ ਲਾਲ ਚੰਦ, ਬਲਵੀਰ ਸਿੰਘ ਦੁਸਾਂਝ ਹਾਜਰ ਸਨ। ਵੱਡੇ ਲੜਕੇ ਪਰਮਜੀਤ ਵਿਰਦੀ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਮੋਹਾਲੀ 'ਚ ਸੰਸਾਰ ਦੇ ਪਹਿਲੇ 'ਮਾਤ ਪਿਤਾ ਮੰਦਰ' ਦੀ ਉਸਾਰੀ

**ਮੋਹਾਲੀ, (ਗੁਰਜੀਤ ਬਿੱਲਾ)** ਮੋਹਾਲੀ ਜਿਲ੍ਹੇ ਦੇ ਬਨੂੜ-ਅੰਬਾਲਾ ਮਾਰਗ 'ਤੇ ਪਿੰਡ ਖਲੌਰ 'ਚ ਮਾਤ-ਪਿਤਾ ਮੰਦਰ ਦੀ ਉਸਾਰੀ ਦਾ ਫੇਜ-1 ਦਾ ਨਿਰਮਾਣ ਪੂਰਾ ਹੋ ਚੁੱਕਿਆ ਹੈ। ਫੇਜ਼-2 ਦਾ ਕਾਰਜ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਸਾਲ 2025 'ਚ ਸੰਸਾਰ ਦੇ ਇਸ ਪਹਿਲੇ ਅਤੇ ਇਕੱਲੇ ਮਾਤ-ਪਿਤਾ ਮੰਦਰ ਦਾ ਨਿਰਮਾਣ ਕਾਰਜ ਪੂਰਾ ਕਰ ਲਿਆ ਜਾਵੇਗਾ। ਮੰਦਰ ਦਾ ਨਿਰਮਾਣ ਕਰਨ ਵਾਲੇ ਮਾਤ ਪਿਤਾ ਗੌਧਾਮ ਮਹਾ ਤੀਰਥ ਦੇ ਸੰਸਥਾਪਕ ਗਿਆਨ ਚੰਦ ਵਾਲੀਆ ਨੇ ਕਿਹਾ ਕਿ ਸੰਪੂਰਣ ਮਾਤ-ਪਿਤਾ ਗੌਧਾਮ ਪਰਵਾਰ ਦੀ ਅਣਥੱਕ ਮਿਹਨਤ ਅਤੇ ਸਾਰਿਆਂ ਦੇ ਸਹਿਯੋਗ ਨਾਲ ਲਗਭਗ 20 ਹਜਾਰ ਸਕਵੇਅਰ ਫੁੱਟ ਦੀ ਬੇਸਮੈਂਟ ਦਾ ਲੰਗਰ ਹਾਲ ਤਿਆਰ ਹੋ ਚੁੱਕਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਮੰਦਰ ਮਾਤਾ-ਪਿਤਾ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਮੰਦਰ 'ਚ ਕੋਈ ਮੂਰਤੀ ਨਾ ਹੋ ਕੇ ਸ਼ਰਧਾਲੂ ਮਾਤਾ ਪਿਤਾ 'ਚ ਹੀ ਭਗਵਾਨ ਹੋਣ ਦਾ ਅਹਿਸਾਸ ਕਰਨਗੇ। ਮਾਤ ਪਿਤਾ ਗੌਧਾਮ ਟਰਸਟ ਨੂੰ ਗਿਆਨ ਚੰਦ ਵਾਲੀਆ ਜਿਨ੍ਹਾਂ ਨੂੰ ਗੌਚਰ ਦਾਸ ਗਿਆਨ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਮੰਦਰ ਦੇ ਸਰਪ੍ਰਸਤ ਸੁਰਨੇਸ ਸਿੰਗਲਾ ਨੇ ਦੱਸਿਆ ਕਿ ਸਾਰੀਆਂ ਬਿਰਾਦਰੀਆਂ ਅਤੇ ਧਰਮਾਂ ਦੇ ਲਈ 'ਮਾਤ ਪਿਤਾ ਮੰਦਰ' ਪੂਰੀ ਤਰ੍ਹਾਂ ਨਾਲ ਮਾਤਾ-ਪਿਤਾ ਦੇ ਲਈ ਸਮਰਪਿਤ ਹੋਵੇਗਾ। ਇਸ ਮੌਕੇ ਕੁਲਦੀਪ ਠਾਕੁਰ, ਜੈ ਗੋਪਾਲ, ਸੰਦੀਪ ਮੋਨੂੰ ਅਤੇ ਕਪਿਲ ਵਰਮਾ ਆਦਿ ਮੌਜੂਦ ਸਨ।



## ਜਾਅਲੀ ਕਰੰਸੀ ਸਮੇਤ 2 ਗ੍ਰਿਫਤਾਰ



**ਆਦਮਪੁਰ, (ਪਰਮਜੀਤ ਸਿੰਘ)**-ਥਾਣਾ ਆਦਮਪੁਰ ਪੁਲਸ ਵੱਲੋਂ ਜਾਅਲੀ ਕਰੰਸੀ ਦਾ ਕੰਮ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਥਾਣਾ ਮੁਖੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਆਦਮਪੁਰ ਰੋਡ ਪਿੰਡ ਮਦਾਰਾ ਰੋਡ ਉੱਤੇ ਹਾਜ਼ਰ ਸੀ, ਮੁਖਬਰ ਦੀ ਇਤਲਾਹ 'ਤੇ ਵਰੁਣ ਵਾਲੀਆ ਉਰਫ ਪੁੱਤਰ ਸਤਪਾਲ ਵਾਲੀਆ ਵਾਸੀ ਨਿਊ ਆਬਾਦੀ ਨੇੜੇ ਦੁਸਹਿਰਾ ਗਰਾਊਂਡ ਹੁਸ਼ਿਆਰਪੁਰ ਜੋ ਬਾਹਰੋਂ ਜਾਅਲੀ ਕਰੰਸੀ ਮੰਗਵਾ ਕੇ ਪੂਰੇ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ 'ਚ ਵੱਡੇ ਪੱਧਰ ਤੇ ਕਾਰੋਬਾਰ ਕਰਦਾ ਹੈ, ਐਕਟਿਵਾ ਸਕੂਟਰੀ ਪੀ ਬੀ 07 ਬੀ, ਆਰ 2298 ਸਵਾਰ ਹੋ ਕੇ ਜਾਅਲੀ ਕਰੰਸੀ ਜਲੰਧਰ ਸ਼ਹਿਰ ਵੱਲ ਜਾ ਰਿਹਾ ਨੂੰ ਪੁਲਸ ਨੇ ਰੋਕ ਉਸ ਦੀ ਤਲਾਸ਼ੀ ਕੀਤੀ ਉਸ ਪਾਸੋਂ ਵੱਡੀ ਮਾਤਰਾ 'ਚ 2 ਹਾਜ਼ਰ ਦੇ 38 ਨੋਟ ਰਾਸ਼ੀ 76000 ਰੁਪਏ ਦੀ ਜਾਅਲੀ ਕਰੰਸੀ ਬਰਾਮਦ ਹੋਈ ਉਪਰੋਕਤ ਮੁਲਜ਼ਮ ਗ੍ਰਿਫਤਾਰ ਕੀਤਾ। ਮੁੱਢਲੀ ਪੁੱਛਗਿੱਛ ਦੌਰਾਨ ਉਪਰੋਕਤ ਮੁਲਜਮ ਨੇ ਆਪਣੇ ਇਕ ਸਾਥੀ ਰਾਹੁਲ ਪੁੱਤਰ ਧਰਮ ਚੰਦ ਹੁਸ਼ਿਆਰਪੁਰ ਹੁਣ ਨਕਲੀ ਕਰੰਸੀ ਸਮੇਤ ਕਾਬੂ ਕਰਵਾਇਆ ਆਇਆ ਆਦਮਪੁਰ ਵੱਲੋਂ ਦੋਵੇਂ ਮੁਲਜਮਾਂ ਖਿਲਾਫ ਵਕਤ ਪੁਰਾਣਾ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਤਿੰਨ ਨੌਜਵਾਨਾਂ ਨੂੰ ਹੰਝੂਆਂ ਭਰੀਆਂ ਸ਼ਰਧਾਂਜਲੀਆਂ


ਸ਼ੋਕ ਸਮਾਗਮ 'ਚ ਸ਼ਰਧਾਂਜਲੀ ਭੇਟ ਕਰਦੇ ਹੋਏ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ।

**ਸ਼ਾਹਕੋਟ (ਗਿਆਨ ਸੈਦਪੁਰੀ)** ਨੇੜਲੇ ਪਿੰਡ ਨੰਗਲ ਅੰਬੀਆਂ ਵਿੱਚ ਹੋਏ ਸਾਂਝੇ ਸੋਕ ਸਮਾਗਮ ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਤਿੰਨ ਨੌਜਵਾਨਾਂ ਨੂੰ ਹੰਝੂਆਂ ਭਰੀਆਂ ਸਰਧਾਂਜਲੀਆਂ ਭੇਟ ਕੀਤੀਆਂ। ਨੰਗਲ ਅੰਬੀਆਂ ਦੇ ਵਿਨੇ ਕੁਮਾਰ ਪੁੱਤਰ ਅਸ਼ੋਕ ਕੁਮਾਰ, ਬਲਜੀਤ ਕੁਮਾਰ ਪੁੱਤਰ ਮਲਕੀਤ ਰਾਮ ਥਾਪਰ ਅਤੇ ਪ੍ਰਭਦੀਪ ਪੁੱਤਰ ਗੁਰਪ੍ਰੀਤ ਲਾਲ ਦੀ ਇੱਕ ਦਰਦਨਾਕ ਸੜਕੀ ਹਾਦਸੇ 'ਚ ਮੌਤ ਹੋ ਗਈ ਸੀ। ਤਿੰਨਾਂ ਦੀ ਉਮਰ 20 ਤੋਂ 22 ਸਾਲ ਦੇ ਵਿਚਕਾਰ ਸੀ। ਸ਼ਨੀਵਾਰ ਨੂੰ ਤਿੰਨਾਂ ਨੌਜਵਾਨਾਂ ਦੇ ਪ੍ਰਵਾਰਾਂ ਨੇ ਪਹਿਲਾਂ ਆਪੋ ਆਪਣੇ ਘਰਾਂ 'ਚ ਧਾਰਮਿਕ ਰਸਮਾਂ ਕੀਤੀਆਂ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਬੇਹੱਦ ਗਮਗੀਨ ਮਾਹੌਲ ਵਿੱਚ ਸਾਂਝਾ ਸਰਧਾਂਜਲੀ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿੱਚ ਸੈਂਕੜੇ ਲੋਕਾਂ ਨੇ ਸ਼ਮੂਲੀਅਤ ਕੀਤੀ। ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ 'ਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਆਪ ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾ, ਸੀ. ਪੀ. ਆਈ ਦੇ ਆਗੂ ਕਾਮਰੇਡ ਚਰਨਜੀਤ ਸਿੰਘ ਥੰਮੂਵਾਲ ਅਤੇ ਡਾ ਬੀ. ਆਰ. ਅੰਬੇਡਕਰ ਆਰਮੀ ਦੇ ਸੂਬਾ ਪ੍ਰਧਾਨ ਵੀਰ ਕੁਲਵੰਤ ਸਿੰਘ ਢੰਡੋਵਾਲ ਸ਼ਾਮਲ ਹਨ। ਸਟੇਜ ਸਕੱਤਰ ਦੇ ਫਰਜ ਐਸ ਜੀ ਪੀ ਸੀ ਦੇ ਮੈਂਬਰ ਜਥੇਦਾਰ ਬਲਦੇਵ ਸਿੰਘ ਕਲਿਆਨ ਨੇ ਨਿਭਾਏ। ਪਿੰਡ ਦੇ ਸਰਪੰਚ ਸੁਖਦੇਵ ਰਾਜ ਗਿੱਲ ਨੇ ਸ਼ੋਕ ਸਮਾਗਮ 'ਚ ਸ਼ਾਮਲ ਹੋਏ ਸਭ ਲੋਕਾਂ ਦਾ ਧੰਨਵਾਦ ਕੀਤਾ।

## ਜਮਹੂਰੀ ਕਿਸਾਨ ਸਭਾ ਦੀ ਮੀਟਿੰਗ 'ਚ ਕਿਸਾਨੀ ਮਸਲਿਆਂ 'ਤੇ ਚਰਚਾ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਜਮਹੂਰੀ ਕਿਸਾਨ ਸਭਾ ਦੀ ਇਕ ਮੀਟਿੰਗ ਧਰਨੇ ਵਾਲੇ ਸਥਾਨ ਸਬ-ਤਹਿਸੀਲ ਦਫਤਰ ਨੂਰਪੁਰਬੇਦੀ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਜੇਤੇਵਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ 'ਚ ਕਿਸਾਨੀ ਮਸਲਿਆਂ ਸੰਬੰਧੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਜਮਹੂਰੀ ਕਿਸਾਨ ਸਭਾ ਦੇ ਆਗੂ ਸਮੁੱਚੇ ਪਿੰਡਾਂ 'ਚ ਫਸਲਾਂ ਦੇ ਖਰਾਬੇ ਦੀ ਨਿਗਰਾਨੀ ਰੱਖਣਗੇ, ਮੰਡੀਆਂ 'ਚ ਕਣਕ ਦੀ ਖਰੀਦ ਸਮੇਂ ਖਰੀਦ ਏਜੰਸੀਆਂ ਵੱਲੋਂ ਕਿਸੇ ਵੀ ਕਿਸਮ ਦੀ ਵਧੀਕੀ ਲਾਗੂ ਨਹੀਂ ਹੋਣ ਦਿੱਤੀ ਜਾਵੇਗੀ, ਕਣਕ ਅਤੇ ਝੋਨੇ ਦੇ ਖਰਾਬੇ ਦੇ ਪੈਸੇ ਕਿਸਾਨਾਂ ਦੇ ਖਾਤਿਆਂ 'ਚ ਪੁਆਏ ਜਾਣਗੇ, ਝੋਨੇ ਦੇ ਸੁਧਾਈ ਬੀਜ ਖੇਤੀਬਾੜੀ ਵਿਭਾਗ ਕਿਸਾਨਾਂ ਨੂੰ ਖੁੱਦ ਸਪਲਾਈ ਕਰੇ ਅਤੇ ਵਿਭਾਗ ਪ੍ਰਾਈਵੇਟ ਵਿਕਰੇਤਾਵਾਂ ਨੂੰ ਵੀ ਆਪਣੀ ਨਿਗਰਾਨੀ ਹੇਠ ਰੱਖੇ ਜਦਕਿ ਸਾਲ 2023 ਦੀ ਫਸਲ ਲਈ ਖਾਦਾਂ ਦਾ ਪ੍ਰਬੰਧ ਲੋੜ ਅਨੁਸਾਰ ਪਹਿਲਾਂ ਹੀ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਇਸ ਵਾਰ ਪ੍ਰਾਈਵੇਟ ਖਾਦ ਵਿਕਰੇਤਾਵਾਂ ਵਲੋਂ ਕਿਸਾਨਾਂ ਨੂੰ ਬੇਲੋੜੇ ਉਤਪਾਦ ਜੋਰ ਨਾਲ ਵੇਚਣ ਦਾ ਵੀ ਵਿਰੋਧ ਕੀਤਾ ਜਾਵੇਗਾ। ਇਸ ਦੌਰਾਨ ਫੈਸਲਾ ਲਿਆ ਗਿਆ ਕਿ ਜਥੇਬੰਦੀ ਵੱਲੋਂ ਨੂਰਪੁਰਬੇਦੀ ਦੀਆਂ ਮੰਗਾਂ ਨੂੰ ਲੈ ਕੇ ਆਰੰਭਿਆ ਸੰਘਰਸ਼ ਫਸਲ ਦੀ ਕਟਾਈ ਤੋਂ ਬਾਅਦ ਲਗਾਤਾਰ ਜਾਰੀ ਰੱਖਿਆ ਜਾਵੇਗਾ।

ਮੀਟਿੰਗ 'ਚ ਮੋਹਣ ਸਿੰਘ ਧਮਾਣਾ, ਵੇਦ ਪ੍ਰਕਾਸ਼ ਸ਼ਰਮਾ, ਦਲਜੀਤ ਸਿੰਘ ਰਾਏਪੁਰ ਨੇ ਵੀ ਵਿਚਾਰਾਂ ਦੀ ਸਾਂਝ ਪਾਈ। ਬੈਠਕ 'ਚ ਬਲਵੀਰ ਝਿੰਜੜੀ, ਦਰਸ਼ਨ ਬੜਵਾ, ਕਿਰਪਾਲ ਭੱਟੋਂ, ਛੋਟੂ ਰਾਮ ਜੱਟਪੁਰ, ਬਲਵੀਰ ਸਿੰਘ, ਅਵਤਾਰ ਸਿੰਘ ਸਰਪੰਚ, ਰਾਮ ਸਿੰਘ ਮਾਜਰਾ, ਜਗਤਾਰ ਸਿੰਘ, ਸੋਹਣ ਸਿੰਘ ਕੰਧੋਲਾ, ਯੋਗਰਾਜ ਧਾਦਲੀ, ਕਰਮ ਚੰਦ ਤੇ ਮਹਿੰਦ ਸਿੰਘ ਆਦਿ ਹਾਜ਼ਰ ਸਨ।

## ਐੱਸ ਡੀ ਐੱਮ ਨੇ ਬਿਨਾਂ ਕਾਗਜ਼ਾਤ ਦੇ 6 ਟਿੱਪਰ ਥਾਣੇ ਅੰਦਰ ਕੀਤੇ ਬੰਦ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਊਧਮਪੁਰ ਅਤੇ ਜਿਲ੍ਹਾ ਸਰਪ੍ਰਸਤ ਪ੍ਰਗਟ ਸਿੰਘ ਰੋਲੂਮਾਜਰਾ ਨੇ ਦੱਸਿਆ ਕਿ ਜਦੋਂ ਤੋਂ ਇਲਾਕੇ 'ਚ ਹਾਈਵੇਅ ਦਾ ਨਿਰਮਾਣ ਦਾ ਕਾਰਜ ਸ਼ੁਰੂ ਹੋਇਆ ਹੈ ਉਦੋਂ ਤੋਂ ਹੀ ਰੇਤ, ਬਜਰੀ ਅਤੇ ਮਿੱਟੀ ਦੇ ਭਰੇ ਟਿੱਪਰ ਦਾਨਾ ਮੰਡੀ 'ਚੋਂ ਦੀ ਹੀ ਗੁਜਰਦੇ ਹਨ। ਇਨ੍ਹਾਂ ਭਾਰੀ ਭਰਕਮ ਟਿੱਪਰਾਂ ਕਾਰਨ ਮੰਡੀ ਦੀਆਂ ਸੜਕਾਂ ਅਤੇ ਫੜ ਦਾ ਨੁਕਸਾਨ ਹੋ ਰਿਹਾ ਹੈ। ਜਦਕਿ ਹੁਣ ਕਣਕ ਦਾ ਸੀਜਨ ਵੀ ਸ਼ੁਰੂ ਹੋ ਗਿਆ ਹੈ। ਉਪਰੋਕਤ ਯੂਨੀਅਨ ਨੇ ਇਨ੍ਹਾਂ ਟਿੱਪਰਾਂ ਨੂੰ ਕਾਬੂ ਕਰਕੇ ਉਕਤ ਅਧਿਕਾਰੀ ਦੇ ਨੋਟਿਸ 'ਚ ਲਿਆਂਦਾ ਜਿਨ੍ਹਾਂ ਤੁਰੰਤ ਮੌਕੇ 'ਤੇ ਪੁੱਜ ਕੇ ਜਦੋਂ ਇਨ੍ਹਾਂ ਦੇ ਕਾਗਜਾਤ ਮੰਗੇ ਤਾਂ ਚਾਲਕ ਕਿਸੇ ਵੀ ਟਿੱਪਰ ਦਾ ਕੋਈ ਕਾਗਜਾਤ ਨਾ ਵਿਖਾ ਸਕੇ ਜਿਨ੍ਹਾਂ ਦੇ ਚਲਾਨ ਕਰਕੇ ਸ੍ਰੀ ਚਮਕੌਰ ਸਾਹਿਬ ਥਾਣੇ ਵਿਚ ਬੰਦ ਕਰ ਦਿੱਤਾ ਗਿਆ। ਇਸ ਮੌਕੇ ਗੁਰਮੀਤ ਸਿੰਘ ਢਿੱਲੋਂ, ਮਲਕੀਤ ਸਿੰਘ ਭੋਜੇਮਾਜਰਾ, ਅਮਰੀਕ ਸਿੰਘ ਸੈਦਪੁਰ, ਜਸਵੀਰ ਸਿੰਘ ਸੈਦਪੁਰ, ਸ਼ੇਰ ਸਿੰਘ ਡਹਿਰ, ਅਮਰੀਕ ਸਿੰਘ ਅਮਰਾਲੀ, ਭਿੰਦਰ ਸਿੰਘ ਢਿੱਲੋਂ, ਰਾਮ ਪਾਲ ਸਿੰਘ ਡਹਿਰ, ਹਰਚੰਦ ਸਿੰਘ ਕਜੌਲੀ, ਬਹਾਦਰ ਸਿੰਘ ਅਤੇ ਸੱਜਣ ਸਿੰਘ ਕਲਾਰਾਂ ਆਦਿ ਆਗੂ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਹਲਕਾ ਨਕੋਦਰ ਦੀ ਚੋਣਾਂ ਦੇ ਸੰਬੰਧ 'ਚ ਵਡਾਲਾ ਦੀ ਅਗਵਾਈ ਹੇਠ ਮੀਟਿੰਗ



**ਕਾਲਾ ਸੰਘਿਆਂ (ਮਨਜੀਤ ਮਾਨ)** ਸ਼੍ਰੋਮਣੀ ਅਕਾਲੀ ਦਲ ਦੀ ਵਿਧਾਨ ਸਭਾ ਹਲਕਾ ਨਕੋਦਰ ਵਿਖੇ ਇਲੈਕਸ਼ਨ ਸੰਬੰਧੀ ਇਕ ਭਰਵੀਂ ਮੀਟਿੰਗ ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਹਲਕਾ ਵਿਧਾਇਕ ਨਕੋਦਰ, ਜਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ) ਦੀ ਅਗਵਾਈ ਹੇਠ ਹੋਈ ਜਿਸ 'ਚ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਆਏ ਹੋਏ ਐਮ ਐਲ ਏ ਸਹਿਬਾਨ ਅਤੇ ਹਲਕਾ ਇੰਚਾਰਜ ਵੀ ਆਏ ਅਤੇ ਇਸ ਮੀਟਿੰਗ ਵਿਚ ਵੱਖ-ਵੱਖ ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਵੱਖ-ਵੱਖ ਪਿੰਡਾਂ ਵਿੱਚ ਡਿਊਟੀਆਂ ਲਗਾਈਆਂ ਗਈਆਂ ਅਤੇ ਵੱਖ-ਵੱਖ ਬੁਲਾਰਿਆਂ ਵੱਲੋਂ ਇਹ ਵਿਚਾਰ ਦਿੱਤੇ ਗਏ ਕਿ ਮੌਜੂਦਾ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਲੋਕ ਹਿੱਤਾਂ ਦੇ ਕੰਮ ਕਰਨ ਤੋਂ ਮੁਨਕਰ ਰਹੀ ਹੈ। ਪੰਜਾਬ ਦੇ ਲੋਕਾਂ 'ਚ ਮਾਯੂਸੀ ਹੈ ਕੇ ਉਨ੍ਹਾਂ ਕੋਲੋਂ ਬਹੁਤ ਵੱਡੀ ਗਲਤੀ ਹੋਈ ਹੈ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਸਰਕਾਰ ਬਣਾਈ ਸੀ। ਪਰ ਹੁਣ ਲੋਕ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ। ਇਸ ਮੀਟਿੰਗ 'ਚ ਵਿਸ਼ੇਸ਼ ਕਰਕੇ ਇਕਬਾਲ ਸਿੰਘ ਝੂੰਦਾ (ਸਾਬਕਾ ਐਮ ਐਲ ਏ), ਸਿਕੰਦਰ ਸਿੰਘ ਮਲੂਕਾ (ਸਾਬਕਾ ਐਮ ਐਲ ਏ, ਸਾਬਕਾ ਮੰਤਰੀ), ਗੋਬਿੰਦ ਸਿੰਘ ਲੌਂਗੋਵਾਲ (ਸਾਬਕਾ ਪ੍ਰਧਾਨ ਸ਼੍ਰੋਮਣੀ ਪ੍ਰਬੰਧਕ ਕਮੇਟੀ), ਅਤੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਤੋਂ ਆਏ ਹੋਏ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ, ਭੁੱਚੋ ਮੰਡੀ, ਰਾਮਪੁਰਾ ਫੂਲ, ਸੰਗਰੂਰ, ਮੌੜ ਮੰਡੀ, ਰਾਏਕੋਟ, ਬਠਿੰਡਾ ਸਹਿਰੀ, ਬਰਨਾਲਾ, ਲਹਿਰਾ, ਧੂਰੀ, ਦਿੜਬਾ, ਸਰਦੂਲਗੜ੍ਹ, ਮਹਿਲ ਕਲਾਂ, ਮਲੇਰਕੋਟਲਾ, ਸੁਨਾਮ, ਬੁਢਲਾਡਾ ਅਤੇ ਹੋਰ ਵੀ ਹਲਕਿਆਂ ਤੋਂ ਲੀਡਰ ਸਹਿਬਾਨ ਹਾਜ਼ਰ ਸਨ।

## ਰਾਹੁਲ ਚੌਧਰੀ ਨੇ ਰਾਈਫਲ ਸ਼ੂਟਿੰਗ 'ਚ ਜਿੱਤਿਆ ਸੋਨ ਤਮਗਾ



**ਜਲੰਧਰ, (ਇਕਬਾਲ ਸਿੰਘ ਉਭੀ)**:- ਦੇਸ਼ ਦਾ ਸਨਮਾਨ ਵਧਾਉਣ ਅਤੇ ਓਲੰਪਿਕ 'ਚ ਦੇਸ਼ ਲਈ ਗੋਲਡ ਮੈਡਲ ਜਿੱਤਣਾ ਮੇਰਾ ਸੁਪਨਾ ਹੈ, ਇਹ ਸ਼ਬਦ ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਲਾਅ ਕਾਲਜ ਦੇ ਵਿਦਿਆਰਥੀ ਰਾਹੁਲ ਚੌਧਰੀ ਨੇ ਆਲ ਇੰਡੀਆ ਵਿੱਚ ਗੋਲਡ ਮੈਡਲ ਜਿੱਤਣ ਤੋਂ ਬਾਅਦ ਕਹੇ। ਗਰੁੱਪ ਚੇਅਰਮੈਨ ਅਨਿਲ ਚੋਪੜਾ, ਕਾਲਜ ਡਾਇਰੈਕਟਰ ਡਾ. ਐਸ ਸੀ ਸ਼ਰਮਾ ਨੇ ਮਾਣ ਨਾਲ ਦੱਸਿਆ ਕਿ ਮੇਰਠ ਵਿਖੇ ਕਰਵਾਏ ਗਏ ਆਲ ਇੰਡੀਆ ਇੰਟਰ ਯੂਨੀਵਰਸਿਟੀ ਰਾਈਫਲ ਮੁਕਾਬਲੇ ਵਿਚ ਸੰਸਥਾ ਦੇ ਐਲ ਐਲ ਬੀ ਪਹਿਲੇ ਸਾਲ ਦੇ ਵਿਦਿਆਰਥੀ ਰਾਹੁਲ ਚੌਧਰੀ ਨੇ ਗੋਲਡ ਮੈਡਲ ਪ੍ਰਾਪਤ ਕਰਕੇ ਸੰਸਥਾ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਕਾਲਜ ਦੇ ਡਾਇਰੈਕਟਰ ਡਾ. ਸ਼ਰਮਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੀਏਪੀ ਕੰਪਲੈਕਸ ਵਿਖੇ ਕਰਵਾਏ ਗਏ ਇੰਟਰ ਕਾਲਜ ਰਾਈਫਲ ਸ਼ੂਟਿੰਗ ਮੁਕਾਬਲੇ 10 ਮੀਟਰ ਰਾਈਫਲ ਸ਼ੂਟਿੰਗ ਵਿੱਚ ਰਾਹੁਲ ਚੌਧਰੀ ਨੇ ਪਹਿਲਾ ਸਥਾਨ ਹਾਸਲ ਕੀਤਾ ਸੀ ਅਤੇ ਹੁਣ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਇਸ ਮੁਕਾਬਲੇ ਵਿੱਚ ਭਾਗ ਲਿਆ ਸੀ। ਜਾਣਕਾਰੀ ਦਿੰਦੇ ਹੋਏ ਰਾਹੁਲ ਨੇ ਦੱਸਿਆ ਕਿ ਉਹ ਪਿਛਲੇ 4 ਸਾਲਾਂ ਤੋਂ ਰਾਈਫਲ ਸ਼ੂਟਿੰਗ ਦਾ ਅਭਿਆਸ ਕਰ ਰਿਹਾ ਹੈ ਅਤੇ ਹੁਣ ਉਹ ਖੇਡੋ ਇੰਡੀਆ ਅਤੇ ਓਲੰਪਿਕ 2024 ਲਈ ਸਖਤ ਮਿਹਨਤ ਕਰ ਰਿਹਾ ਹੈ। ਚੇਅਰਮੈਨ ਚੋਪੜਾ ਨੇ ਵਿਦਿਆਰਥੀ ਰਾਹੁਲ ਦੇ ਪਿਤਾ ਬੀਐਸ ਚੌਧਰੀ, ਮਾਤਾ ਰਾਖੀ ਚੌਧਰੀ, ਕੋਚ ਦੀਪਕ ਦੂਬੇ (ਭਾਰਤੀ ਸ਼ੂਟਿੰਗ ਟੀਮ ਦੇ ਕੋਚ) ਨੂੰ ਵਧਾਈ ਦਿੱਤੀ। ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਮਾਣ ਨਾਲ ਕਿਹਾ ਕਿ ਲਾਅ ਕਾਲਜ ਦੇ ਬਹੁਤ ਸਾਰੇ ਵਿਦਿਆਰਥੀ ਜੱਜ, ਆਈ ਪੀ ਐਸ, ਆਈ ਏ ਐਸ, ਵਧੀਆ ਵਕੀਲ ਬਣ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ, ਉਥੇ ਨਾਲ ਹੀ ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ ਵਿੱਚ ਵੀ ਆਪਣਾ ਨਾਮ ਕਮਾ ਰਹੇ ਹਨ।

## ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ 'ਲਰਨ ਐਂਡ ਅਰਨ' ਫੈਸਟ ਕਰਵਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਕਾਮਰਸ ਵਿਭਾਗ ਦੇ ਮੁਖੀ ਡਾ. ਸੁਚੇਤਾ ਰਾਣੀ ਦੀ ਨਿਗਰਾਨੀ ਹੇਠ 'ਲਰਨ ਐਂਡ ਅਰਨ' ਫੈਸਟ ਕਰਵਾਇਆ ਗਿਆ। ਜਿਸ ਵਿੱਚ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਜਿਵੇਂ ਬਿਜ਼ਨੈਸ ਟਾਇਕੂਨ, ਕੋਰੀਓਗ੍ਰਾਫੀ ਐਂਡ ਮੈਡ ਸ਼ੋਅ, ਪੇਟਿੰਗ, ਰੈਂਪ ਵਾਕ ਆਦਿ ਵਿੱਚ ਭਾਗ ਲਿਆ। ਬਿਜ਼ਨੈਸ ਟਾਇਕੂਨ ਮੁਕਾਬਲੇ ਵਿੱਚ ਦਯਾ ਕ੍ਰਿਤੀ, ਮ੍ਰੀਧੁਲ ਬੰਸਲ, ਰੀਆ, ਕੋਰਿਓਗ੍ਰਾਫੀ ਵਿੱਚ ਬੀ.ਕਾਮ ਭਾਗ ਪਹਿਲਾ, 10+2 ਕਾਮਰਸ, ਬੀ.ਕਾਮ ਭਾਗ ਦੂਜਾ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਪੇਂਟਿੰਗ ਮੁਕਾਬਲੇ ਵਿੱਚ ਕੁਲਦੀਪ, ਦਯਾ ਕ੍ਰਿਤੀ, ਸਿਮਰਨਜੀਤ, ਰੈਂਪ ਵਾਕ ਵਿੱਚ ਦਯਾ ਕ੍ਰਿਤੀ, ਦਿਵਾਂਸ਼ੀ, ਕਰਮਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਸਟਾਲ ਲਗਾਏ ਗਏ। ਜਿਨ੍ਹਾਂ ਵਿੱਚੋਂ ਦੀਯਾ, ਦਇਆ ਕ੍ਰਿਤੀ, ਨਵਦੀਪ, ਦੀਵਾਂਸ਼ੀ ਅਤੇ ਅਨਮੋਲ ਵੱਲੋਂ ਲਗਾਏ ਗਏ ਸਟਾਲ ਨੂੰ ਪ੍ਰੋਫਿਟੇਬਲ ਸਟਾਲ ਘੋਸ਼ਿਤ ਕੀਤਾ ਗਿਆ। ਇਸ ਫੈਸਟ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਆ ਦੇ ਮਾਧਿਅਮ ਦੁਆਰਾ ਵਿਵਹਾਰਕ ਜਾਣਕਾਰੀ ਦਿੰਦੇ ਹੋਏ ਭਵਿੱਖ ਵਿੱਚ ਆਤਮ ਨਿਰਭਰ ਅਤੇ ਆਰਥਿਕ ਪੱਖੋਂ ਮਜ਼ਬੂਤ ਕਰਨਾ ਰਿਹਾ।

ਇਸ ਮੌਕੇ ਕਾਮਰਸ ਵਿਭਾਗ ਦੇ ਮੁੱਖੀ ਡਾ.ਸੁਚੇਤਾ ਰਾਣੀ ਕਿਹਾ ਕਿ ਅਜਿਹੀਆਂ ਸਿਰਜਣਾਤਮਕ ਗਤੀਵਿਧੀਆਂ ਵਿਦਿਆਰਥੀਆਂ ਨੂੰ ਆਤਮ ਨਿਰਭਰ ਬਣਾਉਣ ਦੇ ਨਾਲ-ਨਾਲ ਆਰਥਿਕ ਪੱਖੋਂ ਵੀ ਮਜਬੂਤ ਕਰਨ ਦਾ ਅਹਿਮ ਵਸੀਲਾ ਬਣਦੀਆਂ ਹਨ।ਅੰਤ ਵਿਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਦਾਣਾ ਮੰਡੀਆਂ 'ਚ ਨਾ ਸਫਾਈ ਨਾ ਬਿਜਲੀ ਨਾ ਪੀਣ ਯੋਗ ਪਾਣੀ ਦਾ ਪ੍ਰਬੰਧ



**ਅਲਾਵਲਪੁਰ ( ਮਦਨ ਬੰਗੜ)** ਮਾਰਕੀਟ ਕਮੇਟੀ ਆਦਮਪੁਰ ਅਧੀਨ ਆਉਂਦੀਆਂ ਦਾਣਾ ਮੰਡੀਆਂ ਅਲਾਵਲਪੁਰ ਅਤੇ ਸਿਕੰਦਰਪੁਰ ਵਿੱਚ ਕਿਸੇ ਵੇਲੇ ਵੀ ਕਣਕ ਦੀ ਆਮਦ ਸ਼ੁਰੂ ਹੋ ਸਕਦੀ ਹੈ ਬੇਸ਼ੱਕ ਸਰਕਾਰ ਵੱਲੋਂ ਪਹਿਲੀ ਅਪ੍ਰੈਲ ਤੋਂ ਕਣਕ ਦੀ ਖਰੀਦ ਕਰਨ ਦੇ ਸੰਬੰਧੀ ਪ੍ਰਬੰਧ ਸੰਪੂਰਨ ਕੀਤੇ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ ਬਾਵਜੂਦ ਇਸ ਦੇ ਦਾਣਾ ਮੰਡੀ ਅਲਾਵਲਪੁਰ ਅਤੇ ਸਿਕੰਦਰਪੁਰ 'ਚ ਅਜੇ ਤੱਕ ਨਾ ਸਫਾਈ ਦਾ ਪ੍ਰਬੰਧ ਕੀਤਾ ਗਿਆ ਹੈ ਨਾ ਬਿਜਲੀ ਪ੍ਰਬੰਧ ਹਨ ਨਾ ਪੀਣ ਯੋਗ ਪਾਣੀ ਅਤੇ ਬਾਥਰੂਮਾਂ ਦੀ ਹਾਲਤ ਵੀ ਤਰਸਯੋਗ ਹੈ ਦਾਣਾ ਮੰਡੀ ਅਲਾਵਲਪੁਰ ਵਿੱਚ ਕੋਈ ਛਾਂ ਦਾ ਪ੍ਰਬੰਧ ਨਹੀਂ ਹੈ ਇੱਥੋਂ ਤੱਕ ਕਿ ਦਾਣਾ ਮੰਡੀ ਅਲਾਵਲਪੁਰ 'ਚ ਮਾਰਕੀਟ ਕਮੇਟੀ ਦਾ ਆਪਣਾ ਕੋਈ ਸਥਾਈ ਤੌਰ 'ਤੇ ਦਫਤਰ ਵੀ ਨਹੀਂ ਹੈ ਜਿਸ ਕਮਰੇ ਵਿੱਚ ਦਫਤਰ ਚਲਦਾ ਹੈ ਉਹ ਦਫਤਰ ਘੱਟ ਕਬਾੜਖਾਨਾ ਜਿਆਦਾ ਦਿਖਾਈ ਦਿੰਦਾ ਹੈ।

ਇਸ ਸੰਬੰਧੀ ਜਦੋਂ ਮਾਰਕੀਟ ਕਮੇਟੀ ਆਦਮਪੁਰ ਦੇ ਸੈਕਟਰੀ ਜਸਵਿੰਦਰ ਸਿੰਘ ਰਿਆੜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀ ਆਦਮਪੁਰ ਦੇ ਅਧੀਨ ਆਉਂਦੀਆਂ ਮੰਡੀਆਂ ਵਿੱਚ ਆਉਣ ਵਾਲੇ ਦੋ ਤਿੰਨ ਦਿਨਾਂ 'ਚ ਦਾਣਾ ਮੰਡੀ 'ਚ ਕਣਕ ਆਉਣ ਤੋਂ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣਗੇ। ਇਸ ਸੰਬੰਧੀ ਉਹ ਜਲਦ ਹੀ ਪਹਿਲ ਕਦਮੀ ਕਰਨਗੇ।

## ਪੰਜਾਬ ਦਾ ਸ਼ਾਂਤ ਮਾਹੌਲ ਖਰਾਬ ਕਰਨ ਵਾਲਿਆਂ ਦਾ ਸ਼ਿਵ ਸੈਨਾ ਡਟ ਕੇ ਕਰੇਗੀ ਵਿਰੋਧ : ਮਿੱਕੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪਹਿਲਾ ਅੱਤਵਾਦ ਦੌਰਾਨ ਪੰਜਾਬ ਦਾ ਮਾਹੌਲ ਖਰਾਬ ਹੋਇਆ ਸੀ ਅਤੇ ਪੰਜਾਬ ਵਾਸੀਆਂ ਨੇ ਇਸ ਦੇ ਸਿੱਟੇ ਵਜੋਂ ਜਿਹੜਾ ਸੰਤਾਪ ਭੋਗਿਆ ਸੀ ਉਸਦੇ ਜ਼ਖਮ ਅਜੇ ਤੱਕ ਸੁੱਕੇ ਵੀ ਨਹੀਂ ਹਨ ਕਿ ਮੁੜ ਵਿਦੇਸ਼ੀ ਤਾਕਤਾਂ ਦੇ ਹੱਥੇ ਚੜ੍ਹ ਕੇ ਕੁਝ ਸ਼ਰਾਰਤੀ ਅਨਸਰ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਹਰ ਸੰਭਵ ਯਤਨ ਕਰ ਰਹੇ ਹਨ, ਜਿਸਨੂੰ ਸ਼ਿਵ ਸੈਨਾ ਪੰਜਾਬ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗੀ ਅਤੇ ਸ਼ਿਵ ਸੈਨਾ ਵੱਲੋਂ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਟਾਂਡਾ ਵਿਖੇ ਸ਼ਿਵ ਸੈਨਾ ਪੰਜਾਬ ਦੇ ਦੋਆਬਾ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਹੋਈ ਹੰਗਾਮੀ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਨੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜਿਲ੍ਹਾ ਪ੍ਰਧਾਨ ਸ਼ਿਵਮ ਵੈਦ, ਜਿਲ੍ਹਾ ਚੇਅਰਮੈਨ ਵਿਕਾਸ ਜਸਰਾ, ਟੋਨੀ ਗਿੱਲ ਰੜਾ ਅਤੇ ਜਿਲ੍ਹਾ ਉਪ ਪ੍ਰਧਾਨ ਆਕਾਸ਼ ਰਾਣਾ ਸਨ। ਮੀਟਿੰਗ ਵਿੱਚ ਸ਼ਾਮਲ ਸ਼ਿਵ ਸੈਨਾ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਮਿੱਕੀ ਪੰਡਿਤ ਨੇ ਕਿਹਾ ਕਿ ਸ਼ਿਵ ਸੈਨਾ ਹਮੇਸ਼ਾ ਅੱਤਵਾਦ ਦਾ ਵਿਰੋਧ ਕਰਦੀ ਆ ਰਹੀ ਹੈ ਅਤੇ ਵਿਦੇਸ਼ਾਂ ਤੋਂ ਪੈਸੇ ਲੈ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਉਣ ਲਈ ਵਾਰ-ਵਾਰ ਪੰਜਾਬ ਸਰਕਾਰ ਨੂੰ ਅਪੀਲਾਂ ਕਰਦੀ ਆਈ ਹੈ, ਪਰ ਨਾ ਜਾਣੇ ਕਿਸ ਮਜਬੂਰੀ 'ਚ ਪਹਿਲੀ ਸਰਕਾਰਾਂ ਨੇ ਇਨ੍ਹਾਂ ਤੇ ਕਾਨੂੰਨੀ ਸ਼ਿਕੰਜਾ ਨਹੀਂ ਕੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਮਾਨ ਸਰਕਾਰ ਤੋਂ ਪੰਜਾਬ ਦੇ ਵਿਕਾਸ ਤੇ ਅਮਨ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਲਈ ਬੜੀਆਂ ਆਸਾਂ ਉਮੀਦਾਂ ਹਨ ਅਤੇ ਇੰਨਾਂ ਸਰਾਰਤੀ ਅਨਸਰਾਂ ਤੇ ਨਕੇਲ ਪਾਉਣ ਲਈ ਸ਼ਿਵ ਸੈਨਾ ਪੰਜਾਬ ਦਾ ਹਰ ਵਰਕਰ ਤੇ ਪੰਜਾਬ ਦਾ ਹਰ ਨਾਗਰਿਕ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਵੇਗਾ। ਇਸ ਮੌਕੇ ਜਿੰਦਰ ਬਨਿਆਲ, ਵਿਵੇਕ ਵਿਜਨ, ਸੁਧਾਂਸੂ ਮਲਹੋਤਰਾ, ਗਗਨ ਪਰੋਜ, ਹਰਜੀਤ ਸਿੰਘ, ਸੁਭਮ ਮਲਹੋਤਰਾ, ਜੋਬਨ ਅਤੇ ਹੋਰ ਸ਼ਿਵ ਸੈਨਿਕ ਹਾਜ਼ਰ ਸਨ ।

## ਕਾਂਗਰਸ ਪਾਰਟੀ ਖੁਦ ਦੇਸ਼ ਵਿਰੋਧੀ ਤਾਕਤਾਂ ਦੇ ਖਿਲਾਫ : ਢਿੱਲੋਂ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਭਾਜਪਾ ਵੱਲੋਂ ਵਿਰੋਧੀ ਧਿਰ ਦੇ ਚਿਹਰੇ ਰਾਹੁਲ ਗਾਂਧੀ ਨੂੰ ਜਾਣ-ਬੁਝ ਕੇ ਨਿਸ਼ਾਨਾ ਬਣਾਉਣਾ ਦੇਸ਼ ਦੀ ਸਿਆਸਤ ਲਈ ਇਕ ਗਲਤ ਸੰਦੇਸ਼ ਹੈ। ਸਜਾ ਦੇ ਐਲਾਨ ਤੋਂ ਕੁਝ ਘੰਟਿਆਂ ਬਾਅਦ ਹੀ ਲੋਕ ਸਭਾ ਸਕੱਤਰੇਤ ਵੱਲੋਂ ਉਨ੍ਹਾਂ ਦੀ ਲੋਕ ਸਭਾ ਮੈਂਬਰਸ਼ਿਪ ਖਿਲਾਫ਼ ਆਰੰਭੀ ਗਈ ਕਾਰਵਾਈ ਇਸ ਦੀ ਪ੍ਰਤੱਖ ਉਦਾਹਰਨ ਹੈ। ਉਕਤ ਵਿਚਾਰ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨੇ ਬਲਾਕ ਕਾਂਗਰਸ ਕਮੇਟੀ ਨੂਰਪੁਰਬੇਦੀ ਦੇ ਪ੍ਰਧਾਨ ਅਵਤਾਰ ਚੌਧਰੀ ਦੀ ਅਗਵਾਈ ਹੇਠ ਪਾਰਟੀ ਪ੍ਰੋਗਰਾਮ ਤਹਿਤ ਰਾਹੁਲ ਗਾਂਧੀ ਦੇ ਮਾਮਲੇ ਨੂੰ ਲੈ ਕੇ ਭਾਜਪਾ ਦੇ ਵਿਰੋਧ 'ਚ ਉਲੀਕੇ ਪ੍ਰੋਗਰਾਮ ਦੌਰਾਨ ਸੰਬੋਧਨ ਕਰਦਿਆਂ ਪ੍ਰਗਟਾਏ। ਢਿੱਲੋਂ ਨੇ ਆਖਿਆ ਕਿ ਕਾਂਗਰਸ ਪਾਰਟੀ ਖੁੱਦ ਦੇਸ਼ ਵਿਰੋਧੀ ਤਾਕਤਾਂ ਦੇ ਖਿਲਾਫ ਹੈ। ਮਗਰ ਭਾਜਪਾ ਇਸ ਸਿਆਸੀ ਬਦਲਾਖੋਰੀ ਤਹਿਤ ਵਿਰੋਧੀ ਧਿਰਾਂ ਨੂੰ ਚੁੱਪ ਕਰਵਾਉਣ ਲਈ ਅਜਿਹੇ ਹੱਥਕੰਡੇ ਆਪਣਾ ਰਹੀ ਹੈ ਜਿਸ ਨੂੰ ਲੈ ਕੇ ਕਾਂਗਰਸ ਪਾਰਟੀ ਭਾਜਪਾ ਦਾ ਵਿਰੋਧ ਕਰਨ ਤੋਂ ਹਰਗਿਜ਼ ਪਿੱਛੇ ਨਹੀਂ ਰਹੇਗੀ। ਇਸ ਤੋਂ ਉਪਰੰਤ ਪ੍ਰੈੱਸ ਕਾਨਫਰੰਸ ਦੌਰਾਨ ਬੋਲਦਿਆਂ ਢਿੱਲੋਂ ਨੇ ਆਖਿਆ ਕਿ ਰਾਹੁਲ ਗਾਂਧੀ ਵੱਲੋਂ ਪਾਰਲੀਮੈਂਟ 'ਚ ਗੌਤਮ ਅਡਾਨੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਬੰਧਾਂ ਨੂੰ ਲੈ ਕੇ ਉਠਾਏ ਗਏ ਸਵਾਲਾਂ ਕਾਰਨ ਬੁਖਲਾਈ ਭਾਜਪਾ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਕੇਂਦਰੀ ਏਜੰਸੀਆਂ ਅਤੇ ਸੰਵਿਧਾਨਕ ਸੰਸਥਾਵਾਂ ਦਾ ਗਲਤ ਇਸਤੇਮਾਲ ਕਰ ਰਹੀ ਹੈ। ਇਸ ਮੌਕੇ ਹਾਜ਼ਰ ਹੋਏ ਬਲਾਕ ਕਾਂਗਰਸ ਪ੍ਰਧਾਨ ਅਵਤਾਰ ਚੌਧਰੀ ਨੇ ਵੀ ਪਾਰਟੀ ਵਰਕਰਾਂ ਨੂੰ ਸੰਬੋਧਨ ਕੀਤਾ ਅਤੇ ਪਾਰਟੀ ਲੀਡਰਸ਼ਿਪ ਵੱਲੋਂ ਉਲੀਕੇ ਹਰ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਵਰਕਰਾਂ ਨੂੰ ਉਤਸ਼ਾਹਿਤ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਅਵਤਾਰ ਚੌਧਰੀ, ਜਸਵੀਰ ਸਸਕੌਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਡਾ. ਦੇਸਰਾਜ ਅਬਿਆਣਾ, ਸੰਮਤੀ ਮੈਂਬਰ ਪ੍ਰੀਤਮ ਸਿੰਘ ਮਵਾ, ਵਿਜੇ ਕੁਮਾਰ ਪਿੰਕਾ, ਕਮਲਜੀਤ ਚਨੌਲੀ, ਮੋਹਨ ਜਟਵਾਹੜ, ਡਾ. ਹੇਮਰਾਜ, ਸ਼ਿੰਗਾਰਾ ਸਿੰਘ ਲਸਾੜੀ, ਮਨੋਹਰ ਲਾਲ ਰਾਣਾ, ਜੀਤ ਸੈਣੀ ਅਬਿਆਣਾ, ਹੇਮਰਾਜ ਲਸਾੜੀ, ਕਾਕਾ ਚੌਂਤਾ, ਹਰਦੀਪ ਚੰਦ ਦਹੀਰਪੁਰ ਤੇ ਕਰਨ ਬੁਥਗੜ ਸਹਿਤ ਭਾਰੀ ਸੰਖਿਆ 'ਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

10-APRIL-PAGE-10.qxd 4/9/2023 9:21 PM Page 1



# ਪੰਜਾਬ ਦੀ ਜ਼ਰਖ਼ੇਜ਼ ਮਿੱਟੀ 'ਚੋਂ ਜਨਮੀ ਗ਼ਜ਼ਲ : ਸਰਦਾਰ ਪੰਛੀ

**ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਗ਼ਜ਼ਲ ਵਰਕਸ਼ਾਪ**



**ਲੁਧਿਆਣਾ (ਭਾਟੀਆ, ਕਥੂਰੀਆ)**-ਪੰਜਾਬੀ ਗ਼ਜ਼ਲ ਪੰਜਾਬ ਦੀ ਜ਼ਰਖ਼ੇਜ਼ ਮਿੱਟੀ 'ਚੋਂ ਜਨਮੀ ਹੈ। ਇਸ ਨੇ ਦੁਨੀਆ ਭਰ ਦੀ ਗ਼ਜ਼ਲ ਨੂੰ ਨਵੇਂ ਵਿਸ਼ੇ, ਨਵੇਂ ਮਸਲਿਆਂ ਨਾਲ ਮੁਖ਼ਾਤਿਬ ਕਰਵਾਇਆ ਹੈ। ਇਸ ਦੇ ਨਾਲ ਪੰਜਾਬੀ ਗ਼ਜ਼ਲ ਦਾ ਰੁਤਬਾ ਦੁਨੀਆ ਦੀ ਹਰ ਭਾਸ਼ਾ ਦੀ ਸ਼ਾਇਰੀ ਵਿੱਚ ਵਧਿਆ ਹੈ। ਇਹ ਵਿਚਾਰ ਉੱਘੇ ਪੰਜਾਬੀ ਤੇ ਉਰਦੂ ਸ਼ਾਇਰ ਸਰਦਾਰ ਪੰਛੀ ਨੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਵਿਖੇ ਕਰਵਾਈ ਗ਼ਜ਼ਲ ਵਰਕਸ਼ਾਪ ਦੌਰਾਨ ਪ੍ਰਧਾਨਗੀ ਕਰਦਿਆਂ ਆਖੇ। ਉਨ੍ਹਾ ਕਿਹਾ ਕਿ ਪੰਜਾਬੀ ਗ਼ਜ਼ਲ ਭਾਰਤੀ ਗ਼ਜ਼ਲ ਤੋਂ ਬਹੁਤ ਅੱਗੇ ਜਾ ਰਹੀ ਹੈ। ਗ਼ਜ਼ਲ ਵਰਕਸ਼ਾਪ ਦੇ ਵਿਸ਼ਾ ਮਾਹਰ ਉਸਤਾਦ ਗ਼ਜ਼ਲਗੋ ਸ੍ਰੀ ਗੁਰਦਿਆਲ ਰੌਸ਼ਨ ਨੇ ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਦੱਸਦਿਆਂ ਕਿਹਾ ਕਿ ਸ਼ਾਇਰੀ ਖ਼ਾਸ ਕਰ ਗ਼ਜ਼ਲ ਉਹੀ ਸਫ਼ਲ ਮੰਨੀ ਜਾ ਸਕਦੀ ਹੈ, ਜੋ ਲੋਕਾਂ ਦੀ ਬੋਲੀ ਵਿੱਚ ਲੋਕਾਂ ਲਈ ਹੋਵੇ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਇਹ ਗ਼ਜ਼ਲ ਵਰਕਸ਼ਾਪ ਗ਼ਜ਼ਲ ਦੀ ਬਿਹਤਰੀ ਲਈ ਸਾਰਥਕ ਯਤਨ ਹੈ। ਇਹ ਯਤਨ ਜਾਰੀ ਰਹਿਣੇ ਚਾਹੀਦੇ ਹਨ। ਉਸਤਾਦ ਗ਼ਜ਼ਲਗੋ ਵਿਸ਼ਾ ਮਾਹਰ ਸ੍ਰੀ ਸੁਲੱਖਣ ਸਰਹੱਦੀ ਨੇ ਗ਼ਜ਼ਲ ਦੇ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਗ਼ਜ਼ਲ ਦੀ ਤਕਨੀਕ ਪੱਖ ਪੰਜਾਬੀ ਲਹਿਜ਼ੇ ਵਿੱਚ ਸਿਰਜਣ ਦੀ ਜ਼ਰੂਰਤ ਹੈ ਤੇ ਅਰੂਜ਼ੀ ਕਿਤਾਬਾਂ ਵਿੱਚੋਂ ਜੋ ਫਾਲਤੂ ਹੈ, ਉਸ ਨੂੰ ਕੱਢ ਦੇਣਾ ਚਾਹੀਦਾ ਹੈ। ਪੰਜਾਬੀ ਗ਼ਜ਼ਲ ਨੂੰ ਲੋਕਗੀਤਾਂ ਦੀ ਪੇਂਦ ਕਰਨ ਵਾਸਤੇ ਇਸ ਦੇ ਛੰਦ ਬਹਿਰ ਸੌਖੇ ਕਰਨੇ ਚਾਹੀਦੇ ਹਨ। ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਦਮੀ ਦਾ ਇਹ ਵੱਡਾ ਉਪਰਾਲਾ ਹੈ, ਜਿਸ ਵਿੱਚ ਗ਼ਜ਼ਲ ਦੇ ਉਸਤਾਦਾਂ ਤੇ ਗ਼ਜ਼ਲ ਸਿੱਖਣ ਦੇ ਚਾਹਵਾਨਾਂ ਨੂੰ ਇਕੱਠੇ ਬਿਠਾਇਆ ਹੈ। ਇਸ ਨਾਲ ਪੰਜਾਬੀ ਗ਼ਜ਼ਲ ਆਪਣੇ ਨਵੇਂ ਦਿਸਹੱਦਿਆਂ ਵੱਲ ਵਧਣ ਦੇ ਰਾਹ ਪੈ ਗਈ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਗ਼ਜ਼ਲ ਵਰਕਸ਼ਾਪ ਵਿੱਚ ਪਹੁੰਚੇ ਉਸਤਾਦਾਂ ਤੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਐਲਾਨ ਕੀਤਾ ਕਿ ਇਸ ਲੜੀ ਨੂੰ ਅੱਗੇ ਤੋਰਦਿਆਂ ਇਸੇ ਸਾਲ ਦੌਰਾਨ ਪੰਜਾਬੀ ਦੇ ਗ਼ਜ਼ਲ ਉਸਤਾਦਾਂ ਦੀ ਇੱਕ ਪੈਨਲ ਚਰਚਾ ਕਰਵਾਈ ਜਾਵੇਗੀ। ਗ਼ਜ਼ਲ ਵਰਕਸ਼ਾਪ ਦੇ ਕਨਵੀਨਰ ਤ੍ਰੈਲੋਚਨ ਲੋਚੀ ਨੇ ਬਾਖ਼ੂਬੀ ਮੰਚ ਸੰਚਾਲਨ ਕਰਦਿਆਂ ਉਸਤਾਦਾਂ ਤੇ ਸ਼ਾਇਰਾਂ ਵਿਚਾਲੇ ਪੁਲ ਦਾ ਕੰਮ ਕੀਤਾ। ਗ਼ਜ਼ਲ ਵਰਕਸ਼ਾਪ ਮੌਕੇ ਮਨਜਿੰਦਰ ਧਨੋਆ, ਤ੍ਰੈਲੋਚਨ ਲੋਚੀ, ਤਰਸੇਮ ਨੂਰ, ਸਤਨਾਮ ਸਿੰਘ ਕੋਮਲ, ਦੀਪ ਜਗਦੀਪ ਸਿੰਘ, ਰਾਜਦੀਪ ਤੂਰ, ਹਰਸਿਮਰਨ ਕੌਰ, ਅੰਬਰਦੀਪ, ਬਲਰਾਜ ਸਿੰਘ, ਨੀਲੂ ਬੱਗਾ, ਪਰਮਿੰਦਰ ਅਲਬੇਲਾ ਨੇ ਆਪਣੀਆਂ ਗ਼ਜ਼ਲਾਂ ਸਾਂਝੀਆਂ ਕਰਕੇ ਉਨ੍ਹਾਂ ਦੇ ਤਕਨੀਕੀ ਨੁਕਤਿਆਂ ਬਾਰੇ ਉਸਤਾਦ ਸ਼ਾਇਰਾਂ ਦੀ ਰਾਇ ਹਾਸਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਗੁਰਚਰਨ ਕੌਰ ਕੋਚਰ, ਕੇ. ਸਾਧੂ ਸਿੰਘ, ਜਨਮੇਜਾ ਸਿੰਘ ਜੌਹਲ, ਸ੍ਰੀਮਤੀ ਇੰਦਰਜੀਤਪਾਲ ਕੌਰ, ਬਲਵਿੰਦਰ ਔਲਖ ਗਲੈਕਸੀ, ਅਮਰਜੀਤ ਸ਼ੇਰਪੁਰੀ, ਭੁਪਿੰਦਰ ਸਿੰਘ ਚੌਕੀਮਾਨ, ਸੁਰਿੰਦਰ ਦੀਪ, ਰਜਿੰਦਰ ਰਾਜਨ, ਸੁਰਜੀਤ ਸਿੰਘ ਲਾਂਬੜਾ, ਹਰਦਿਆਲ ਪਰਵਾਨਾ, ਕਮਲੇਸ਼, ਕਮਲਜੀਤ ਕੰਵਰ, ਬਲਕਾਰ ਸਿੰਘ ਸਮਰਾਲਾ, ਸੀਮਾ, ਵਰਿੰਦਰ ਸਿੰਘ ਔਲਖ, ਸੁਰਜੀਤ ਸਿੰਘ ਜੀਤ, ਸੁਰੇਸ਼ ਮਲਿਕ ਨੰਗਲ, ਤਰਨਜੀਤ ਕੌਰ ਗਰੇਵਾਲ, ਰਘਬੀਰ ਸਿੰਘ ਸੰਧੂ ਸਮੇਤ ਕਾਫ਼ੀ ਗਿਣਤੀ 'ਚ ਸ਼ਾਇਰ ਹਾਜ਼ਰ ਸਨ।

# ਪੰਜਵੀਂ 'ਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਦਿੱਤੀ ਵਧਾਈ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਜਮਾਤ ਦੀ ਸਾਲਾਨਾ ਪ੍ਰਾਇਮਰੀ ਪ੍ਰੀਖਿਆ ਦਾ ਨਤੀਜਾ ਜਾਰੀ ਕੀਤਾ ਗਿਆ, ਜਿਸ ਵਿੱਚ ਪੂਰੇ ਪੰਜਾਬ ਭਰ ਵਿੱਚੋਂ ਜ਼ਿਲ੍ਹਾ ਮਾਨਸਾ ਦੀਆਂ ਦੋ ਲੜਕੀਆਂ ਜਸਪ੍ਰੀਤ ਕੌਰ ਤੇ ਨਵਦੀਪ ਕੌਰ ਨੇ 500 ਵਿੱਚੋਂ 500 ਅੰਕਾਂ ਨਾਲ 100 ਫੀਸਦੀ ਪ੍ਰਤੀਸ਼ਤ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕੀਤਾ ਤੇ ਆਪਣੇ ਜ਼ਿਲ੍ਹੇ ਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਬੋਲਦਿਆਂ ਡਾ. ਦਰਸ਼ਨ ਸਿੰਘ ਧਾਲੀਵਾਲ ਮਾਨਸਾ, ਗੁਰਧਿਆਨ ਸਿੰਘ ਕਟਾਰੀਆਂ, ਗੁਰਮੇਲ ਸਿੰਘ ਬੋੜ੍ਹਾਵਾਲ ਨੇ ਦੋਨਾਂ ਵਿਦਿਆਰਥਣਾਂ ਨੂੰ ਜ਼ਿਲ੍ਹੇ ਵਿੱਚੋਂ ਸ਼ਾਨਦਾਰ ਨਤੀਜਾ ਹਾਸਲ ਕਰਨ 'ਤੇ ਮੁਬਾਰਕਬਾਦ ਦਿੱਤੀ ਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਵਿਦਿਆਰਥਣਾਂ ਨੇ ਮੈਰਿਟ ਸੂਚੀ 'ਚ ਨਾਮ ਦਰਜ ਕਰਵਾ ਕੇ ਬੈਵਰਡ ਦੇ ਧੱਬੇ ਨੂੰ ਖਤਮ ਕੀਤਾ ਹੈ ਅਤੇ 10ਵੀਂ ਤੇ 12ਵੀਂ ਕਲਾਸਾਂ ਦੇ ਪਿਛਲੇ ਨਤੀਜਿਆਂ ਦੀ ਤਰ੍ਹਾਂ ਪੰਜਵੀਂ 'ਚੋਂ ਵੀ ਦਿਖਾ ਦਿੱਤਾ ਹੈ ਕਿ ਜ਼ਿਲ੍ਹੇ ਅੰਦਰ ਪੜ੍ਹਾਈ ਪੱਖੋਂ ਅਸੀਂ ਪਿੱਛੇ ਨਹੀਂ ਹਾਂ। ਉਨ੍ਹਾਂ ਕਿਹਾ ਕਿ ਇਹ ਦੋਵੇਂ ਵਿਦਿਆਰਥਣਾ ਅਤਿ ਲੋੜਵੰਦ ਤੇ ਗਰੀਬ ਪਰਿਵਾਰਾਂ ਵਿੱਚੋਂ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਵਿਦਿਆਰਥਣਾਂ ਦੀ ਅਗਲੇਰੀ ਪੜ੍ਹਾਈ ਦਾ ਖਰਚਾ ਬਿਲਕੁੱਲ ਮੁਆਫ ਕੀਤਾ ਜਾਵੇ ਤੇ ਇਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਜੋ ਇਹ ਵਿਦਿਆਰਥਣਾਂ ਵਧੀਆ ਪੜ੍ਹਾਈ ਹਾਸਲ ਕਰਕੇ ਕਿਸੇ ਚੰਗੇ ਮੁਕਾਮ ਤੇ ਪਹੁੰਚ ਸਕਣ।

# ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਤੇ ਬਿਜਲੀ ਸਬਸਿਡੀ ਦੇ ਕੇ ਵੀ ਸਰਕਾਰ ਵਿੱਤੀ ਮੁਨਾਫ਼ੇ ਵੱਲ : ਸੰਧਵਾਂ



ਮਹਾਰਾਜਾ ਰਣਜੀਤ ਸਿੰਘ ਲਾਇਬ੍ਰੇਰੀ ਦਾ ਉਦਘਾਟਨ ਕਰਦੇ ਹੋਏ ਸਪੀਕਰ ਕੁਲਤਾਰ ਸਿੰਘ ਸੰਧਵਾਂ।

**ਮੋਗਾ (ਅਮਰਜੀਤ ਬੱਬਰੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਇੱਕ ਸਾਲ ਦੇ ਅਰਸੇ 'ਚ ਪੰਜਾਬ ਦੇ ਵਿੱਤੀ ਹਾਲਾਤ 'ਚ ਬੇਮਿਸਾਲ ਸੁਧਾਰ ਕਰ ਦਿੱਤਾ ਹੈ। ਸੂਬੇ ਦੇ ਬੇਰੋਜ਼ਗਾਰਾਂ ਨੂੰ ਹਜ਼ਾਰਾਂ ਸਰਕਾਰੀ ਨੌਕਰੀਆਂ ਪ੍ਰਦਾਨ ਕਰਵਾ ਕੇ, ਬਿਜਲੀ ਉੱਪਰ ਭਾਰੀ ਸਬਸਿਡੀ ਆਮ ਲੋਕਾਂ ਨੂੰ ਮੁਹੱਈਆ ਕਰਵਾ ਕੇ ਅਤੇ ਕਈ ਹੋਰ ਲੋਕ ਪੱਖੀ ਫੈਸਲੇ ਲੈ ਕੇ ਵੀ ਪੰਜਾਬ ਸਰਕਾਰ ਦਾ ਬਜਟ ਲਾਭ ਵਿੱਚ ਚੱਲ ਰਿਹਾ ਹੈ। ਇਹ ਸਭ ਕੁਝ ਇਮਾਨਦਾਰ, ਮਿਹਨਤੀ ਅਤੇ ਭ੍ਰਿਸ਼ਟਾਚਾਰ ਮੁਕਤ ਆਮ ਆਦਮੀ ਪਾਰਟੀ ਦੇ ਯਤਨਾਂ ਸਦਕਾ ਸੰਭਵ ਹੋਇਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੀਤਾ। ਉਹ ਅੱਜ ਨਿਹਾਲ ਸਿੰਘ ਵਾਲਾ ਦੇ ਪਿੰਡ ਰਣਸੀਂਹ ਕਲਾਂ ਵਿਖੇ ਪਹੁੰਚੇ ਸਨ। ਇੱਥੇ ਉਨ੍ਹਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਲਾਇਬ੍ਰੇਰੀ ਦਾ ਉਦਘਾਟਨ ਕੀਤਾ। ਉਨ੍ਹਾ ਨਾਲ ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ ਵੀ ਹਾਜ਼ਰ ਸਨ। ਗ੍ਰਾਮ ਪੰਚਾਇਤ ਰਣਸੀਂਹ ਕਲਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਸਦਕਾ ਲੱਖਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਇਸ ਅਤਿ ਆਧੁਨਿਕ ਲਾਇਬ੍ਰੇਰੀ ਦੇ ਉਦਘਾਟਨ ਮੌਕੇ ਸੰਧਵਾਂ ਨੇ ਦੱਸਿਆ ਕਿ ਅਜਿਹੀਆਂ ਲਾਇਬ੍ਰੇਰੀਆਂ ਹਰ ਪਿੰਡ 'ਚ ਸਥਾਪਤ ਹੋਣੀਆਂ ਚਾਹੀਦੀਆਂ ਹਨ। ਜਿਥੇ ਪਿੰਡ ਵਾਸੀਆਂ, ਔਰਤਾਂ, ਬਜ਼ੁਰਗਾਂ ਅਤੇ ਵਿਦਿਆਰਥੀਆਂ ਨੂੰ ਵਧੀਆ ਪੜ੍ਹਨਯੋਗ ਅਤੇ ਸਹੀ ਸੇਧ ਦੇਣ ਵਾਲੀ ਸਮੱਗਰੀ ਮਿਲ ਸਕੇ। ਸੰਧਵਾਂ ਨੇ ਲਾਇਬ੍ਰੇਰੀ 'ਚ ਹੋਰ ਵਧੀਆ ਕਿਤਾਬਾਂ ਰਖਵਾਉਣ ਲਈ ਪੰਚਾਇਤ ਨੂੰ 2 ਲੱਖ 11 ਹਜ਼ਾਰ ਰੁਪਏ ਦੀ ਗ੍ਰਾਂਟ ਜਲਦੀ ਦੇਣ ਨੂੰ ਮਨਜ਼ੂਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਬੋਰਡ ਮੋਗਾ ਦੇ ਚੇਅਰਮੈਨ ਹਰਮਨਜੀਤ ਸਿੰਘ ਬਰਾੜ, ਜਥੇਦਾਰ ਬੂਟਾ ਸਿੰਘ ਰਣਸੀਂਹ ਕਲਾਂ, ਮੌਜੂਦਾ ਸਰਪੰਚ ਕੁਲਦੀਪ ਕੌਰ, ਪ੍ਰੀਤਇੰਦਰਪਾਲ ਸਿੰਘ ਮਿੰਟੂ ਸਾਬਕਾ ਸਰਪੰਚ, ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਜਗਦੀਪ ਸਿੰਘ ਗਟਰਾ, ਟਰੱਕ ਯੂਨੀਅਨ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਮਨਦੀਪ ਸਿੰਘ ਮਾਣੂੰਕੇ ਆਦਿ ਹਾਜ਼ਰ ਸਨ।

## ਕਾਤਰਾਂ

### ਠੁੱਲ੍ਹੀਵਾਲ 'ਚ ਖ਼ੂਨਦਾਨ ਕੈਂਪ 14 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਖਰੀ ਦਮ ਤੱਕ ਲੋਕ ਪੱਖੀ ਲਹਿਰਾਂ, ਸਮਾਜ ਸੇਵੀ ਕਾਰਜਾਂ ਨੂੰ ਸਮਰਪਤ ਰਹੇ ਸਰੀਰਦਾਨੀ ਬਾਪੂ ਮੱਲ ਸਿੰਘ ਮਹਿਲ ਕਲਾਂ ਦੀ ਯਾਦ ਨੂੰ ਸਮਰਪਤ 18ਵਾਂ ਵਿਸ਼ਾਲ ਖ਼ੂਨਦਾਨ ਕੈਂਪ 14 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਯਾਦਗਾਰੀ ਟਰੱਸਟ, ਪ੍ਰੈੱਸ ਕਲੱਬ ਮਹਿਲ ਕਲਾਂ ਵੱਲੋਂ ਗੁਰਦੁਆਰਾ ਕਮੇਟੀ ਜੰਡਸਰ ਸਾਹਿਬ, ਨਗਰ ਪੰਚਾਇਤਾਂ, ਯੂਥ ਕਲੱਬਾਂ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਜੰਡਸਰ ਸਾਹਿਬ ਠੁੱਲ੍ਹੀਵਾਲ (ਬਰਨਾਲਾ) ਵਿਖੇ ਲਗਾਇਆ ਜਾ ਰਿਹਾ ਹੈ। ਕੈਂਪ ਦਾ ਉਦਘਾਟਨ ਡੀ ਐੱਸ ਪੀ ਮਹਿਲ ਕਲਾਂ ਗਮਦੂਰ ਸਿੰਘ ਚਹਿਲ ਕਰਨਗੇ। ਪ੍ਰਬੰਧਕਾਂ ਅਵਤਾਰ ਸਿੰਘ ਅਣਖੀ, ਪ੍ਰਧਨ ਬਲਵਿੰਦਰ ਸਿੰਘ ਵਜੀਦਕੇ, ਬਲਜਿੰਦਰ ਸਿੰਘ ਢਿੱਲੋਂ, ਸੋਨੀ ਮਾਂਗੇਵਾਲ, ਰਮਨਦੀਪ ਸਿੰਘ ਧਾਲੀਵਾਲ ਅਨੁਸਾਰ ਇਸ ਮੌਕੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਦੀ ਟੀਮ ਵਿਸ਼ੇਸ਼ ਤੌਰ 'ਤੇ ਸਮੂਲੀਅਤ ਕਰੇਗੀ। ਵੱਖ ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਨਾਮਵਰ ਸ਼ਖ਼ਸੀਅਤਾਂ, ਖ਼ੂਨਦਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

### ਥਾਣਾ ਮੁਖੀ ਇਕਬਾਲ ਹੁਸੈਨ ਵੱਲੋਂ ਪੱਤਰਕਾਰਾਂ ਨਾਲ ਵਿਸ਼ੇਸ਼ ਮੀਟਿੰਗ



**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸ਼ਹਿਰ ਦੇ ਥਾਣਾ ਮੁਖੀ ਇਕਬਾਲ ਹਸੈਨ ਇੰਸਪੈਕਟਰ ਵੱਲੋਂ ਏਥੇ ਜੁਆਇਨ ਕਰਨ ਉਪਰੰਤ ਪੱਤਰਕਾਰਾਂ ਦੀ ਇੱਕ ਅਹਿਮ ਮੀਟਿੰਗ ਬੁਲਾਈ ਗਈ ਜਿਸ 'ਚ ਸਥਾਨਕ ਸ਼ਹਿਰ ਦੇ ਸਮੂਹ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ ਵੱਲੋਂ ਹਾਜ਼ਰੀ ਲਵਾਈ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾ ਦੱਸਿਆ ਕਿ ਸ਼ਹਿਰ ਦੀ ਟ੍ਰੈਫ਼ਿਕ ਸਮੱਸਿਆ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਉਹ ਸਾਰੇ ਦੁਕਾਨਦਾਰਾਂ ਦੇ ਮਿਲਵਰਤਣ ਨਾਲ ਇਸ ਮਸਲੇ ਨੂੰ ਪਹਿਲ ਦੇ ਅਧਾਰ 'ਤੇ ਨਜਿੱਠਣ ਦੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾ ਕਿਹਾ ਕਿ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਸਮੇਂ ਕਿਸੇ ਦੀ ਵੀ ਸਿਫਾਰਸ਼ ਨਹੀਂ ਸੁਣੀ ਜਾਵੇਗੀ। ਉਨ੍ਹਾ ਸਮੁੱਚੇ ਮੀਡੀਆ ਨੂੰ ਸਹਿਯੋਗ ਕਰਨ ਲਈ ਅਪੀਲ ਕੀਤੀ। ਇਸ ਸਮੇਂ ਮੀਡੀਆ ਵੱਲੋਂ ਭਰੋਸਾ ਦਿੱਤਾ ਗਿਆ ਕਿ ਜਿਥੇ ਕੋਈ ਵੀ ਸਮਾਜਕ ਵਿਰੋਧਤਾ ਨਹੀਂ ਹੋਵੇਗੀ ਸਾਡੇ ਵੱਲੋਂ ਸਾਥ ਦਿੱਤਾ ਜਾਵੇਗਾ ਪਰੰਤੂ ਪੱਤਰਕਾਰਤਾ ਦੇ ਸਿਧਾਂਤਾਂ 'ਤੇ ਡਟ ਕੇ ਪਹਿਰਾ ਦਿੱਤਾ ਜਾਵੇਗਾ।

### ਇੰਗਲਿਸ਼ ਸਟੂਡੀਓ ਨੇ ਆਸਟ੍ਰੇਲੀਆ ਦਾ ਲਵਾਇਆ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਅਨਦੀਪ ਕੌਰ ਪੁੱਤਰੀ ਬਲਜਿੰਦਰ ਸਿੰਘ ਵਾਸੀ ਰੋਡੇ ਮੋਗਾ ਦਾ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਸੱਤ ਸਾਲ ਦੇ ਗੈਪ ਹੁੰਦੇ ਹੋਏ 25% ਵਜ਼ੀਫੇ ਨਾਲ ਸੈਂਟਰਲ ਕੌਂਵੀਨਸਲੈਂਡ ਯੂਨੀਵਰਸਿਟੀ ਆਸਟਰੇਲੀਆ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਮੀਟਿੰਗ

**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**-ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਮੀਟਿੰਗ ਸ੍ਰੀ ਜਗਦੀਸ਼ ਸਿੰਘ ਬਰਨਾਲਾ ਪ੍ਰਧਾਨ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਸਬ ਕਮੇਟੀ ਪਸ਼ੂ ਪਾਲਣ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਦਰਜਾਚਾਰ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਵਿਚਾਰ ਕੀਤਾ ਗਏ ਕਿ ਪੰਜਾਬ ਸਰਕਾਰ ਵੱਲੋਂ ਤੇ ਪਸ਼ੂ ਪਾਲਣ ਵਿਭਾਗ ਵੱਲੋਂ ਦਰਜਾਚਾਰ ਕਰਮਚਾਰੀਆਂ ਦਾ ਫੀਲਡ ਦਾ ਕੋਈ ਪ੍ਰਮੋਸ਼ਨ ਚੈਨਲ ਨਹੀਂ ਦਿੱਤਾ ਜਾ ਰਿਹਾ। ਇਸ ਤਰ੍ਹਾਂ ਕੱਚੇ ਕਰਮਚਾਰੀਆਂ ਨੂੰ ਰੈਗੂਲਰ ਵਰਕ ਦੀ ਵੀ ਮੰਗ ਰੱਖੀ ਗਈ, ਜਿਸ ਨੂੰ ਸਰਕਾਰ ਵੱਲੋਂ ਟਾਲ ਮਟੋਲ ਕੀਤਾ ਜਾ ਰਿਹਾ ਹੈ। ਮੀਟਿੰਗ ਸਬੰਧੀ ਸਾਂਝਾ ਬਿਆਨ ਜਾਰੀ ਕਰਦਿਆਂ ਸ੍ਰੀ ਗੌਤਮ ਭਾਰਦਵਾਜ ਲਚਕਾਨੀ ਸੀਨੀਅਰ ਮੀਤ ਪ੍ਰਧਾਨ, ਸ੍ਰੀ ਬਸੰਤ ਸਿੰਘ ਜਨਰਲ ਸਕੱਤਰ, ਇਕਬਾਲ ਸਿੰਘ ਮੀਤ ਪ੍ਰਧਾਨ, ਗੁਰਮੇਲ ਸਿੰਘ ਮੀਤ ਪ੍ਰਧਾਨ, ਗੁਰਦੀਪ ਸਿੰਘ ਸਹਾਇਕ ਖਜ਼ਾਨਚੀ, ਅਮੋਲਕ ਸਿੰਘ ਦਫਤਰ ਸਕੱਤਰ, ਗੁਰਤੇਜ ਸਿੰਘ ਵਿੱਤ ਸਕੱਤਰ, ਗੁਰਬਚਨ ਸਿੰਘ ਲੱਧੜ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਤੇ ਮੀਤ ਪ੍ਰਧਾਨ ਮਨਜੀਤ ਸਿੰਘ ਲੁਧਿਆਣਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਯੂਨੀਅਨ ਵੱਲੋਂ ਜਲਦੀ ਹੀ ਸਖ਼ਤ ਐਕਸ਼ਨ ਉਲੀਕਣ ਦਾ ਪ੍ਰੋਗਰਾਮ ਬਣਾਇਆ ਜਾਵੇਗਾ। ਇਸ ਲਈ ਸਾਡੀ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ ਕਿ ਸਾਡੀਆਂ ਮੰਗਾਂ ਵੱਲ ਧਿਆਨ ਦਿੱਤਾ ਜਾਵੇ।

# ਨੇਕੀ ਫਾਊਂਡੇਸ਼ਨ ਤੇ ਸਤੌਜ ਕਲੱਬ ਨੇ ਲਾਇਆ ਅੱਖਾਂ ਦਾ ਕੈਂਪ



**ਬੁਢਲਾਡਾ (ਅਸ਼ੋਕ ਲਾਕੜਾ)**-ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਸਤੌਜ਼ ਐਲੀਫੈਂਟਸ ਸਪੋਰਟਸ ਕਲੱਬ ਨਾਲ ਮਿਲ ਕੇ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਬੁਢਲਾਡਾ ਦੀ ਚਿਲਡਰਨ ਮੈਮੋਰੀਅਲ ਪੰਚਾਇਤੀ ਧਰਮਸ਼ਾਲਾ ਵਿਖੇ ਲਗਾਇਆ ਗਿਆ, ਜਿੱਥੇ ਸ਼ੰਕਰਾ ਅੱਖਾਂ ਦਾ ਹਸਪਤਾਲ ਲੁਧਿਆਣਾ ਦੀ ਟੀਮ ਡਾਕਟਰ ਸੁਮੱਇਆ ਦੀ ਅਗਵਾਈ ਵਿੱਚ ਮਰੀਜ਼ਾਂ ਦੇ ਚੈੱਕਅੱਪ ਲਈ ਪਹੁੰਚੀ। ਹਸਪਤਾਲ ਦੇ ਗੁਰਪਵਿੱਤਰ ਸਿੰਘ ਨੇ ਦੱਸਿਆ ਕਿ ਕੈਂਪ ਵਿੱਚ 400 ਮਰੀਜ਼ਾਂ ਨੂੰ ਚੈੱਕ ਕੀਤਾ ਗਿਆ, ਜਿਸ ਵਿੱਚੋਂ 70 ਮਰੀਜ਼ਾਂ ਦੀ ਚੋਣ ਅਪ੍ਰੇਸ਼ਨ ਲਈ ਕੀਤੀ ਗਈ। ਨੇਕੀ ਫਾਊਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ 35 ਮਰੀਜ਼ਾਂ ਨੂੰ ਮੁਫ਼ਤ ਅਪ੍ਰੇਸ਼ਨ ਲਈ ਲੁਧਿਆਣਾ ਭੇਜਿਆ ਗਿਆ ਤੇ 35 ਮਰੀਜ਼ਾਂ ਨੂੰ ਐਤਵਾਰ ਨੂੰ ਭੇਜਿਆ ਜਾਵੇਗਾ। ਸਥਾਨਕ ਅਰੋੜਾ ਅਪਟੀਕਲਜ਼ ਵੱਲੋਂ ਸਾਰੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਸ਼ੰਕਰਾ ਹਸਪਤਾਲ ਤੋਂ ਯੂਨਿਟ ਹੈੱਡ ਰਵਿੰਦਰ ਪਾਲ ਚਾਵਲਾ ਤੇ ਅਮ੍ਰਿਤ ਸਿੰਘ ਵਿਸ਼ੇਸ਼ ਤੌਰ 'ਤੇ ਕੈਂਪ ਦੀ ਨਿਗਰਾਨੀ ਲਈ ਪਹੁੰਚੇ। ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਮਾਨਸਾ ਰਘਵੀਰ ਸਿੰਘ ਮਾਨ ਨੇ ਕਿਹਾ ਕਿ ਕਿਸੇ ਨੂੰ ਅੱਖਾਂ ਦੀ ਰੌਸ਼ਨੀ ਦੇਣਾ ਤੇ ਇਹ ਦੁਨੀਆ ਦੇਖਣ ਦਾ ਮੌਕਾ ਦੇਣਾ ਬਹੁਤ ਸ਼ਲਾਘਾਯੋਗ ਤੇ ਉੱਤਮ ਕਾਰਜ ਹੈ, ਜੋ ਸੰਸਥਾਵਾਂ ਵੱਲੋਂ ਕੀਤਾ ਜਾ ਰਿਹਾ ਹੈ। ਸਤੌਜ਼ ਕਲੱਬ ਦੇ ਚੇਅਰਮੈਨ ਜਤਿੰਦਰ ਬਾਂਸਲ ਤੇ ਪ੍ਰਧਾਨ ਕਾਲਾ ਸਤੌਜੀਆ ਨੇ ਕਿਹਾ ਕਿ ਅਜਿਹੇ ਲੋਕ ਭਲਾਈ ਕੰਮਾਂ ਵਿੱਚ ਉਹ ਹਮੇਸ਼ਾ ਵਧ ਚੜ੍ਹ ਕੇ ਨੇਕੀ ਫਾਊਂਡੇਸ਼ਨ ਦਾ ਸਾਥ ਦਿੰਦੇ ਰਹਿਣਗੇ। ਨੇਕੀ ਫਾਊਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਅਪ੍ਰੇਸ਼ਨ, ਦਵਾਈਆਂ, ਖਾਣ-ਪੀਣ, ਰਹਿਣ ਤੇ ਆਉਣ-ਜਾਣ ਦੀਆਂ ਸਾਰੀਆਂ ਸਹੂਲਤਾਂ ਮਰੀਜ਼ਾਂ ਨੂੰ ਮੁਫ਼ਤ ਦਿੱਤੀਆਂ ਗਈਆਂ ਹਨ ਤੇ ਕਿਸੇ ਵੀ ਮਰੀਜ਼ ਤੋਂ ਕਿਸੇ ਪ੍ਰਕਾਰ ਦਾ ਕੋਈ ਖ਼ਰਚਾ ਨਹੀਂ ਲਿਆ ਜਾਂਦਾ। ਉਨ੍ਹਾਂ ਚਿਲਡਰਨ ਮੈਮੋਰੀਅਲ ਪੰਚਾਇਤੀ ਧਰਮਸ਼ਾਲਾ ਦੇ ਪ੍ਰਬੰਧਕਾਂ ਦਾ ਵੀ ਸਨਮਾਨ ਕਰਦੇ ਹੋਏ ਧੰਨਵਾਦ ਕੀਤਾ, ਜਿਨ੍ਹਾਂ ਇਸ ਕੈਂਪ ਲਈ ਮੁਫ਼ਤ ਜਗ੍ਹਾ ਮੁਹੱਈਆ ਕਰਵਾਈ।

# ਐਡੀਸਨ ਇੰਸਟੀਚਿਊਟ ਦੇ ਵਿਦਿਆਰਥੀ ਨੇ ਪ੍ਰਾਪਤ ਕੀਤੇ 8.5 ਬੈਂਡ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਉੱਪਰ ਸਥਿਤ ਐਡੀਸਨ ਇੰਸਟੀਚਿਊਟ ਜੋ ਕਿ ਆਇਲਟਸ ਤੇ ਪੀ ਟੀ ਈ ਦੇ ਖੇਤਰ 'ਚ ਲਗਾਤਾਰ ਬਹੁਤ ਵਧੀਆ ਨਤੀਜੇ ਦੇ ਰਿਹਾ ਹੈ। ਸੰਸਥਾ ਦੇ ਡਾਇਰੈਕਟਰ ਹਰਿੰਦਰ ਸਿੰਘ ਬਰਾੜ ਰੋਡੇ ਨੇ ਦੱਸਿਆ ਕਿ ਸੰਸਥਾ ਦੇ ਵਿਦਿਆਰਥੀ ਗੁਰਬਿੰਦਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਮਾਣੂੰਕੇ (ਮੋਗਾ) ਨੇ ਆਇਲਟਸ ਦੀ ਪ੍ਰੀਖਿਆ 'ਚ ਲਿਸਨਿੰਗ 8.5, ਰੀਡਿੰਗ 6.5, ਰਾਈਟਿੰਗ, ਸਪੀਕਿੰਗ 6 ਅਤੇ ਓਵਰਆਲ 7 ਬੈਂਡ ਪ੍ਰਾਪਤ ਕਰਕੇ ਆਪਣਾ ਅਤੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਵਿਦਿਆਰਥੀ ਨੇ ਇਸ ਦਾ ਸਿਹਰਾ ਸੰਸਥਾ ਦੇ ਅਧਿਆਪਕਾਂ ਨੂੰ ਦਿੱਤਾ ਅਤੇ ਦੱਸਿਆ ਕਿ ਪੜ੍ਹਾਈ ਲਈ ਸਾਰਥਕ ਮਾਹੌਲ ਬਹੁਤ ਹੀ ਲਾਹੇਵੰਦ ਸਾਬਤ ਹੋਇਆ ਹੈ। ਇਸ ਮੌਕੇ ਡਾਇਰੈਕਟਰ ਬਰਾੜ ਨੇ ਦੱਸਿਆ ਕਿ ਬੱਚਿਆਂ ਨੂੰ ਰੀਡਿੰਗ ਅਤੇ ਰਾਈਟਿੰਗ ਦੀਆਂ ਸਪੈਸ਼ਲ ਕਲਾਸਾਂ ਬਿਲਕੁਲ ਮੁਫਤ ਦਿੱਤੀਆਂ ਜਾਂਦੀਆਂ ਹਨ। ਉਨ੍ਹਾ ਇਹ ਵੀ ਦੱਸਿਆ ਕਿ ਆਇਲਟਸ 'ਚ ਵਧੀਆ ਬੈਂਡ ਪ੍ਰਾਪਤ ਕਰਨ ਉਪਰੰਤ ਤੁਸੀਂ ਆਪਣਾ ਸਟੱਡੀ ਵੀਜ਼ਾ ਇਸ ਸੰਸਥਾ ਤੋਂ ਅਪਲਾਈ ਕਰ ਸਕਦੇ ਹੋ। ਇਸ ਮੌਕੇ ਵਿਦਿਆਰਥੀ ਨੂੰ ਪ੍ਰਮਾਣ ਪੱਤਰ ਸੌਂਪਦਿਆਂ ਡਾਇਰੈਕਟਰ ਰੋਡੇ ਤੇ ਮੈਡਮ ਸੁਖਦੀਪ ਕੌਰ ਸੰਧੂ ਨੇ ਉਜਵਲ ਭਵਿੱਖ ਲਈ ਕਾਮਨਾ ਕੀਤੀ।



# ਡਾ. ਗੁਰਪ੍ਰੀਤ ਸਿੰਘ ਮਾਹਲ ਮਰੀਜ਼ਾਂ ਨੂੰ ਦੇ ਰਹੇ ਹਨ ਨਵੀਂ ਜ਼ਿੰਦਗੀ



**ਤਪਾ ਮੰਡੀ (ਅਰੁਣ ਗੋਇਲ)**

ਸਬ ਡਵੀਜ਼ਨਲ ਹਸਪਤਾਲ ਤਪਾ ਵਿਖੇ ਤਾਇਨਾਤ ਸਰਜਰੀ ਸਪੈਸ਼ਲਿਸਟ ਡਾ. ਗੁਰਪ੍ਰੀਤ ਸਿੰਘ ਮਾਹਲ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਦੇ ਰਹੇ ਹਨ। ਜਿਸ ਕਿਸਮ ਦੇ ਆਪ੍ਰੇਸ਼ਨ ਮੈਡੀਕਲ ਕਾਲਜ ਜਾਂ ਹੋਰ ਵੱਡੇ ਹਸਪਤਾਲਾਂ ਵਿੱਚ ਹੁੰਦੇ ਹਨ, ਉਹ ਇਸ ਹਸਪਤਾਲ ਵਿੱਚ ਹੋ ਰਹੇ ਹਨ। ਸਬ ਡਵੀਜ਼ਨਲ ਹਸਪਤਾਲ ਤਪਾ ਨੇ ਸਾਲ 2022 ਵਿੱਚ 1250 ਦੇ ਕਰੀਬ ਮੇਜਰ ਆਪ੍ਰੇਸ਼ਨ ਕਰਕੇ ਆਪਣੇ-ਆਪ ਵਿੱਚ ਇਕ ਰਿਕਾਰਡ ਕਾਇਮ ਕੀਤਾ ਸੀ, ਜਦਕਿ ਲੰਘੇ ਮਾਰਚ ਮਹੀਨੇ ਡਾ. ਮਾਹਲ ਵੱਲੋਂ 100 ਤੋਂ ਵੱਧ ਮੇਜਰ ਅਪ੍ਰੇਸ਼ਨ ਕੀਤੇ ਹਨ। ਡਾ. ਗੁਰਪ੍ਰੀਤ ਸਿੰਘ ਮਾਹਲ ਨੇ ਦੱਸਿਆ ਕਿ ਹਸਪਤਾਲ ਵਿਖੇ ਦੂਰਬੀਨ ਰਾਹੀਂ ਪਿੱਤੇ ਦਾ ਆਪ੍ਰੇਸ਼ਨ ਤੇ ਬੱਚੇਦਾਨੀ ਦਾ ਆਪ੍ਰੇਸ਼ਨ ਤੋਂ ਇਲਾਵਾ ਹਰਨੀਆਂ, ਰਸੌਲੀ, ਅਪੈਂਡੈਕਸ, ਬਵਾਸੀਰ ਦੇ ਆਪ੍ਰੇਸ਼ਨ ਵੀ ਕੀਤੇ ਜਾ ਰਹੇ ਹਨ। ਦੂਰਬੀਨ ਰਾਹੀਂ ਪਰਿਵਾਰ ਨਿਯੋਜਨ ਦੇ ਆਪ੍ਰੇਸ਼ਨ ਵੀ ਸ਼ੁਰੂ ਕੀਤੇ ਗਏ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਨਵਜੋਤਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਸਬ ਡਵੀਜ਼ਨਲ ਹਸਪਤਾਲ ਤਪਾ ਦੀ ਸਮੁੱਚੀ ਟੀਮ ਮਿਹਨਤ ਨਾਲ ਪਿਛਲੇ ਸਾਲਾਂ ਤੋਂ ਲੋਕ ਸੇਵਾ ਲਈ ਮੋਹਰੀ ਹੋ ਕੇ ਸੇਵਾਵਾਂ ਦੇ ਰਹੀ ਹੈ। ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਤਪਾ ਮੰਡੀ ਦਾ ਇਹ ਹਸਪਤਾਲ ਪੰਜਾਬ ਭਰ ਦੇ ਐੱਸ ਡੀ ਐੱਚ ਹਸਪਤਾਲਾਂ ਵਿੱਚੋਂ ਵੀ ਲਗਾਤਾਰ ਮੋਹਰੀ ਬਣਿਆ ਹੋਇਆ ਹੈ, ਜਿਸ ਕਰਕੇ ਗਣਤੰਤਰ ਦਿਵਸ ਮੌਕੇ ਵੀ ਹਸਪਤਾਲ ਦਾ ਵਿਸ਼ੇਸ਼ ਸਨਮਾਨ ਹੋਇਆ ਹੈ। ਸਬ ਡਵੀਜ਼ਨਲ ਹਸਪਤਾਲ ਤਪਾ ਵਿਖੇ 20 ਬਿਸਤਰਿਆਂ ਵਾਲੇ ਵੱਖਰੇ ਜੱਚਾ-ਬੱਚਾ ਹਸਪਤਾਲ, ਬਲੱਡ ਬੈਂਕ, ਜਨ ਔਸ਼ਧੀ, ਮੌਰਚਰੀ ਤੇ ਕਨਟੀਨ ਦੀ ਇਮਾਰਤ ਛੇਤੀ ਮੁਕੰਮਲ ਹੋਣ ਜਾ ਰਹੀ ਹੈ।

# ਡਾਇਰੈਕਟਰ ਸਲਾਇਟ ਖਿਲਾਫ ਕਿਸਾਨਾਂ ਵੱਲੋਂ ਕੀਤੇ ਸੰਘਰਸ਼ ਨੂੰ ਪਿਆ ਬੂਰ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਪਿਛਲੇ ਕੁਝ ਦਿਨ ਪਹਿਲਾਂ ਡਾਇਰੈਕਟਰ ਸਲਾਇਟ ਖਿਲਾਫ ਕਿਸਾਨ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪੱਕਾ ਮੋਰਚਾ ਲਗਾਇਆ ਗਿਆ ਸੀ। ਜੋ ਤੀਜੇ ਦਿਨ ਡਾਇਰੈਕਟਰ ਸਲਾਇਟ ਡਾ. ਸ਼ੈਲੇਂਦਰ ਜੈਨ ਅਤੇ ਮੈਨੇਜਮੈਂਟ ਵੱਲੋਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਗਿਆ।

ਸੰਘਰਸ਼ ਤੋਂ ਬਾਅਦ ਅੱਜ ਸਾਇੰਸ ਬਲਾਕ ਵਿਖੇ ਕਿਸਾਨ ਅਤੇ ਬੱਚਿਆਂ ਦੇ ਮਾਪਿਆਂ ਨਾਲ ਮੀਟਿੰਗ ਕੀਤੀ ਗਈ ਜਿਸ 'ਚ ਭੁਪਿੰਦਰ ਸਿੰਘ ਲੌਂਗੋਵਾਲ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਨੇ ਕਿਹਾ ਕਿ ਡਾਇਰੈਕਟਰ ਸਲਾਇਟ ਵੱਲੋਂ ਫੌਰੀ ਤੌਰ 'ਤੇ 10ਵੀਂ ਜਮਾਤ ਪਾਸ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਵੱਖ ਵੱਖ ਕੋਰਸਾਂ 'ਚ ਦਾਖਲੇ ਦਿੱਤੇ ਗਏ। ਉਨਾਂ ਕਿਹਾ ਇਹ ਕੋਰਸ ਪਿਛਲੇ ਕਈ ਸਾਲਾਂ ਤੋਂ ਬੰਦ ਪਏ ਸਨ ਜੋ ਲੋਕਾਂ ਦੇ ਸੰਘਰਸ਼ ਦੇ ਸਦਕਾ ਬੂਰ ਪਿਆ ਹੈ ਕਿ ਹਰ ਇੱਕ 'ਚ ਆਪਣੇ ਬੱਚਿਆਂ ਨੂੰ ਬਹੁਤ ਹੀ ਘੱਟ ਖਰਚੇ 'ਤੇ ਚੰਗੀ ਸਿੱਖਿਆ ਦਿਵਾ ਸਕਣਗੇ ਅਤੇ ਭਵਿੱਖ 'ਚ ਬੁਲੰਦੀਆਂ ਨੂੰ ਛੂਹਣਗੇ। ਇਸ ਮੌਕੇ ਡਾਇਰੈਕਟਰ ਸਲਾਇਟ ਨੇ ਕਿਹਾ ਕਿ ਮੁਫਤ ਕਿੱਤਾਮੁਖੀ ਕੋਰਸ, ਜਿਸ ਵਿੱਚ ਕਮਿਊਨੀਕੇਸ਼ਨ ਸਕਿੱਲ ,ਇੰਗਲਿਸ਼ ਸਪੀਕਿੰਗ, ਸਮੇਤ ਕਈ ਕਿੱਤਾਮੁਖੀ ਕੋਰਸ ਸ਼ਾਮਲ ਹੋਣਗੇ । ਇਸ ਮੌਕੇ ਜੇ ਐਸ ਢਿੱਲੋਂ , ਚਰਨਜੀਤ ਸਿੰਘ ਰਿਆੜ, ਰਾਜਾ ਸਿੰਘ ਜੈਦ, ਅਮਨ ਸਿੰਘ ਜੈਦ , ਬਚਿੱਤਰ ਸਿੰਘ ਮੱਟ, ਲੀਲਾ ਸਿੰਘ ਸਰਦਾਰ, ਭੋਲਾ ਸਿੰਘ , ਨਵਦੀਪ ਗਰਗ, ਗੁਰਜੰਟ ਸਿੰਘ ਜੰਟੀ , ਬੂਟਾ ਸਿੰਘ ਆਦਿ ਹਾਜ਼ਰ ਸਨ।

# ਹੋਲੀ ਹਾਰਟ ਸਕੂਲ 'ਚ ਬਾਬਾ ਨਾਭਾ ਦਾਸ ਦਾ ਜਨਮ ਦਿਹਾੜਾ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਬਾਬਾ ਨਾਭਾ ਦਾਸ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਨੇ ਗੁਰੂ ਨਾਭਾ ਦਾਸ ਦੇ ਚਰਨਾਂ 'ਚ ਮੱਥਾ ਟੇਕਿਆ ਅਤੇ ਗੁਰੂ ਨਾਭਾ ਦਾਸ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਗੁਰੂ ਨਾਭਾ ਦਾਸ ਬਾਰੇ ਦੱਸਿਆ ਕਿ ਸੰਤ ਬਾਬਾ ਨਾਭਾ ਦਾਸ ਦਾ ਜਨਮ 1573 ਈ: ਨੂੰ ਇੱਕ ਸਧਾਰਨ ਹਿੰਦੂ ਪਰਵਾਰ ਵਿੱਚ ਹੋਇਆ। ਬਚਪਨ ਵਿੱਚ ਬਾਬਾ ਨਾਭਾ ਦਾਸ ਦਾ ਨਾਂਅ ਨਰਾਇਣ ਦਾਸ ਸੀ ਅਤੇ ਇਹ ਸ੍ਰੀ ਰਾਮ ਜੀ ਦੇ ਉਪਾਸਕ ਸਨ। ਇਹ ਬਹੁਤ ਵੱਡੇ ਵਿਦਵਾਨ ਵੀ ਸਨ। ਵਿਸ਼ਵ ਪ੍ਰਸਿੱਧ ਗ੍ਰੰਥ ਭਗਤਮਲ ਦੀ ਰਚਨਾ ਵੀ ਇਨ੍ਹਾਂ ਦੁਆਰਾ ਹੀ ਕੀਤੀ ਗਈ। 1642 ਈ. ਨੂੰ ਬ੍ਰਮਲੀਨ ਹੋ ਗਏ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਮੈਡਮ ਪਰਮਜੀਤ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਦੇ ਨਾਲ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਪੁਲਸ ਤੇ ਲੋਕਾਂ ਦੇ ਤਾਲਮੇਲ ਨਾਲ ਸਮਾਜ ਨੂੰ ਨਸ਼ਾ ਮੁਕਤ ਕੀਤਾ ਜਾ ਸਕਦਾ : ਇੰਸ. ਭੁੱਲਰ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਪੁਲਸ ਤੇ ਲੋਕਾਂ ਦੇ ਤਾਲਮੇਲ ਨਾਲ ਸਮਾਜ ਨੂੰ ਨਸ਼ਾ ਮੁਕਤ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਥਾਣਾ ਧਰਮਕੋਟ ਦੇ ਨਵ ਨਿਯੁਕਤ ਐਸ ਐਚ ਓ ਇੰਸ. ਗੁਰਵਿੰਦਰ ਸਿੰਘ ਭੁੱਲਰ ਨੇ ਪ੍ਰੈਸ ਨਾਲ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਖਤ ਹਦਾਇਤਾਂ ਅਤੇ ਐਸ ਐਸ ਪੀ ਮੋਗਾ ਜੇ. ਇਲਨਚੇਲੀਅਨ ਦੀ ਅਗਵਾਈ ਹੇਠ ਨਸ਼ਾ ਤਸਕਰੀ ਨੂੰ ਬੰਦ ਕਰਨ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ।

ਉਨ੍ਹਾ ਥਾਣਾ ਧਰਮਕੋਟ ਅਧੀਨ ਆਉਂਦੇ ਪਿੰਡਾਂ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਤਸਕਰੀ ਕਰਦਾ ਹੈ ਤਾਂ ਉਹ ਉਸ ਨੂੰ ਬੰਦ ਕਰਕੇ ਆਪਣਾ ਹੋਰ ਕੰਮਕਾਰ ਚਲਾ ਲਵੇ ਪ੍ਰੰਤੂ ਜੇਕਰ ਵਾਰਨਿੰਗ ਦੇ ਬਾਵਜੂਦ ਕੋਈ ਸੁਧਾਰ ਨਹੀਂ ਹੁੰਦਾ ਤਾਂ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਉਨ੍ਹਾ ਬੱਚਿਆਂ ਅਤੇ ਨੌਜਵਾਨਾਂ ਦੇ ਮਾਪਿਆਂ ਨੂੰ ਕਿਹਾ ਕਿ ਬੱਚਿਆਂ ਨੂੰ ਵਹੀਕਲਾਂ ਉਪਰ ਹੁੱਲੜਬਾਜ਼ੀ ਕਰਨ ਤੋਂ ਰੋਕਣ, ਮੈਡੀਕਲ ਸਟੋਰਾਂ ਵਾਲੇ ਬਿਨਾਂ ਡਾਕਟਰ ਦੀ ਪਰਚੀ ਤੋਂ ਕੋਈ ਵੀ ਦਵਾਈ ਜਾਂ ਸਰਿੰਜ ਨਾ ਦੇਣ, ਲੋਕ ਆਪਣੇ ਵਹੀਕਲਾਂ ਦੇ ਕਾਗਜ਼ ਪੂਰੇ ਰੱਖਣ। ਉਨ੍ਹਾ ਆਖਿਆ ਕਿ ਕਿਸੇ ਖਿਲਾਫ ਮੁਕੱਦਮਾ ਦਰਜ ਕਰ ਲੈਣ ਨਾਲ ਹੀ ਮਸਲੇ ਦਾ ਹੱਲ ਨਹੀਂ ਹੁੰਦਾ, ਸਗੋਂ ਇੱਕ ਵਿਸ਼ੇਸ਼ ਮੁਹਿੰਮ ਤਹਿਤ ਗਲਤੀ ਕਰਨ ਵਾਲੇ ਨੂੰ ਵਾਰਨਿੰਗ ਦਿੱਤੀ ਜਾਵੇਗੀ ਪ੍ਰੰਤੂ ਫਿਰ ਵੀ ਜੇਕਰ ਕੋਈ ਕੁਤਾਹੀ ਕਰੇਗਾ ਤਾਂ ਉਸ ਉਪਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਫਸਲਾਂ ਦੇ ਖਰਾਬੇ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ : ਕਲਾਲਮਾਜਰਾ, ਸਹਿਜੜਾ

**ਪੰਜਾਬ ਸਰਕਾਰ ਦੇ 15 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤੇ ਜਾਣ ਵਾਲੇ ਮੁਆਵਜ਼ੇ ਨੂੰ ਮੁੱਢੋਂ ਕੀਤਾ ਰੱਦ**



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਪੰਜਾਬ ਅੰਦਰ ਪਿਛਲੇ ਦਿਨੀਂ ਬੇਮੌਸਮੀ ਬਾਰਸ਼ ਨਾਲ ਸਾਰੀਆਂ ਫਸਲਾਂ ਖਰਾਬ ਹੋਣ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਹ ਵਿਚਾਰ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ ਕਲਾਲਮਾਜਰਾ, ਮੀਤ ਪ੍ਰਧਾਨ ਕਰਨੈਲ ਸਿੰਘ ਗਾਂਧੀ, ਜ਼ਿਲ੍ਹਾ ਜਨਰਲ ਸਕੱਤਰ ਨਛੱਤਰ ਸਿੰਘ ਸਹੌਰ, ਬਲਾਕ ਮਹਿਲ ਕਲਾਂ ਦੇ ਪ੍ਰਧਾਨ ਜਸਪਾਲ ਸਿੰਘ ਸਹਿਜੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ 15000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੇ ਕੀਤੇ ਗਏ ਐਲਾਨ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ। ਇਸ ਦੇ ਨਾਲ ਹੀ ਫਸਲੀ ਵਿਭਿੰਨਤਾ ਦਾ ਫੋਕਾ ਨਾਅਰਾ ਮਾਰਨ ਵਾਲੀ ਸਰਕਾਰ ਨੂੰ ਕਿਸਾਨਾਂ ਵੱਲੋਂ ਨਵੀਂ ਬੀਜੀ ਗਈ ਮੂੰਗੀ, ਮੱਕੀ ਤੇ ਸਬਜ਼ੀਆਂ ਦਾ ਨੁਕਸਾਨ ਨਹੀਂ ਦਿਸ ਰਿਹਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਧਾ ਕੀਤਾ ਸੀ ਕਿ ਗੋਦਾਵਰੀ ਤੋਂ ਪਹਿਲਾਂ 20.000 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਸਹਾਇਤਾ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਬਾਰਸ਼ ਦੇ ਪਾਣੀ ਨਾਲ ਖਰਾਬ ਹੋਈਆਂ ਫਸਲਾਂ ਦੀ ਕਿਸਾਨਾਂ ਨੂੰ ਆਰਥਿਕ ਸਹਾਇਤਾ ਦੇਣੀ ਚਾਹੀਦੀ ਸੀ। ਕਿਸਾਨ ਆਗੂਆਂ ਨੇ ਗੜੇਮਾਰੀ ਨਾਲ ਮਰੀ ਫਸਲ ਦੇ ਨਾਲ-ਨਾਲ ਜ਼ਿਆਦਾ ਪਾਣੀ ਨਾਲ ਸੁੱਕ ਰਹੀ ਕਣਕ ਦੀ ਫਸਲ ਦੇ ਮੁਆਵਜ਼ੇ ਦੀ ਮੰਗ ਵੀ ਪੂਰੀ ਜ਼ੋਰ ਸ਼ੋਰ ਨਾਲ ਉਠਾਉਂਦੇ ਸਰਕਾਰ ਤੇ ਖੇਤੀਬਾੜੀ ਵਿਭਾਗ ਨੂੰ ਕਰੜੇ ਹੱਥੀਂ ਲੈਂਦਿਆਂ ਆਉਣ ਵਾਲੇ ਸਮੇਂ ਮੁਆਵਜ਼ੇ ਪ੍ਰਤੀ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ।

# ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਪਹਿਲਾ ਸਕਾਲਰਸ਼ਿਪ ਟੈਸਟ ਸਫਲਤਾਪੂਰਵਕ ਸੰਪੰਨ




**ਬਾਘਾ ਪੁਰਾਣਾ (ਮਨੀ ਸਿੰਗਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਗਿਆਰਵੀਂ ਸ਼੍ਰੇਣੀ ਦੇ ਦਾਖਲੇ ਲਈ ਪਹਿਲਾ ਸਕਾਲਰਸ਼ਿਪ ਟੈਸਟ ਹੋਇਆ, ਜਿਸ ਵਿੱਚ 60 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਡਾਇਰੈਕਟਰ ਸ੍ਰੀ ਸੰਦੀਪ ਮਹਿਤਾ, ਕੋਆਰਡੀਨੇਟਰ ਸ੍ਰੀ ਮੁਕੇਸ਼ ਅਰੋੜਾ ਤੇ ਕੋਆਰਡੀਨੇਟਰ ਮੈਡਮ ਦੀਪਕਾ ਮਨਚੰਦਾ ਨੇ ਆਏ ਹੋਏ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਜੀ ਆਇਆਂ ਕਿਹਾ। ਸੰਸਥਾ ਦੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਨੇ ਬੱਚਿਆਂ ਨੂੰ ਟੈਸਟ ਵਿੱਚੋਂ ਚੰਗੀਆਂ ਪੁਜ਼ੀਸ਼ਨਾਂ ਲੈਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੂੰ ਆਪਣੇ ਵਿਸ਼ਿਆਂ ਦੀ ਚੋਣ ਕਰਨ ਸੰਬੰਧੀ ਗਾਈਡੈਂਸ ਦਿੱਤੀ ਤੇ ਹਰੇਕ ਵਿਸ਼ੇ ਦੀ ਭਵਿੱਖ ਵਿੱਚ ਮਹੱਤਤਾ ਬਾਰੇ ਦੱਸਿਆ।

ਇਸ ਟੈਸਟ ਵਿੱਚੋਂ ਪਹਿਲਾ ਸਥਾਨ ਸ਼ਿਵਾਨੀ ਅਰੋੜਾ ਨੇ ਪ੍ਰਾਪਤ ਕੀਤਾ, ਜਿਸ ਨੂੰ 20,000 ਰੁਪਏ ਦੇ ਕੇ ਸਨਮਾਨਤ ਕੀਤਾ। ਦੂਸਰਾ ਸਥਾਨ ਪ੍ਰਨੀਤ ਕੌਰ ਨੇ ਹਾਸਲ ਕੀਤਾ, ਜਿਸਨੂੰ 15000 ਰੁਪਏ ਤੇ ਤੀਸਰਾ ਸਥਾਨ ਪ੍ਰਭਜੋਤ ਕੌਰ ਕੰਬੋਅ ਨੇ ਹਾਸਲ ਕੀਤਾ, ਜਿਸ ਨੂੰ 10,000 ਰੁਪਏ ਦੇ ਕੇ ਸਨਮਾਨਤ ਕੀਤਾ। ਚੌਥਾ ਤੇ ਪੰਜਵਾਂ ਸਥਾਨ ਕਿਰਨਦੀਪ ਕੌਰ ਗਿੱਲ ਤੇ ਨਵਨੀਤ ਸਿੰਘ ਨੇ ਹਾਸਲ ਕੀਤਾ, ਜਿਨ੍ਹਾਂ ਨੂੰ 5000 ਰੁਪਏ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅਪੀਅਰ ਹੋਣ ਵਾਲੇ ਸਾਰੇ ਵਿਦਿਆਰਥੀਆਂ ਦੀ ਵੀ ਹੌਸਲਾ ਅਫਜ਼ਾਈ ਕੀਤੀ। ਗਿਆਰਵਾਂ ਸ਼੍ਰੇਣੀ ਲਈ ਦੂਸਰਾ ਸਕਾਲਰਸ਼ਿਪ ਟੈਸਟ 23 ਅਪ੍ਰੈਲ ਨੂੰ ਲਿਆ ਜਾਵੇਗਾ। ਇਸ ਸਮੇਂ ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਨਵਜੋਤ ਕੌਰ, ਮੈਡਮ ਹਰਦੀਪ ਕੌਰ ਤੇ ਅਸ਼ਮੀਤ ਕੁਮਾਰ ਵੱਲੋਂ ਨਿਭਾਈ ਗਈ। ਸਮੁੱਚਾ ਪ੍ਰੋਗਰਾਮ ਸਫਲਤਾਪੂਰਵਕ ਢੰਗ ਨਾਲ ਸੰਪੰਨ ਹੋਇਆ।

# ਆੜ੍ਹਤੀਆ ਐਸੋਸੀਏਸ਼ਨ ਵੱਲੋਂ ਨਵ-ਨਿਯੁਕਤ ਚੇਅਰਮੈਨ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਬੀਤੇ ਦਿਨੀਂ ਨਗਰ ਸੁਧਾਰ ਟਰਸਟ ਨਾਭਾ ਦੇ ਨਵ-ਨਿਯੁਕਤ ਚੇਅਰਮੈਨ ਸੁਰਿੰਦਰ ਸ਼ਰਮਾ ਦੀ ਤਾਜਪੋਸ਼ੀ ਸਮਾਗਮ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਭਰ ਤੋਂ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂਆ ਵੱਲੋਂ ਸ਼ਿਰਕਤ ਕਰਨ ਉਪਰੰਤ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਲੜੀ ਤਹਿਤ ਅੱਜ ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਗੁਪਤਾ ਦੀ ਅਗਵਾਈ ਹੇਠ ਸਮੂਹ ਮੈਂਬਰਾਂ ਵੱਲੋਂ ਨਵ-ਨਿਯੁਕਤ ਚੇਅਰਮੈਨ ਸੁਰਿੰਦਰ ਸ਼ਰਮਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਪਰੰਤ ਸੁਰਿੰਦਰ ਗੁਪਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਿਹਨਤੀ ਤੇ ਇਮਾਨਦਾਰ ਵਿਅਕਤੀ ਨੂੰ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਨਿਯੁਕਤ ਕੀਤਾ ਹੈ, ਜਿਨ੍ਹਾਂ ਹਮੇਸ਼ਾ ਪਾਰਟੀ ਵਿੱਚ ਵੱਧ ਚੜ੍ਹ ਕੇ ਕਾਰਜ ਕੀਤੇ ਹਨ। ਸਨਮਾਨ ਹੋਣ ਉਪਰੰਤ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਕਿਹਾ ਕਿ ਉਹ ਕਾਫੀ ਲੰਬੇ ਸਮੇਂ ਤੋਂ ਆਮ ਆਦਮੀ ਪਾਰਟੀ ਨਾਲ ਜੁੜੇ ਸਨ ਤੇ ਪਾਰਟੀ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦਿਆਂ 'ਆਪ' ਦੀ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਪਾਰਟੀ ਵਿੱਚ ਕਈ ਅਹੁਦੇ ਦੇ ਕੇ ਨਿਵਾਜਿਆ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਹੋਰ ਵੀ ਮਿਹਨਤ, ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਇੱਕ ਆਮ ਘਰ ਦੇ ਵਿਅਕਤੀ ਨੂੰ ਜ਼ਿੰਮੇਵਾਰ ਦੇਣ ਸਦਕਾ ਨਾਭਾ ਦੇ ਪਾਰਟੀ ਵਰਕਰਾਂ ਤੋਂ ਇਲਾਵਾ ਆਮ ਲੋਕਾਂ 'ਚ ਵੀ ਖੁਸ਼ੀ ਦਾ ਮਾਹੌਲ ਹੈ। ਇਸ ਮੌਕੇ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰ ਤੇ ਵਰਕਰ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਵੱਲੋਂ ਚੱਕ ਦੂਹੇਵਾਲਾ 'ਚ ਸਿਲਾਈ ਸਿਖਲਾਈ ਸੈਂਟਰ ਦਾ ਉਦਘਾਟਨ

**ਸਿਵਲ ਹਸਪਤਾਲ ਮਲੋਟ ਵਿਖੇ ਲੋਕਾਂ ਨੂੰ ਪੀਣ ਲਈ ਮਿਲੇਗਾ ਸਾਫ-ਸੁਥਰਾ ਪਾਣੀ**



**ਮਲੋਟ (ਗੁਰਮੀਤ ਸਿੰਘ ਮੱਕੜ)**

ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਨੇ ਮਲੋਟ ਵਿਧਾਨ ਸਭਾ ਹਲਕੇ ਦੇ ਪਿੰਡ ਚੱਕ ਦੂਹੇਵਾਲਾ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੜਕੀਆਂ ਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਖੋਲ੍ਹੇ ਗਏ ਮੁਫਤ ਸਿਲਾਈ ਸਿਖਲਾਈ ਸੈਂਟਰ ਦਾ ਉਦਘਾਟਨ ਕਰਦਿਆਂ ਕਿਹਾ ਕਿ ਖੁਦ ਦਾ ਕਾਰੋਬਾਰ ਕਰਨ ਵਾਲੀਆਂ ਲੜਕੀਆਂ ਨੂੰ ਪੰਜਾਬ ਸਰਕਾਰ ਉਚੇਚੇ ਤੌਰ 'ਤੇ ਸਨਮਾਨਤ ਕਰੇਗੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਔਰਤਾਂ ਦਾ ਸਮਾਜਿਕ ਤੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਲਈ ਯਤਨ ਕਰ ਰਹੀ ਹੈ ਤੇ ਔਰਤਾਂ ਦੀ ਭਲਾਈ ਲਈ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਿਲਾਈ ਸਿਖਲਾਈ ਸੈਂਟਰ ਦੇ ਖੁੱਲ੍ਹਣ ਨਾਲ ਇਸ ਪਿੰਡ ਦੇ ਆਸ-ਪਾਸ ਦੀਆਂ ਲੜਕੀਆਂ ਤੇ ਔਰਤਾਂ ਨੂੰ ਬਹੁਤ ਫਾਇਦਾ ਹੋਵੇਗਾ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ। ਕੈਬਨਿਟ ਮੰਤਰੀ ਨੇ ਆਪਣੇ ਦੌਰੇ ਦੌਰਾਨ ਸਿਵਲ ਹਸਪਤਾਲ ਮਲੋਟ ਵਿਖੇ ਲੋਕਾਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਪੀਣ ਲਈ ਆਰ ਓ ਦਾ ਉਦਘਾਟਨ ਵੀ ਕੀਤਾ, ਜੋ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਇੱਥੇ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਸਮਾਜ ਦੀ ਬਿਹਤਰੀ ਲਈ ਇਕਜੁੱਟਤਾ ਦਾ ਸਬੂਤ ਦਿੰਦੇ ਹੋਏ ਲੋੜਵੰਦਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮਜੀਤ ਸ਼ਰਮਾ ਬਲਾਕ ਪ੍ਰਧਾਨ, ਰਮੇਸ਼ ਅਰਨੀਵਾਲਾ, ਟਿੰਕਾ ਗਰਗ, ਰਜਨੀਸ਼ ਗਰਗ, ਗੁਰਲਾਲ ਸਿੰਘ, ਗੁਰਸੇਵਕ ਸਿੰਘ ਤੇ ਪਤਵੰਤੇ ਵਿਅਕਤੀ ਮੌਜੂਦ ਸਨ।

# ਸਨਮਤੀ ਵਿਮਲ ਜੈਨ ਸਕੂਲ ਦਾ ਨਤੀਜਾ ਸ਼ਾਨਦਾਰ



**ਜਗਰਾਓਂ (ਅਮਿਤ ਖੰਨਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚ ਸਨਮਤੀ ਵਿਮਲ ਜੈਨ ਪਬਲਿਕ ਸਕੂਲ ਜਗਰਾਓਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਸਥਾਨ ਹਾਸਲ ਕਰਕੇ ਸ਼ਹਿਰ ਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੀ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥੀ ਗੁਰਜਿੰਦਰ ਸਿੰਘ ਨੇ 99.04 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ ਸਥਾਨ, ਮੁਸਕਾਨ ਤੇ ਸੇਜਲਪ੍ਰੀਤ ਕੌਰ ਨੇ 99 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਗੁਰਮਨਜੋਤ ਕੌਰ ਨੇ 98.08 ਪ੍ਰਤੀਸ਼ਤ ਅੰਕ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਜੋਬਨਪ੍ਰੀਤ ਸਿੰਘ, ਸਾਹਿਬਜੋਤ ਸਿੰਘ ਤੇ ਏਕਮਜੋਤ ਸਿੰਘ ਨੇ 98.6 ਫੀਸਦੀ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ਅਭਿਰਾਜ ਕੁਮਾਰ ਤੇ ਮੋਕਸ਼ ਕਪੂਰ ਨੇ 98.4 ਫੀਸਦੀ ਅੰਕ ਲੈ ਕੇ ਪੰਜਵਾਂ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਕੂਲ ਦੇ 9 ਵਿਦਿਆਰਥੀਆਂ ਨੇ ਪਹਿਲੀਆਂ ਪੰਜ ਪੁਜ਼ੀਸ਼ਨਾਂ ਹਾਸਲ ਕਰਕੇ ਆਪਣੀ ਸਫਲਤਾ ਦਾ ਝੰਡਾ ਲਹਿਰਾਇਆ। ਪੰਜਵੀਂ ਜਮਾਤ ਦੀ ਪ੍ਰੀਖਿਆ ਵਿੱਚ 106 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 58 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। 36 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਤੇ 12 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ।

ਸਕੂਲ ਮੈਨੇਜਮੈਂਟ ਕਮੇਟੀ ਦੇ ਸਕੱਤਰ ਮਹਾਵੀਰ ਜੈਨ, ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਸੁਪ੍ਰੀਆ ਖੁਰਾਨਾ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਯੁਕਤ ਮੈਣੀ, ਪਾਇਲ ਜੈਨ, ਹਿਤੂ ਸਿੰਗਲਾ, ਨਵੀਨ ਗੁਪਤਾ ਆਦਿ ਹਾਜ਼ਰ ਸਨ।

# 16 ਨੂੰ ਪੁਲਸ ਚੌਕੀ ਅਲਗੋਂ ਵਿਖੇ ਦਿੱਤਾ ਜਾਵੇਗਾ ਵਿਸ਼ਾਲ ਧਰਨਾ : ਦਰਾਜਕੇ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਦਿਹਾਤੀ ਮਜ਼ਦੂਰ ਸਭਾ ਵੱਲੋਂ ਅਲਗੋਂ ਕੋਠੀ ਪੁਲਸ ਦੀਆਂ ਵਧੀਕੀਆਂ ਖਿਲਾਫ 16 ਅਪ੍ਰੈਲ ਨੂੰ ਥਾਣੇ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ, ਸਕੱਤਰ ਸਵਿੰਦਰ ਸਿੰਘ ਚੱਕ, ਸੰਤੋਖ ਸਿੰਘ ਮੱਖੀ ਕਲਾਂ, ਬਿੱਟੂ ਨਾਰਲਾ, ਗੱਜਣ ਨਾਰਲਾ, ਗੁਰਜੀਤ ਸਿੰਘ ਗੋਰਾ ਪਹੂਵਿੰਡ, ਅੰਗਰੇਜ਼ ਲੱਧੂ ਅਤੇ ਮਨਦੀਪ ਕਲਸੀ ਨੇ ਜਥੇਬੰਦੀ ਦੇ ਦਫਤਰ ਭਿੱਖੀਵਿੰਡ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਪਰੋਕਤ ਆਗੂਆਂ ਨੇ ਦੱਸਿਆ ਕਿ ਪਿੰਡ ਅਲਗੋਂ ਕਲਾਂ ਦੇ ਖੇਤ ਮਜ਼ਦੂਰ ਸਰਬਜੀਤ ਸਿੰਘ ਨੇ ਅੱਜ ਤੋਂ 12 ਸਾਲ ਪਹਿਲਾਂ ਪਿੰਡ ਦੇ ਹੀ ਦਰਸ਼ਨ ਸਿੰਘ ਪੁੱਤਰ ਚੇਤ ਸਿੰਘ ਨਾਮਕ ਵਿਅਕਤੀ ਕੋਲੋਂ ਦੋ ਮਰਲੇ ਜਗ੍ਹਾ ਖਰੀਦੀ ਹੈ, ਜਿਸ ਉੱਪਰ ਕਬਜ਼ਾ ਵੀ ਸਰਬਜੀਤ ਸਿੰਘ ਦਾ ਹੈ, ਪਰ ਹੁਣ ਪਿੰਡ ਦਾ ਛੇਗਾ ਸਿੰਘ ਪੁੱਤਰ ਹਰਨਾਮ ਸਿੰਘ ਨਾਮਕ ਵਿਅਕਤੀ ਸਿਆਸੀ ਅਸਰ ਰਸੂਖ ਵਰਤਦਿਆਂ ਸਰਬਜੀਤ ਸਿੰਘ ਦੀ ਜਗ੍ਹਾ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਉਪਰੋਕਤ ਮਾਮਲੇ ਦੀ ਜਾਣਕਾਰੀ ਐੱਸਐੱਚਓ ਵਲਟੋਹਾ ਅਤੇ ਡੀਐੱਸਪੀ ਭਿੱਖੀਵਿੰਡ ਨੂੰ ਉਨ੍ਹਾਂ ਦੀ ਜਥੇਬੰਦੀ ਦੇ ਵਫਦ ਵੱਲੋਂ ਮਿਲ ਕੇ ਦਿੱਤੀ ਗਈ ਹੈ, ਪ੍ਰੰਤੂ ਅਲਗੋਂ ਕੋਠੀ ਚੌਕੀ ਦਾ ਇੰਚਾਰਜ ਏਐੱਸਆਈ ਗੱਜਣ ਸਿੰਘ ਲਗਾਤਾਰ ਕਬਜ਼ਾ ਧਾਰੀਆਂ ਦੀ ਪਿੱਠ ਥਾਪੜ ਰਿਹਾ ਹੈ। ਇਸ ਮੌਕੇ ਉਨ੍ਹਾਂ ਡੀਐੱਸਪੀ ਭਿੱਖੀਵਿੰਡ ਅਤੇ ਐੱਸਐੱਸਪੀ ਤਰਨਤਾਰਨ ਨੂੰ ਅਪੀਲ ਕੀਤੀ ਕਿ ਉਪਰੋਕਤ ਕਬਜ਼ਾਧਾਰੀਆਂ 'ਤੇ ਬਣਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਇਆ ਜਾਵੇ। ਇਸਦੇ ਨਾਲ ਹੀ ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਚੇਤਾਵਨੀ ਵੀ ਦਿੱਤੀ ਕਿ ਜੇਕਰ ਉਪਰੋਕਤ ਕਬਜ਼ਾਧਾਰੀਆਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਗਈ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ 16 ਅਪ੍ਰੈਲ ਨੂੰ ਪੁਲਸ ਚੌਕੀ ਅਲਗੋਂ ਕੋਠੀ ਦੇ ਗੇਟ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

## ਰਿਲਾਇੰਸ ਜਵੈਲਜ਼ ਵੱਲੋਂ ਮਜੈਸਟਿਕ ਤੰਜਾਵੂਰ ਕੁਲੈਕਸ਼ਨ ਪੇਸ਼

ਜਲੰਧਰ : ਭਾਰਤ ਵਿੱਚ ਗਹਿਣਿਆਂ ਦਾ ਇੱਕ ਪ੍ਰਮੁੱਖ ਬ੍ਰਾਂਡ, ਰਿਲਾਇੰਸ ਜਵੇਲਜ ਮਾਣ ਨਾਲ ਅਕਸ਼ੈ ਤ੍ਰਿਤੀਆ ਦੇ ਆਪਣੇ ਸ਼ਾਨਦਾਰ ਕਲੈਕਸ਼ਨ ਦੀ ਪੇਸ਼ਕਸ਼ ਤੰਜਾਵੂਰ ਨੂੰ ਪੇਸ਼ ਕਰਦਾ ਹੈ। ਮਨਮੋਹਕ ਮੰਦਰਾਂ, ਸ਼ਾਹੀ ਦਰਬਾਰ ਹਾਲਾਂ, ਬੋਮਈ ਗੁੱਡੀਆਂ ਅਤੇ ਕਲਾਤਮਕ ਪੋਪੂਹਾਰ ਸਮੁੰਦਰੀ ਜਹਾਜ਼ਾਂ ਦੁਆਰਾ ਪ੍ਰੇਰਿਤ ਇੱਕ ਸ਼ਾਨਦਾਰ ਵਧੀਆ ਗਹਿਣਿਆਂ ਦਾ ਕੁਲੈਕਸ਼ਨ। ਇਸ ਪੇਸ਼ਕਸ਼ ਦਾ ਵਿਸ਼ਾਲ ਆਯੋਜਨ ਬੁੱਧਵਾਰ, 5 ਅਪ੍ਰੈਲ 2023 ਨੂੰ ਸਾਂਗਰੀ-ਲਾ, ਬੰਗਲੌਰ ਵਿਖੇ ਹੋਇਆ, ਅਤੇ ਐਚ.ਐਨ.ਆਈ. ਗਾਹਕਾਂ, ਮੀਡੀਆ, ਫੈਸਨ ਦੀ ਦੁਨੀਆਂ ਦੇ ਵਿਅਕਤੀਆਂ, ਅਤੇ ਸੰਭਾਵੀ ਖਰੀਦਦਾਰਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦੀ ਖਾਸ ਗੱਲ ਇਹ ਸੀ ਕਿ ਦਿਲਕਸ਼ ਸ਼ੋਅ ਸਟਾਪਰ, ਜਾਹਨਵੀ ਕਪੂਰ, ਜਿਸ ਨੇ ਸ਼ਾਨਦਾਰ "ਤੰਜਾਵੂਰ" ਕੁਲੈਕਸਨ ਦੇ ਗਹਿਣਿਆਂ ਨੂੰ ਪਹਿਨ ਕੇ ਰੈਂਪ ਤੇ ਸ਼ਾਨਦਾਰ ਪ੍ਰਦਰਸਨ ਕੀਤਾ। ਜਾਹਨਵੀ ਕਪੂਰ ਦੀ ਸੋ-ਸਟੌਪਰ ਪ੍ਰਦਰਸ਼ਨ ਤੋਂ ਇਲਾਵਾ, ਰਨਵੇ 'ਤੇ ਸੋਨੇ ਅਤੇ ਹੀਰਿਆਂ ਦੇ ਗਹਿਣਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਦਾ ਪ੍ਰਦਰਸ਼ਨ ਕੀਤਾ ਜੋ ਇਸ ਖੇਤਰ ਦੀ ਕਲਾ ਅਤੇ ਆਰਕੀਟੈਕਚਰ ਤੋਂ ਪ੍ਰੇਰਿਤ ਸਨ। ਇਸ ਮੌਕੇ ਬੋਲਦਿਆਂ ਰਿਲਾਇੰਸ ਜਵੇਲਜ ਦੇ ਮੁੱਖ ਕਾਰਜਕਾਰੀ ਅਧਿਕਾਰੀ, ਸੁਨੀਲ ਨਾਇਕ ਨੇ ਕਿਹਾ ਕਿ ਸਸਾਨੂੰ ਆਪਣੇ ਤੰਜਾਵੂਰ ਸੰਗ੍ਰਹਿ ਨੂੰ ਇਸ ਅਕਸ਼ੈ ਤ੍ਰਿਤੀਆ ਤੇ ਪੂਰੇ ਭਾਰਤ ਵਿੱਚ ਪੇਸ਼ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ, ਜੋ ਕਿ ਤਮਿਲਨਾਡੂ ਵਿੱਚ ਤੰਜਾਵੂਰ ਦੀ ਭਰੀ-ਪੂਰੀ ਵਿਰਾਸਤ ਦੇ ਤੱਤ 'ਤੇ ਅਧਾਰਤ ਹੈ।

# ਘੱਟ ਗਿਣਤੀ ਕਮਿਸ਼ਨ ਦੀ ਟੀਮ ਪਾਖਰਪੁਰਾ ਪਹੁੰਚੀ

## ਐੱਸ ਪੀ ਹੈੱਡਕੁਆਰਟਰ, ਡੀ ਐੱਸ ਪੀ ਤੇ ਐੱਸ ਐੱਚ ਓ ਵੀ ਸਨ ਮੌਕੇ 'ਤੇ ਮੌਜੂਦ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਗੁੱਡ ਫਰਾਈਡੇ ਵਾਲੇ ਦਿਨ ਅੰਮ੍ਰਿਤਸਰ ਦੇ ਪਿੰਡ ਪਾਖਰਪੁਰਾ ਵਿੱਚ ਕੁਝ ਨਿਹੰਗਾਂ ਵੱਲੋਂ ਕੀਤੇ ਗਏ ਹੰਗਾਮੇ ਤੋਂ ਬਾਅਦ ਪੁਲਸ ਨੇ ਚੌਕੀ ਇੰਚਾਰਜ ਨੂੰ ਮੁਅੱਤਲ ਕਰ ਦਿੱਤਾ ਹੈ। ਇੱਥੇ ਦੱਸ ਦੇਈਏ ਕਿ ਇਸ ਮਾਮਲੇ ਦੀ ਜਾਂਚ ਲਈ ਸ਼ਨੀਵਾਰ ਨੂੰ ਪੰਜਾਬ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਦੀ ਤਰਫੋਂ ਡਾਕਟਰ ਸੁਭਾਸ਼ ਥੋਬਾ 'ਤੇ ਆਧਾਰਿਤ ਟੀਮ ਬਣਾ ਕੇ ਪਿੰਡ ਪਾਖਰਪੁਰਾ ਵਿਖੇ ਜਾਂਚ ਲਈ ਭੇਜੀ ਗਈ ਸੀ। ਡਾ: ਥੋਬਾ ਪਿੰਡ ਦੇ ਸੇਂਟ ਥਾਮਸ ਚਰਚ ਗਏ ਅਤੇ ਫਾਦਰ ਜੀਵਨ ਅਤੇ ਹੋਰਨਾਂ ਤੋਂ ਘਟਨਾਕ੍ਰਮ ਬਾਰੇ ਜਾਣਕਾਰੀ ਲਈ। ਫਾਦਰ ਨੇ ਦੱਸਿਆ ਕਿ ਗੁੱਡ ਫਰਾਈਡੇ ਤੋਂ ਪਹਿਲਾਂ ਉਨ੍ਹਾਂ ਨੇ ਸਥਾਨਕ ਪੋਸਟ ਨੂੰ ਲਿਖਿਆ ਸੀ ਕਿ ਉਸ ਦਿਨ ਜਲੂਸ ਕੱਢਿਆ ਜਾਵੇਗਾ। ਇਸ ਦੇ ਬਾਵਜੂਦ ਸੁਰੱਖਿਆ ਦੇ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ। ਗੁੱਡ ਫਰਾਈਡੇ 'ਤੇ ਹਾਈਵੇ 'ਤੇ ਜਲੂਸ ਨਿਕਲ ਰਿਹਾ ਸੀ। ਸਾਰੀ ਸੰਗਤ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਦਾ ਗੁਣਗਾਨ ਕਰ ਰਹੀ ਸੀ। ਇਸ ਦੌਰਾਨ ਅਚਾਨਕ ਨਿਹੰਗਾਂ ਦੇ ਭੇਸ ਵਿਚ ਕੁਝ ਲੋਕ ਦੋ ਗੱਡੀਆਂ ਵਿਚ ਆਏ ਅਤੇ ਰਸਤਾ ਰੋਕ ਦਿੱਤਾ ਅਤੇ ਤਲਵਾਰਾਂ ਲਹਿਰਾਈਆਂ। ਇਸ ਕਾਰਨ ਜਲੂਸ ਵਿੱਚ ਭਗਦੜ ਮੱਚ ਗਈ। ਸੰਗਤਾਂ ਘਬਰਾ ਗਈਆਂ। ਕੁਝ ਸਮੇਂ ਤੱਕ ਦਹਿਸ਼ਤ ਫੈਲਾਉਣ ਤੋਂ ਬਾਅਦ ਨਿਹੰਗਾਂ ਦੇ ਭੇਸ ਵਿੱਚ ਆਏ ਲੋਕ ਭੱਜ ਗਏ। ਉਹ ਆਪਣੀਆਂ ਦੋਵੇਂ ਗੱਡੀਆਂ ਲੈ ਕੇ ਮਜੀਠਾ ਵੱਲ ਭੱਜੇ। ਕਮਿਸ਼ਨ ਦੇ ਮੈਂਬਰ ਡਾ. ਸੁਭਾਸ਼ ਥੋਬਾ ਸਮੇਤ ਐੱਸ. ਪੀ. ਹੈੱਡਕੁਆਰਟਰ ਜਸਵੰਤ ਕੌਰ ਅਤੇ ਡੀ. ਐੱਸ. ਪੀ. ਮਜੀਠਾ ਤੇ ਐੱਸ. ਐੱਚ. ਓ. ਵੀ ਸ਼ਾਮਲ ਸਨ। ਇਸ ਦੌਰਾਨ ਚਰਚ ਦੇ ਬਾਹਰ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ। ਸੰਗਤ ਵਿੱਚ ਗੁੱਸਾ ਸੀ ਕਿ ਗੁੱਡ ਫਰਾਈਡੇ ਦੇ ਸ਼ੁਭ ਮੌਕੇ ਅਜਿਹੀ ਘਟਨਾ ਵਾਪਰੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਦੌਰਾਨ ਡਾ: ਸੁਭਾਸ਼ ਥੋਬਾ ਨੇ ਸੰਗਤਾਂ ਨੂੰ ਦੱਸਿਆ ਕਿ ਅੱਜ ਬਹੁਤ ਹੀ ਸ਼ੁਭ ਦਿਹਾੜਾ ਰਿਹਾ। ਪ੍ਰਭੂ ਯਿਸੂ ਨੇ ਸਾਨੂੰ ਸ਼ਾਂਤੀ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਨਾਲ ਗੱਲ ਕਰਕੇ ਚਰਚ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਡਾ: ਥੋਬਾ ਨੇ ਕਿਹਾ ਕਿ ਉਹ ਐੱਸਐੱਸਪੀ ਦਿਹਾਤੀ ਨੂੰ ਮਿਲੇ ਅਤੇ ਸਾਰੀ ਘਟਨਾ ਦਾ ਵੇਰਵਾ ਲਿਆ ਅਤੇ ਇਹ ਵੀ ਕਿਹਾ ਕਿ ਪੁਲਸ ਵਿਭਾਗ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ। ਮੁੱਖ ਮੰਤਰੀ ਭਗਵੰਤ ਮਾਨ ਨੇ ਸਖਤ ਹਦਾਇਤ ਕੀਤੀ ਹੈ ਕਿ ਕਿਸੇ ਵੀ ਧਾਰਮਿਕ ਸਮਾਗਮ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ, ਜਿਸ ਨਾਲ ਫਿਰਕਾਪ੍ਰਸਤੀ ਫੈਲ ਸਕੇ। ਪੁਲਸ ਪ੍ਰਸ਼ਾਸਨ ਨੇ ਵੀ ਸੰਗਤ ਨੂੰ ਭਰੋਸਾ ਦਿਵਾਇਆ ਕਿ ਪੁਲਸ ਦੋਸ਼ੀਆਂ ਦੀ ਭਾਲ 'ਚ ਹੈ। ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਮੌਕੇ ਈਸਾਦਾਸ ਟੋਨੀ, ਦਰਸ਼ਨ ਲਾਲ ਮਾਹਲ, ਰਮਨ, ਰਾਬਰਟ ਭੱਟੀ, ਸੋਨੂੰ ਪੀਟਰ, ਪ੍ਰਧਾਨ ਬੂਟਾ, ਸਾਬਕਾ ਸਰਪੰਚ ਨਿਰਮਲ ਪੱਪੂ, ਮੈਂਬਰ ਤਰਸੇਮ ਚੌਧਰੀ, ਯੂਨਸ ਮਸੀਹ ਯੂਥ ਪ੍ਰਧਾਨ, ਅਮਰੀਕ ਭੱਟੀ ਅਤੇ ਵੱਡੀ ਗਿਣਤੀ ਵਿਚ ਮਸੀਹੀ ਭਾਈਚਾਰਾ ਹਾਜ਼ਰ ਸੀ।

# ਖਾਲਸਾ ਕਾਲਜ ਗੁਰਦਾਸ ਨੰਗਲ 'ਚ ਵਿਸ਼ਵ ਸਿਹਤ ਦਿਵਸ ਸਬੰਧੀ ਸੈਮੀਨਾਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਵਿਸ਼ਵ ਸਿਹਤ ਦਿਵਸ ਸਬੰਧੀ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਦੇ ਪ੍ਰਬੰਧਾਂ ਹੇਠ ਹੋਏ ਇਸ ਸੈਮੀਨਾਰ ਡਾਕਟਰ ਅਮਰਿੰਦਰ ਸਿੰਘ ਕਲੇਰ ਹੋਮਿਓਪੈਥੀ ਅਫਸਰ ਸੀਐੱਚਸੀ ਧਾਰੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੈਮੀਨਾਰ ਦੌਰਾਨ ਭਾਸ਼ਣ, ਕਵਿਤਾ ਅਤੇ ਪੋਸਟਰ ਮੇਕਿੰਗ ਮੁਕਾਬਲਿਆਂ ਵੀ ਕਰਵਾਏ ਗਏ ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਕਾਲਜ ਦੇ ਪ੍ਰੋਫੈਸਰ ਡਾਕਟਰ ਆਤਮਾ ਸਿੰਘ ਨੇ ਵਿਦਿਆਰਥੀਆਂ ਨੂੰ ਸਿਹਤ ਸਬੰਧੀ ਬਹੁਮੁੱਲੀ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਡਾਕਟਰ ਅਮਰਿੰਦਰ ਸਿੰਘ ਕਲੇਰ ਵਿਦਿਆਰਥੀ ਵਰਗ ਨੂੰ ਸਿਹਤ ਸੰਭਾਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦਿਆਂ ਕਿਹਾ ਨਸ਼ੇ ਮਨੁੱਖੀ ਜ਼ਿੰਦਗੀ ਵਿੱਚ ਕੋਹੜ ਦੇ ਸਮਾਨ ਹਨ। ਉਨ੍ਹਾਂ ਨੇ ਕਸਰਤ ਅਤੇ ਯੋਗਾ ਨੂੰ ਤੰਦਰੁਸਤੀ ਲਈ ਵਰਦਾਨ ਦੱਸਿਆ। ਇਸ ਮੌਕੇ ਭਾਸ਼ਣ ਮੁਕਾਬਲੇ ਵਿੱਚੋਂ ਜਗਜੀਤ ਸਿੰਘ ਨੇ ਪਹਿਲਾ ਸਥਾਨ ਅਤੇ ਬਵਨਪ੍ਰੀਤ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਪੋਸਟਰ ਮੇਕਿੰਗ ਮੁਕਾਬਲੇ ਵਿੱਚੋਂ ਦਲਜੀਤ ਕੌਰ ਤੇ ਸੁਖਕਿਰਨ ਕੌਰ ਨੇ ਪਹਿਲਾ ਸਥਾਨ ਅਤੇ ਮੁਸ਼ਕਾਨ ਤੇ ਨਵਰੋਜ਼ਦੀਪ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਵਿਸ਼ਵ ਸਿਹਤ ਦਿਵਸ ਸਬੰਧੀ ਵੱਖ ਵੱਖ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀ ਵਰਗ ਨੂੰ ਸਿਹਤਮੰਦ ਰਹਿ ਕੇ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਨੇ ਡਾਕਟਰ ਅਮਰਿੰਦਰ ਸਿੰਘ ਕਲੇਰ ਦਾ ਕਾਲਜ ਪਹੁੰਚ ਕੇ ਵਿਦਿਆਰਥੀਆਂ ਨੂੰ ਵੱਡਮੁੱਲੀ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸੇਂਟ ਫਰਾਂਸਿਸ ਚਰਚ 'ਚ ਨਤਮਸਤਕ ਹੋਏ ਡਾਕਟਰ ਜਸਬੀਰ ਸਿੰਘ ਸੰਧੂ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਡਾਕਟਰ ਜਸਬੀਰ ਸਿੰਘ ਸੰਧੂ ਵਿਧਾਇਕ ਅੰਮ੍ਰਿਤਸਰ ਪੱਛਮੀ ਨੇ ਆਪਣੇ ਸਾਥੀਆਂ ਸਮੇਤ ਅੱਜ ਗੁੱਡ ਫਰਾਈਡੇ ਮੌਕੇ ਤੇ ਸੇਂਟ ਫਰਾਂਸੀਸੀ ਚਰਚ ਅੰਮ੍ਰਿਤਸਰ ਵਿਖੇ ਹਾਜ਼ਰੀ ਲਗਵਾਈ। ਇਸ ਮੌਕੇ ਬੋਲਦਿਆਂ ਡਾਕਟਰ ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਪਵਿੱਤਰ ਦਿਨ ਦੇ ਨਾਮ 'ਤੇ ਮਨਾਇਆ ਜਾਂਦਾ ਹੈ। ਅੱਜ ਪ੍ਰਭੂ ਯਿਸੂ ਮਸੀਹ ਨੇ ਸੂਲੀ 'ਤੇ ਲਟਕ ਕੇ ਆਪਣਾ ਬਲੀਦਾਨ ਦਿੱਤਾ ਸੀ ਤੇ ਅੱਜ ਦੇ ਦਿਨ ਉਨ੍ਹਾਂ ਦੇ ਬਲੀਦਾਨ ਨੂੰ ਯਾਦ ਕੀਤਾ ਜਾਂਦਾ ਹੈ। ਡਾਕਟਰ ਜਸਬੀਰ ਸਿੰਘ ਸੰਧੂ ਨੇ ਪ੍ਰਭੂ ਯਿਸੂ ਮਸੀਹ ਨੂੰ ਯਾਦ ਕੀਤਾ ਤੇ ਕਿਹਾ ਕਿ ਯਿਸੂ ਮਸੀਹ ਦੀ ਕੁਰਬਾਨੀ ਨੂੰ ਯਾਦ ਕਰਨਾ ਸਾਡਾ ਫਰਜ਼ ਹੈ। ਯਿਸੂ ਮਸੀਹ ਦੇ ਦੱਸੇ ਰਸਤੇ 'ਤੇ ਚੱਲਣਾ ਚਾਹੀਦਾ ਹੈ ਤੇ ਮਾਨਵਤਾ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਫਾਦਰ ਜੋਸੇਫ ਮੈਥਿਊਜ਼, ਫਾਦਰ ਅਭਿਜਾਸ, ਬਾਊ ਜੌਹਨ ਵਿਕਟਰ, ਪਦਮ ਐਨਥਨੀ, ਅਮਰਜੀਤ ਸਿੰਘ, ਵਰਿੰਦਰ ਮਸੀਹ, ਗੌਰਵ ਅੱਗਰਵਾਲ, ਲਾਡੀ ਸਹੋਤਾ, ਕਾਬਲ ਮਸੀਹ, ਪਵਨਜੀਤ ਵਾਰਡ ਨੰਬਰ 5, ਪੀਟਰ ਮਸੀਹ, ਦਵਿੰਦਰ ਸਿੰਘ, ਪ੍ਰਭ ਉੱਪਲ ਆਦਿ ਮਜੂਦ ਸਨ।

# ਸਿੱਖ ਸੈਨਿਕਾਂ ਨੇ ਵਿਸ਼ਵ ਯੁੱਧਾਂ 'ਚ ਬੇਮਿਸਾਲ ਦਲੇਰੀ ਤੇ ਬਹਾਦਰੀ ਦਿਖਾਈ: ਡਾ. ਡੋਮੀਨਿਕ



ਅੰਮ੍ਰਿਤਸਰ 8 ਅਪ੍ਰੈਲ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ ਵਿਖੇ 'ਵਿਸ਼ਵ ਯੁੱਧਾਂ 'ਚ ਸਿੱਖਾਂ ਦੀ ਭੂਮਿਕਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਵਿਸ਼ਵ ਯੁੱਧਾਂ 'ਚ ਸਿੱਖਾਂ ਦੀ ਭਾਗੀਦਾਰੀ ਅਤੇ ਭੂਮਿਕਾ ਦੀ ਸ਼ਲਾਘਾ ਕਰਦਿਆਂ ਬੈਲਜੀਅਮ ਦੇ ਇਤਿਹਾਸਕਾਰ ਅਤੇ ਖੋਜਕਾਰ ਡਾ. ਡੋਮੀਨਿਕ ਡੇਨਡੋਵੇਨ ਨੇ ਆਪਣੇ ਮੁੱਖ ਭਾਸ਼ਣ 'ਚ ਕਿਹਾ ਕਿ ਮਾਰਸ਼ਲ ਸੈਨਿਕਾਂ ਨੇ ਯੁੱਧ ਦੌਰਾਨ ਯੂਰਪ 'ਚ ਸੱਭਿਅਤਾ, ਜਮਹੂਰੀਅਤ ਦੀ ਰੱਖਿਆ ਲਈ ਮਿਸਾਲੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਅੱਜ ਯੂਰਪ ਦੇ ਜ਼ਿਆਦਾਤਰ ਦੇਸ਼ ਆਪਣੀ ਆਜ਼ਾਦੀ ਦੇ ਲਈ ਆਮ ਤੌਰ 'ਤੇ ਭਾਰਤ ਦੇ ਬਹਾਦਰ ਸੈਨਿਕਾਂ, ਖਾਸ ਕਰ ਕੇ ਪੰਜਾਬ ਦੇ ਦੇਣਦਾਰ ਹਨ। ਉਨ੍ਹਾਂ ਵਿਸ਼ਵ ਯੁੱਧਾਂ 'ਚ ਸਿੱਖ ਸਿਪਾਹੀਆਂ ਦੀ ਭੂਮਿਕਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਕਿਵੇਂ ਬੈਲਜੀਅਮ ਅਤੇ ਹਾਲੈਂਡ ਦੇ ਲੋਕ ਉਨ੍ਹਾਂ ਦੀ ਭੂਮਿਕਾ ਨੂੰ ਯਾਦ ਕਰਦੇ ਹਨ।

ਇਸ ਮੌਕੇ ਇਤਿਹਾਸਕਾਰ ਭੁਪਿੰਦਰ ਸਿੰਘ ਹਾਲੈਂਡ, ਜਿਨ੍ਹਾਂ ਨੇ ਵਿਸ਼ਵ ਯੁੱਧਾਂ 'ਚ ਸਿੱਖਾਂ ਦੇ ਰੋਲ ਬਾਰੇ ਦੋ ਇਤਿਹਾਸਕ ਪੁਸਤਕਾਂ ਕਲਮਬੱਧ ਕੀਤੀਆਂ ਹਨ, ਨੇ ਆਪਣੇ ਸੰਬੋਧਨ 'ਚ ਕਿਹਾ ਕਿ ਭਾਵੇਂ ਸਿੱਖ ਭਾਰਤ ਦੀ ਆਬਾਦੀ ਦਾ ਬਹੁਤ ਛੋਟਾ ਹਿੱਸਾ ਸਨ, ਫਿਰ ਵੀ ਯੁੱਧਾਂ 'ਚ ਉਨ੍ਹਾਂ ਦੀ ਭਾਗੀਦਾਰੀ 25 ਪ੍ਰਤੀਸ਼ਤ ਤੱਕ ਸੀ। ਉਨ੍ਹਾਂ ਕਿਹਾ ਕਿ ਦੁਨੀਆ ਹੁਣ ਉਨ੍ਹਾਂ ਅਣਗੌਲੇ ਨਾਇਕਾਂ ਨੂੰ ਮਾਨਤਾ ਦੇ ਰਹੀ ਹੈ ਜਿਨ੍ਹਾਂ ਨੇ ਵਿਦੇਸ਼ੀ ਧਰਤੀ 'ਤੇ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

ਇਸ ਮੌਕੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਆਪਣੇ ਉਦਘਾਟਨੀ ਭਾਸ਼ਣ 'ਚ ਮਹਾਨ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਕੌਮ ਦੀ ਸਥਿਤੀ ਅਤੇ ਬਹਾਦਰ ਸਿੱਖਾਂ ਨੇ ਇੰਗਲੈਂਡ, ਫਰਾਂਸ ਅਤੇ ਹੋਰ ਯੂਰਪੀਅਨ ਦੇਸ਼ਾਂ ਲਈ ਕਿਵੇਂ ਲੜੇ, ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਇਤਿਹਾਸਕਾਰਾਂ ਨੂੰ ਜੰਗਾਂ ਦੌਰਾਨ ਕਿੰਨੇ ਸੈਨਿਕਾਂ ਦੀ ਮੌਤ ਹੋਈ, ਦੇ ਅੰਕੜਿਆਂ ਨੂੰ ਜਨਤਕ ਅਤੇ ਖੋਜ ਕਰਨ ਦਾ ਸੱਦਾ ਦਿੱਤਾ।

# ਰਵਾਇਤੀ ਪਾਰਟੀਆਂ ਦੇ ਕਈ ਆਗੂ ਤੇ ਵਰਕਰ 'ਆਪ' 'ਚ ਸ਼ਾਮਲ



ਬਟਾਲਾ, ਫ਼ਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)-ਪੰਜਾਬ ਸਰਕਾਰ ਵਲੋਂ ਲੋਕਹਿੱਤ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਅਤੇ ਸਰਬਪੱਖੀ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਆਗੂ ਤੇ ਵਰਕਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਜਿਸਦੇ ਚੱਲਦਿਆਂ ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਅਤੇ ਹਲਕਾ ਇੰਚਾਰਜ ਆਪ ਪਾਰਟੀ ਫਤਿਹਗੜ੍ਹ ਚੂੜੀਆਂ ਦੀ ਹਾਜ਼ਰੀ ਵਿੱਚ ਪਿੰਡ ਫਜ਼ਲਾਬਾਦ ਦੇ ਰਵਾਇਤੀ ਪਾਰਟੀਆਂ ਦੇ ਆਗੂ ਤੇ ਵਰਕਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਚੇਅਰਮੈਨ ਪਨੂੰ ਨੇ ਆਪ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਪਿੰਡ ਫਜ਼ਲਾਬਾਦ ਦੇ ਸਾਬਕਾ ਮੈਂਬਰ ਲਖਵਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਤਰਸੇਮ ਸਿੰਘ, ਅਮਨਜੀਤ ਸਿੰਘ, ਅਮਰਜੀਤ ਸਿੰਘ, ਬਲਵੰਤ ਸਿੰਘ, ਸੁਖਵਿੰਦਰ ਸਿੰਘ, ਊਧਮ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ, ਸਤਵਿੰਦਰ ਸਿੰਘ, ਗੁਰਨਾਮ ਸਿੰਘ, ਅਮਰੀਕ ਸਿੰਘ ਅਤੇ ਮਨਦੀਪ ਸਿੰਘ ਹਾਜ਼ਰ ਸਨ

ਚੇਅਰਮੈਨ ਪਨੂੰ ਨੇ ਕਿਹਾ ਕਿ ਆਪ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਵਲੋਂ ਆਪਣੇ ਮਹਿਜ਼ ਇੱਕ ਸਾਲ ਦੇ ਕਾਰਜਕਾਲ ਦੌਰਾਨ ਹਰੇਕ ਵਰਗ ਦੀ ਭਲਾਈ ਲਈ ਵਿਸ਼ੇਸ ਉਪਰਾਲੇ ਕੀਤੇ ਗਏ ਹਨ।

ਸੂਬਾ ਸਰਕਾਰ ਵਲੋਂ ਸਿੱਖਿਆ, ਸਿਹਤ, ਬਿਜਲੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਲੋਕ ਹਿੱਤ ਲਈ ਵੱਡੇ ਕਾਰਜ ਕੀਤੇ ਹਨ ਅਤੇ ਲੋਕਹਿੱਤ ਲਈ ਕਾਰਜ ਹੋਰ ਤੇਜ਼ੀ ਨਾਲ ਕੀਤੇ ਜਾਣਗੇ।

ਹਲਕੇ ਫਤਿਹਗੜ੍ਹ ਚੂੜੀਆਂ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ ਤੇ ਵਿਕਾਸ ਕਾਰਜਾਂ ਵਿੱਚ ਕਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

# ਸਰਕਾਰੀ ਪ੍ਰਾਇਮਰੀ ਸਕੂਲ ਕਰ੍ਹਾ 'ਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ



ਲੋਹੀਆਂ ਖਾਸ (ਗੀਨਾ ਸ਼ਰਮਾ, ਯੋਗੇਸ਼ਵਰ) : ਸਰਕਾਰੀ ਪ੍ਰਾਇਮਰੀ ਸਕੂਲ ਕਰ੍ਹਾ ਰਾਮ ਸਿੰਘ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾ ਕੇ ਕੀਤੀ ਗਈ ਅਤੇ ਪਰਮਾਤਮਾ ਅੱਗੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਸਮੇਂ ਬਲਾਕ ਸਿੱਖਿਆ ਅਫਸਰ ਲੋਹੀਆਂ ਖਾਸ ਰਾਕੇਸ਼ ਚੰਦ ਅਤੇ ਬੀ ਡੀ ਪੀ ਓ ਲੋਹੀਆਂ ਖਾਸ ਮਲਕੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਕੂਲ ਮੁਖੀ ਬਲਜਿੰਦਰ ਕੌਰ ਅਤੇ ਸਮੂਹ ਸਟਾਫ ਨਿਰਮਲਜੀਤ ਕੌਰ, ਵੰਸ਼ , ਕਮਲਦੀਪ ਕੌਰ, ਗੁਰਪ੍ਰੀਤ ਸਿੰਘ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਗਿਆ। ਇਸ ਮੌਕੇ ਬਾਬਾ ਮੀਰਾ ਸ਼ਾਹ ਹੁਸੈਨ ਪ੍ਰਬੰਧਕ ਕਮੇਟੀ ਕਰ੍ਹਾ ਰਾਮ ਸਿੰਘ, ਨਗਰ ਪੰਚਾਇਤ , ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਬੀ ਪੀ ਈ ਓ, ਰਾਕੇਸ਼ ਚੰਦ ਅਤੇ ਸੈਂਟਰ ਹੈਡ ਟੀਚਰ ਕਰਮਜੀਤ ਸਿੰਘ ਸੰਧੂ ਦਾ ਸਿਰਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਜਸਵੀਰ ਸਿੰਘ ਚੌਹਾਨ ਬੀ.ਐਮ.ਟੀ. ਅਤੇ ਸੈਂਟਰ ਹੈਡ ਟੀਚਰ ਕਾਕੜ ਕਲਾਂ, ਬਰਿੰਦਰ ਪਾਲ ਸਿੰਘ ਬੀ ਐਮ ਟੀ, ਨਿਰਮਲ ਸਿੰਘ ਸੈਂਟਰ ਹੈਡ ਟੀਚਰ ਲੋਹੀਆਂ ਖਾਸ, ਕੁਲਵਿੰਦਰ ਸਿੰਘ ਜੋਸਨ ਪ੍ਰਧਾਨ ਡੀ ਟੀ ਐੱਫ, ਹਰਵਿੰਦਰਜੀਤ ਕੌਰ ਬੀ ਐੱਸ ਓ ਲੋਹੀਆਂ ਖਾਸ, ਸੁਨੀਲ ਕੁਮਾਰ ਡਾਟਾ ਐਂਟਰੀ ਓਪਰੇਟਰ, ਅਵਤਾਰ ਸਿੰਘ, ਸੰਤੋਖ ਸਿੰਘ, ਅਮਰਪ੍ਰੀਤ ਸਿੰਘ, ਜੋਤੀ, ਮਲਕੀਤ ਸਿੰਘ, ਅਵਤਾਰ ਸਿੰਘ, ਬਲਵੀਰ ਸਿੰਘ, ਸੁਰਿੰਦਰਜੀਤ ਸਿੰਘ, ਬਲਵੰਤ ਸਿੰਘ, ਜਸਵਿੰਦਰ ਸਿੰਘ, ਜਗਤਾਰ ਸਿੰਘ, ਗੀਤਾ ਰਾਣੀ ਹੈਡ ਟੀਚਰ, ਦੀਪਕ ਪ੍ਰਕਾਸ਼, ਸਰਬਜੀਤ ਸਿੰਘ, ਜਸਵੀਰ ਸਿੰਘ, ਵਿਜੇ ਕੁਮਾਰ, ਪ੍ਰਭਜਿੰਦਰ ਸਿੰਘ, ਜਸਵਿੰਦਰ ਕੌਰ, ਮਨਪ੍ਰੀਤ ਕੌਰ, ਅਰਚਨਾ, ਮੋਨਿਕਾ, ਮਨਜਿੰਦਰ ਕੌਰ, ਗੁਰਵਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਪ੍ਰੋਗਰਾਮ 'ਚ ਸਹਿਯੋਗ ਕਰਨ ਲਈ ਹਰਨੇਕ ਸਿੰਘ ਨੰਬਰਦਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਸ਼ੋਭਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਮਹਾਰਾਜਾ ਰਿਪੁਦਮਨ ਸਿੰਘ ਨੇ ਪੰਥਕ ਸੋਚ 'ਤੇ ਪਹਿਰਾ ਦਿੰਦਿਆਂ ਆਪਣੇ ਜੀਵਨ ਅੰਦਰ ਕਈ ਅਹਿਮ ਕਾਰਜ ਕੀਤੇ ਸਨ। ਉਨ੍ਹਾਂ ਨੇ ਸੰਨ 1909 ਵਿਚ ਅਨੰਦ ਮੈਰਿਜ ਐਕਟ ਪਾਸ ਕਰਵਾਉਣ ਵਿਚ ਅਹਿਮ ਯੋਗਦਾਨ ਪਾਇਆ। ਇਸ ਦੇ ਨਾਲ ਹੀ ਸਾਕਾ ਸ੍ਰੀ ਨਨਕਾਣਾ ਸਾਹਿਬ ਸਮੇਂ ਸ਼੍ਰੋਮਣੀ ਕਮੇਟੀ ਦੇ ਸੱਦੇ 'ਤੇ ਕਾਲੀਆਂ ਦਸਤਾਰਾਂ ਬੰਨ੍ਹ ਕੇ ਰੋਸ ਪ੍ਰਗਟ ਕਰਨ ਵਾਲਿਆਂ ਵਿਚ ਵੀ ਮਹਾਰਾਜਾ ਨਾਭਾ ਸ਼ਾਮਲ ਸਨ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਬਦਲੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਉਨ੍ਹਾਂ ਦੀ ਤਸਵੀਰ ਨੂੰ ਥਾਂ ਦਿੱਤੀ ਗਈ ਹੈ। ਇਸ ਮੌਕੇ ਮਹਾਰਾਜਾ ਰਿਪੁਦਮਨ ਸਿੰਘ ਦੇ ਪਰਿਵਾਰ ਵਿੱਚੋਂ ਬੀਬੀ ਪ੍ਰੀਤੀ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਪੁਰਖਿਆ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਨਾਭਾ ਨੇ ਕਾਲੇ ਪਾਣੀ ਦੀ ਸਜ਼ਾ ਤਾਂ ਪ੍ਰਵਾਨ ਕੀਤੀ ਪਰ ਅੰਗਰੇਜ਼ਾਂ ਨੂੰ ਮੁਆਫ਼ੀਨਾਮਾ ਨਹੀਂ ਲਿਖ ਕੇ ਦਿੱਤਾ। ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸਿੱਖ ਵਿਦਵਾਨ ਗਿਆਨ ਸਿੰਘ ਸੰਧੂ ਕੈਨੇਡਾ, ਜਤਿੰਦਰਪਾਲ ਸਿੰਘ ਅਮਰੀਕਾ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਪੜਪੋਤੇ ਯੁਵਰਾਜ ਅਭੀ ਉਦੈਪ੍ਰਤਾਪ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ। ਸਮਾਗਮ 'ਚ ਪੁੱਜੇ ਮਹਾਰਾਜਾ ਨਾਭਾ ਦੇ ਪਰਿਵਾਰਕ ਮੈਂਬਰਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਜ਼ਿਲ੍ਹਾ ਪਠਾਨਕੋਟ ਦਾ ਪੰਜਵੀਂ ਜਮਾਤ ਦਾ ਨਤੀਜਾ 99.81 ਫੀਸਦੀ



ਪਠਾਨਕੋਟ(ਦਵਿੰਦਰ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਪੰਜਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਸਰਨਾ ਬਲਾਕ ਪਠਾਨਕੋਟ-2 ਦੇ ਦੋ ਵਿਦਿਆਰਥੀਆਂ ਨੇ 500 ਵਿੱਚੋਂ 500 ਅੰਕ ਪ੍ਰਾਪਤ ਕਰ ਕੇ ਪੰਜਾਬ ਭਰ ਵਿੱਚ ਜ਼ਿਲ੍ਹਾ ਪਠਾਨਕੋਟ ਦਾ ਮਾਣ ਵਧਾਇਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਕੀਤਾ। ਉਨ੍ਹਾਂ ਇਸ ਸਬੰਧੀ ਜਾਰੀ ਪ੍ਰੈੱਸ ਬਿਆਨ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਸਰਨਾ ਦੀ ਵਿਦਿਆਰਥਣ ਸ਼ਾਰਧਾ ਅਤੇ ਰਿਸ਼ਵ ਨੇ 500 ਵਿੱਚੋਂ 500 ਨੰਬਰ ਪ੍ਰਾਪਤ ਕਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸਰਕਾਰੀ ਪ੍ਰਾਇਮਰੀ ਸਕੂਲ ਸੁੰਦਰਚੱਕ ਦੇ ਵਿਦਿਆਰਥੀ ਗੌਰੀ, ਸਰਕਾਰੀ ਪ੍ਰਾਇਮਰੀ ਸਕੂਲ ਬਮਿਆਲ ਦੇ ਵਿਦਿਆਰਥਣ ਪ੍ਰਿਆਂਸ਼ੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੱਡਿਆਂ ਲਾਹੜੀ ਦੇ ਵਿਦਿਆਰਥੀ ਪ੍ਰਿੰਸ ਨੇ 500 ਵਿੱਚੋਂ 498 ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ, ਜਦਕਿ ਸਰਕਾਰੀ ਪ੍ਰਾਇਮਰੀ ਸਕੂਲ ਸਰਨਾ ਦੀ ਵਿਦਿਆਰਥਣ ਸਿਮਰਨ, ਸਰਕਾਰੀ ਪ੍ਰਾਇਮਰੀ ਸਕੂਲ ਸਰਨਾ ਦੀ ਹੀ ਵਿਦਿਆਰਥਣ ਸੁਖਮਣੀ, ਸਰਕਾਰੀ ਪ੍ਰਾਇਮਰੀ ਸਕੂਲ ਸੁੰਦਰਚੱਕ ਦੇ ਕੇਸ਼ਵ ਕੁਮਾਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨਰੋਟ ਜੈਮਲ ਸਿੰਘ ਦੀ ਵਿਦਿਆਰਥਣ ਅੰਸ਼ਿਕਾ ਨੇ 497 ਅੰਕ ਪ੍ਰਾਪਤ ਕਰ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਹਾਸਲ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ 5205 ਬੱਚਿਆਂ ਨੇ ਪੰਜਵੀਂ ਦੀ ਪ੍ਰੀਖਿਆ ਦਿੱਤੀ ਸੀ ਜਿਨ੍ਹਾਂ ਵਿੱਚੋਂ 5195 ਬੱਚਿਆਂ ਨੇ ਇਸ ਪ੍ਰੀਖਿਆ ਨੂੰ ਪਾਸ ਕੀਤਾ ਹੈ। ਇਸ ਤਰ੍ਹਾਂ ਪਠਾਨਕੋਟ ਦੀ ਪਾਸ ਪ੍ਰਤੀਸਤਤਾ 99.81 ਪ੍ਰਤੀਸ਼ਤ ਰਹੀ ਹੈ। ਜ਼ਿਲ੍ਹਾ ਅਧਿਕਾਰੀਆਂ ਨੇ ਪੰਜਵੀਂ ਬੋਰਡ ਦੇ ਨਤੀਜਿਆਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਧਿਆਪਕ ਸਾਹਿਬਾਨ ਆਪਣੀ ਮਿਹਨਤ ਅਤੇ ਜਜ਼ਬੇ ਨਾਲ ਇਸ ਨਤੀਜੇ ਨੂੰ ਆਉਣ ਵਾਲੇ ਸਾਲ ਵਿੱਚ ਹੋਰ ਬਿਹਤਰ ਕਰਨਗੇ।

# ਫੀਅਟ ਗੱਡੀ ਅਤੇ ਨਸ਼ੀਲੇ ਪਦਾਰਥਾਂ ਸਮੇਤ ਦੋ ਕਾਬੂ



ਲੋਹੀਆਂ ਖਾਸ (ਯੋਗੇਸ਼ਵਰ, ਗੀਨਾ ਸ਼ਰਮਾ) – ਸਮਾਜ ਦੇ ਮਾੜੇ ਅਨਸਰਾਂ ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਪੰਜਾਬ ਪੁਲਸ ਦੀ ਮੁਹਿੰਮ ਨੂੰ ਉਸ ਸਮੇਂ ਹੋਰ ਵੀ ਬਲ ਮਿਲਿਆ ਜਦ ਲੋਹੀਆਂ ਥਾਣਾ ਮੁਖੀ ਇਸਪੈਕਟਰ ਜੈ ਪਾਲ ਦੀ ਅਗਵਾਈ ਵਿੱਚ ਸਬ ਇੰਸਪੈਕਟਰ ਇਕਬਾਲ ਸਿੰਘ ਸਮੇਤ ਪੁਲਸ ਪਾਰਟੀ ਨੇ ਨਾਕਾਬੰਦੀ ਦੌਰਾਨ ਗੇਟ ਯੂਸਫਪੁਰ ਅਲੀਵਾਲ ਤੋਂ ਫੀਅਟ ਗੱਡੀ ਨੰਬਰ ਡੀ ਐਲ 7 ਸੀ ਕੇ 7577 ਵੱਲੋਂ 115 ਨਸ਼ੀਲੀਆਂ ਗੋਲੀਆਂ, 50 ਗ੍ਰਾਮ ਨਸ਼ੀਲਾ ਪਾਊਡਰ ਅਤੇ 4500 ਰੁਪਏ ਡਰੱਗ ਮਨੀ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੇ ਉਸ ਗੱਡੀ ਵਿੱਚ ਸਵਾਰ ਗੁਰਮੀਤ ਸਿੰਘ ਉਰਫ ਸੰਨੀ ਪੁੱਤਰ ਪਰਮਜੀਤ ਸਿੰਘ ਵਾਸੀ ਮੁਹੱਲਾ ਪ੍ਰਤਾਪ ਨਗਰ ਥਾਣਾ ਕਨਾਲ ਬਠਿੰਡਾ ਪਾਸੋਂ 115 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਅਤੇ 50 ਗ੍ਰਾਮ ਨਸ਼ੀਲਾ ਪਦਾਰਥ ਸਮੇਤ 4500 ਰੁਪਏ ਡਰੱਗ ਮਨੀ ਬਰਾਮਦ ਕੀਤੀ ਅਤੇ ਦੂਸਰੇ ਵਿਅਕਤੀ ਗੁਰਪਿਆਰ ਸਿੰਘ ਉਰਫ ਅਰਸ ਪੁੱਤਰ ਰਾਜੂ ਸਿੰਘ ਵਾਸੀ ਨਜ਼ਦੀਕ ਬਾਬਾ ਜੀਵਨ ਸਿੰਘ ਥਾਣਾ ਸਮਾਲਸਰ ਜ਼ਿਲ੍ਹਾ ਮੋਗਾ ਹਾਲ ਵਾਸੀ ਚੈਨਾ ਥਾਣਾ ਜੈਤੋ ਜ਼ਿਲ੍ਹਾ ਫਰੀਦਕੋਟ ਪਾਸੋਂ 50 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਸਬ ਇੰਸਪੈਕਟਰ ਇਕਬਾਲ ਸਿੰਘ ਵੱਲੋਂ ਮੁਕੱਦਮਾ ਦਰਜ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

# ਪੱਤਰਕਾਰ ਤੇਜਿੰਦਰ ਸਿੰਘ ਬੱਬੂ ਨੂੰ ਗਹਿਰਾ ਸਦਮਾ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਕਸਬਾ ਝਬਾਲ ਤੋਂ ਪੱਤਰਕਾਰ ਤੇਜਿੰਦਰ ਸਿੰਘ ਬੱਬੂ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਜੀਜਾ ਜਗਤਾਰ ਸਿੰਘ ਕੱਕਾ ਕੰਡਿਆਲਾ ਦਾ ਹਾਰਟ ਅਟੈਕ ਹੋਣ ਕਾਰਨ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਕੱਕਾ ਕੰਡਿਆਲਾ ਵਿਖੇ ਕੀਤਾ ਗਿਆ। ਦੁਖੀ ਪਰਿਵਾਰ ਨਾਲ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਐੱਮਪੀ ਜਸਬੀਰ ਸਿੰਘ ਡਿੰਪਾ, ਸਾਬਕਾ ਵਿਧਾਇਕ ਹਰਮਿੰਦਰ ਸਿੰਘ ਪੱਟੀ, ਡਾ. ਸੰਦੀਪ ਅਗਨੀਹੋਤਰੀ, ਚੇਅਰਮੈਨ ਰਮਨ ਕੁਮਾਰ ਸ਼ਰਮਾ, ਸੀਨੀਅਰ ਕਾਂਗਰਸੀ ਆਗੂ ਵਿਕਰਮ ਸਿੰਘ ਢਿੱਲੋਂ, ਮਨਜੀਤ ਸਿੰਘ ਢਿੱਲੋਂ, ਚੇਅਰਮੈਨ ਰਣਜੀਤ ਸਿੰਘ ਰਾਣਾ, ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ, ਐੱਸਪੀ ਵਿਸ਼ਾਲਜੀਤ ਸਿੰਘ, ਡੀਐੱਸਪੀ ਜਸਪਾਲ ਸਿੰਘ ਢਿੱਲੋਂ, ਐੱਸਐੱਚਓ ਕੇਵਲ ਸਿੰਘ, ਐੱਸਐੱਚਓ ਸਲਵੰਤ ਸਿੰਘ, ਸਰਪੰਚ ਗੁਰਪਾਲ ਸਿੰਘ ਜੱਗਤਪੁਰਾ, ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ, ਸਰਪੰਚ ਪ੍ਰਗਟ ਸਿੰਘ, ਸਰਪੰਚ ਸੋਨੂੰ ਦੋਦੇ ਬਰਾੜ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਕਸ਼ਮੀਰ ਸਿੰਘ ਫੌਜੀ, ਜੋਤ ਬਘੇਲ ਸਿੰਘ ਵਾਲਾ, ਸਰਪੰਚ ਸੋਨੂੰ ਚੀਮਾਂ, ਸਰਪੰਚ ਕੰਵਲਜੀਤ ਸਿੰਘ ਠੱਠਾ, ਸਰਪੰਚ ਹਰਜੀਤ ਕੌਰ, ਪੱਤਰਕਾਰਾਂ ਭਾਈ ਚਾਰਾ ਸੁਖਦੇਵ ਸਿੰਘ ਮੀਆਂਪੁਰ, ਨਰਿੰਦਰ ਕੁਮਾਰ ਪੱਪਾ, ਹਰਜਿੰਦਰ ਸਿੰਘ ਲਾਲਾ, ਕਿਰਪਾਲ ਸਿੰਘ, ਸ਼ਿਵਦੀਪ ਸਿੰਘ, ਗੁਰਸ਼ਰਨ ਸਿੰਘ ਔਲਖ, ਮਦਨ ਲਾਲ, ਜਤਿੰਦਰ ਸਿੰਘ ਸ਼ਰਮਾ, ਦਵਿੰਦਰਪਾਲ ਸਿੰਘ, ਰੌਬਿਨ ਸਿੰਘ ਸੋਨੀ, ਸਰਬਜੀਤ ਸਿੰਘ, ਦਲਜੀਤ ਸਿੰਘ ਚੱਢਾ, ਮਨਜੀਤ ਸਿੰਘ ਰੰਧਾਵਾ, ਹਰਦੀਪ ਸਿੰਘ ਸੋਨੀ, ਰਜਿੰਦਰ ਕੁਮਾਰ, ਦਵਿੰਦਰ ਸਿੰਘ ਮੰਗਾ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਦਾਲਾਂ ਹੇਠ ਵੱਧ ਤੋਂ ਵੱਧ ਰਕਬਾ ਲਿਆਉਣਾ ਸਮੇਂ ਦੀ ਮੁੱਖ ਲੋੜ : ਖੇਤੀਬਾੜੀ ਅਫਸਰ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਧੀਨ ਕਿਸਾਨਾਂ ਨੂੰ ਦਾਲਾਂ ਦੀ ਕਾਸ਼ਤ ਬਾਰੇ ਜਾਗਰੂਕ ਕਰਨ ਲਈ ਜੋਤੀਸ਼ਾਹ ਵਿਖੇ ਕਿਸਾਨ ਸੰਦੀਪ ਸਿੰਘ ਦੇ ਖੇਤਾਂ 'ਚ ਕਾਸ਼ਤ ਕੀਤੀ ਜਾ ਰਹੀ ਸੱਠੀ ਮੂੰਗੀ ਤੇ ਸੱਠੇ ਮਾਂਹ ਦਾ ਨਿਰੀਖਣ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਪੱਟੀ ਤੇ ਡਾ. ਸੰਦੀਪ ਸਿੰਘ ਏਡੀਓ ਨੇ ਕੀਤਾ।

ਨਿਰੀਖਣ ਮੌਕੇ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਨੇ ਜਾਣਕਾਰੀ ਦਿੱਤੀ ਕਿ ਇਕਹਿਰੇ ਕਣਕ ਝੋਨੇ ਦੇ ਫਸਲੀ ਚੱਕਰ ਨਾਲ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਜਿਵੇਂ ਕਿ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਗਿਰਾਵਟ, ਜ਼ਮੀਨ ਦੀ ਸਿਹਤ ਵਿੱਚ ਖਰਾਬੀ ਹੈ। ਵਾਤਾਵਰਣ ਵਿੱਚ ਵਿਗਾੜ ਆਦਿਕ ਹੋਣ ਕਰਕੇ ਦਾਲਾਂ ਹੇਠ ਰਕਬਾ ਵਧਾਉਣ ਦੀ ਬਹੁਤ ਸਖਤ ਲੋੜ ਹੈ। ਉਨ੍ਹਾਂ ਕਿਹਾ ਕਿ ਗਰਮੀਆਂ ਦੇ ਮਹੀਨਿਆਂ 'ਚ ਦਾਲਾਂ ਤੇ ਦੂਜੀਆਂ ਫਲੀਦਾਰ ਫਸਲਾਂ ਨੂੰ ਹਰੇ ਚਾਰੇ ਜਾਂ ਹਰੀ ਖਾਦ ਲਈ ਬੀਜਣਾ ਬਹੁਤ ਹੀ ਲਾਭਦਾਇਕ ਹੈ ਕਿਉਂਕਿ ਉਦੋਂ ਖਾਲੀ ਖੇਤ ਦੀ ਜ਼ਮੀਨ ਵਿਚਲਾ ਸਜੀਵੀ ਮਾਦਾ ਜ਼ਿਆਦਾ ਤਾਪਮਾਨ ਕਰਕੇ ਖਤਮ ਹੋ ਜਾਂਦਾ ਹੈ। ਇਸ ਮੌਕੇ ਡਾ. ਸੰਦੀਪ ਸਿੰਘ ਏਡੀਓ ਨੇ ਜਾਣਕਾਰੀ ਦਿੱਤੀ ਕਿ ਸੱਠੀ ਮੂੰਗੀ ਦੀ ਬਿਜਾਈ ਲਈ 10 ਅਪ੍ਰੈਲ ਤੱਕ ਦਾ ਸਮਾਂ ਢੁੱਕਵਾਂ ਹੈ ਜਦਕਿ 21 ਅਪ੍ਰੈਲ ਤੱਕ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ ਉਨ੍ਹਾਂ ਕਿਹਾ ਕਿ ਐੱਸ.ਐੱਮ.ਐੱਲ 1827 ਕਿਸਮ ਦਾ ਬੀਜ ਖੇਤੀਬਾੜੀ ਦਫਤਰ ਵਿੱਚ ਉਪਲਬਧ ਹੈ। ਬਿਜਾਈ ਲਈ 12 ਕਿਲੋ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ 100 ਕਿਲੋ ਸੁਪਰਫਾਸਫੇਟ ਅਤੇ 11 ਕਿਲੋ ਯੂਰੀਆ ਖਾਦ ਬਿਜਾਈ ਸਮੇਂ ਲਾਹੇਵੰਦ ਰਹਿੰਦਾ ਹੈ। ਮੂੰਗੀ ਦੀ ਫਸਲ ਉਪਰੰਤ ਇਹਨਾਂ ਖੇਤਾਂ ਵਿਚ ਝੋਨੇ ਜਾਂ ਬਾਸਮਤੀ ਦੀ ਫਸਲ ਨੂੰ 35 ਕਿਲੋ ਯੂਰੀਆ ਦੀ ਘੱਟ ਖਾਦ ਪਾਈ ਜਾਵੇ।

# ਭਾਅ ਜੀ ਗੁਰਸ਼ਰਨ ਸਿੰਘ ਦੇ ਜੱਦੀ ਘਰ ਨੂੰ ਬਚਾਉਣ ਲਈ ਕੀਤੀ ਇਕੱਤਰਤਾ

## ਵਿਰਾਸਤ ਸੰਭਾਲ ਕਮੇਟੀ ਦਾ ਵ.ਫਦ ਜਲਦ ਹੀ ਮੁੱਖ ਮੰਤਰੀ ਨੂੰ ਮਿਲੇਗਾ





-ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਅ ਜੀ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਵੱਲੋਂ ਲੋਕ ਪੱਖੀ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੇ ਅੰਮ੍ਰਿਤਸਰ ਵਿਚਲੇ ਜੱਦੀ ਘਰ ਨੂੰ ਵਿਰਾਸਤੀ ਦਰਜਾ ਦਿਵਾਉਣ ਲਈ ਸੰਘਰਸ਼ ਸਬੰਧੀ ਵਿਰਸਾ ਵਿਹਾਰ ਵਿਖੇ ਵਿਸ਼ੇਸ਼ ਇਕੱਤਰਤਾ ਬੁਲਾਈ ਗਈ ਜਿਸ ਵਿੱਚ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ, ਰੰਗਮੰਚ ਤੇ ਸਾਹਿਤ ਨਾਲ ਜੁੜੀਆਂ ਤੇ ਲੋਕ ਪੱਖੀ ਜਥੇਬੰਦੀਆਂ ਦੇ ਆਗੂ ਤੇ ਪ੍ਰਤਿਨਿਧ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

ਇਸ ਮੌਕੇ ਸਰਬਸੰਮਤੀ ਨਾਲ ਲਏ ਗਏ ਫੈਸਲਿਆਂ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਭਾਅ ਜੀ ਗੁਰਸ਼ਰਨ ਸਿੰਘ ਦੇ ਵਿਰਾਸਤੀ ਘਰ ਨੂੰ ਢਾਹੇ ਜਾਣ ਤੋਂ ਬਚਾਉਣ ਲਈ ਇਸ ਨੂੰ ਸਰਕਾਰ ਵੱਲੋਂ ਐਕਵਾਇਰ ਕਰਕੇ ਇਸ ਦੀ ਸਾਂਭ-ਸੰਭਾਲ ਲਈ ਭਾਅ ਜੀ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਨੂੰ ਸੌਂਪਿਆ ਜਾਵੇ। ਇਸ ਮੌਕੇ ਪਾਸ ਕੀਤੇ ਹੋਰ ਮਤਿਆਂ ਵਿੱਚ ਇਹ ਵੀ ਸ਼ਾਮਿਲ ਸੀ ਕਿ ਇਸ ਘਰ ਨੂੰ ਇਸਦੀ ਤੁਰੰਤ ਸਾਂਭ-ਸੰਭਾਲ ਲਈ ਭਾਅ ਜੀ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਨੂੰ ਸੌਂਪਿਆ ਜਾਵੇ। ਇਨ੍ਹਾਂ ਮਤਿਆਂ ਨੂੰ ਲਾਗੂ ਕਰਵਾਉਣ ਲਈ ਕਮੇਟੀ ਦਾ ਡੈਪੂਟੇਸ਼ਨ ਜਲਦੀ ਹੀ ਮੁੱਖ ਮੰਤਰੀ ਪੰਜਾਬ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲੇਗਾ। ਇਸ ਇਕੱਤਰਤਾ ਮੌਕੇ ਸੰਬੋਧਨ ਕਰਦਿਆਂ ਵਿਰਾਸਤ ਸੰਭਾਲ ਕਮੇਟੀ ਦੇ ਕੋਆਰਡੀਨੇਟਰ ਡਾ. ਪਰਮਿੰਦਰ, ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ, ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾ, ਕਾਮਰੇਡ ਅਮੋਲਕ ਸਿੰਘ, ਜਤਿੰਦਰ ਸਿੰਘ ਛੀਨਾ ਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਭਾਅ ਜੀ ਗੁਰਸ਼ਰਨ ਸਿੰਘ ਦੀ ਕੇਵਲ ਪੰਜਾਬ ਦੇ ਲੋਕਾਂ ਜਾਂ ਰੰਗਮੰਚ ਨੂੰ ਹੀ ਦੇਣ ਨਹੀਂ ਸੀ ਬਲਕਿ ਉਹ ਦੁਨੀਆ ਭਰ ਦੇ ਲੱਖਾਂ ਲੇਖਕਾਂ, ਰੰਗਕਰਮੀਆਂ ਤੇ ਸੰਘਰਸ਼ਸ਼ੀਲ ਲੋਕਾਂ ਦੇ ਰੋਲ ਮਾਡਲ ਵੀ ਸਨ। ਇਸ ਲਈ ਸਰਕਾਰਾਂ ਨੂੰ ਅਜਿਹੇ ਮਹਾਨ ਨਾਟਕਕਾਰ ਤੇ ਲੇਖਕ ਦੇ ਜੱਦੀ ਘਰ ਨੂੰ ਵਿਰਾਸਤ ਵਜੋਂ ਸੰਭਾਲਿਆ ਜਾਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਥੇ ਪ੍ਰੇਰਨਾ ਲੈ ਸਕਣ।

ਇਸ ਮੌਕੇ ਭਾਅ ਜੀ ਦੀ ਬੇਟੀ ਡਾ. ਅਰੀਤ ਤੇ ਡਾ. ਨਵਸ਼ਰਨ ਨੇ ਕਿਹਾ ਕਿ ਭਾਅ ਜੀ ਦੇ ਘਰ ਨੂੰ ਢਾਹੇ ਜਾਣ ਤੋਂ ਬਚਾ ਕੇ ਇਸ ਘਰ ਨੂੰ ਵਿਰਾਸਤ ਸੰਭਾਲ ਕਮੇਟੀ ਦੇ ਹਵਾਲੇ ਕੀਤਾ ਜਾਵੇ, ਜੋ ਇਸਦੀ ਲੋੜੀਂਦਾ ਦੇਖਭਾਲ ਤੇ ਮੁਰੰਮਤ ਆਦਿ ਦੀਆਂ ਜ਼ਿੰਮੇਵਾਰੀਆਂ ਨਿਭਾਵੇ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਜਾਂ ਪ੍ਰਸ਼ਾਸਨ ਨੇ ਇਸ ਵਿਰਾਸਤ ਨੂੰ ਬਚਾਉਣ ਸਬੰਧੀ ਕੋਈ ਕਾਰਵਾਈ ਨਾ ਕੀਤੀ ਤਾਂ ਸਮੂਹ ਕਿਸਾਨ, ਮਜ਼ਦੂਰ, ਰੰਗਮੰਚ, ਸਾਹਿਤਕ ਤੇ ਲੋਕ ਪੱਖੀ ਜੱਥੇਬੰਦੀਆਂ ਵੱਲੋਂ ਜਲਦੀ ਹੀ ਅੰਮ੍ਰਿਤਸਰ ਵਿਖੇ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਇਕੱਤਰਤਾ ਨੂੰ ਕਾਮਰੇਡ ਰਤਨ ਸਿੰਘ ਰੰਧਾਵਾ, ਲਖਬੀਰ ਸਿੰਘ ਨਿਜ਼ਾਮਪੁਰਾ, ਲਖਵਿੰਦਰ ਸਿੰਘ, ਵਰਿਆਮ ਨੰਗਲ, ਕਿਸਾਨ ਆਗੂ ਸੰਗਤਪੁਰਾ, ਇਕਬਾਲ ਕੌਰ ਸੌਂਦ ਤੇ ਸਰਦਾਰ ਸਿੰਘ ਚੀਮਾ ਆਦਿ ਨੇ ਵੀ ਸੰਬੋਧਨ ਕੀਤਾ।

ਇਸ ਇਕੱਤਰਤਾ ਵਿੱਚ 28 ਵੱਖ-ਵੱਖ ਲੋਕ ਪੱਖੀ ਤੇ ਜਮਹੂਰੀ ਜਥੇਬੰਦੀਆਂ ਜਿਸ ਵਿੱਚ ਮੰਚ-ਰੰਗਮੰਚ ਅੰਮ੍ਰਿਤਸਰ, ਬੀ. ਕੇ. ਯੂ. ਏਕਤਾ ਉਗਰਾਹਾਂ, ਜਮਹੂਰੀ ਕਿਸਾਨ ਸਭਾ, ਪਲਸ ਮੰਚ, ਕਿਰਤੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਕੁਲ ਹਿੰਦ ਕਿਸਾਨ ਸਭਾ ਅਜੈਭਵਨ, ਅਜਾਦ ਕਿਸਾਨ ਸੰਘਰਸ਼ ਕਮੇਟੀ, ਤਰਕਸ਼ੀਲ ਸੁਸਾਇਟੀ ਪੰਜਾਬ, ਮਿੰਨੀ ਤ੍ਰੈਮਾਸਿਕ, ਜਮਹੂਰੀ ਅਧਿਕਾਰ ਸਭਾ, ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ, ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ, ਪੀ. ਐਸ. ਯੂ. ਸ਼ਹੀਦ ਰੰਧਾਵਾ, ਪੀ. ਐੱਸ. ਯੂ. ਲਲਕਾਰ, ਨਾਰੀ ਚੇਤਨਾ ਮੰਚ, ਸੀ. ਟੀ. ਯੂ. ਪੰਜਾਬ, ਨੌਜਵਾਨ ਭਾਰਤ ਸਭਾ, ਆਰਟ ਨਾਟ ਮੰਚ ਵੇਰਕਾ, ਪੰਜਾਬ ਇਸਤਰੀ ਸਭਾ, ਟੀ. ਐਸ. ਯੂ., ਸਾਫ਼ਮਾ, ਸਾਹਿਤ ਚਿੰਤਨ ਚੰਡੀਗੜ੍ਹ, ਨਾਰਦਰਨ ਰੇਲਵੇ ਮੈਂਜ਼ ਯੂਨੀਅਨ, ਚੰਡੀਗੜ੍ਹ ਸਕੂਲ ਆਫ਼ ਡਰਾਮਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਪੰਜਾਬ ਕਿਸਾਨ ਯੂਨੀਅਨ ਆਦਿ ਨੇ ਆਪਣਾ ਸਹਿਯੋਗ ਦਿੱਤਾ।

# ਇੱਕ ਸਾਲ ਦੇ ਅੰਦਰ ਹੀ ਖੇਰੂੰ ਖੇਰੂੰ ਹੋਈ ਗੜ੍ਹਸ਼ੰਕਰ ਤੋਂ ਲਹਿਰਾ ਤੱਕ ਨਵੀਂ ਬਣੀ ਲਿੰਕ ਸੜਕ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਗੜ੍ਹਸ਼ੰਕਰ ਤੋ ਲਹਿਰਾ ਲਿੰਕ ਸੜਕ ਵਾਇਆ ਬੀਰਮਪੁਰ ਸੋਲੀ ਕਰੀਬ ਇੱਕ ਸਾਲ ਪਹਿਲਾਂ ਨਵੀਂ ਬਣੀ ਲਿੰਕ ਸੜਕ ਖੇਰੂੰ ਖੇਰੂੰ ਹੋਣ ਲੱਗ ਪਈ ਹੈ। ਇਨ੍ਹਾਂ ਪਿੰਡਾਂ ਦੇ ਰਹਿਣ ਵਾਲੇ ਵਸਨੀਕਾਂ ਦੇ ਦੱਸਣ ਅਨੁਸਾਰ ਕਰੀਬ ਪੰਜ ਕਿਲੋਮੀਟਰ ਨਵੀਂ ਬਣੀ ਲਿੰਕ ਸੜਕ ਕਈ ਥਾਵਾਂ ਤੋਂ ਟੁੱਟ ਚੁੱਕੀ ਹੈ ਅਤੇ ਕਈ ਥਾਵਾਂ ਤੋਂ ਇਹ ਲਿੰਕ ਸੜਕ ਬਾਰਸ਼ ਦੇ ਮੌਸਮ ਦੌਰਾਨ ਧਸ ਵੀ ਗਈ ਹੈ, ਜਿਸ ਕਾਰਨ ਇਸ ਲਿੰਕ ਸੜਕ 'ਤੇ ਹਾਦਸੇ ਦਾ ਡਰ ਬਣ ਚੁੱਕਾ ਹੈ। ਪਿੰਡਾਂ ਦੇ ਵਸਨੀਕਾਂ ਦੇ ਕਹਿਣ ਅਨੁਸਾਰ ਇਸ ਲਿੰਕ ਸੜਕ 'ਤੇ ਠੇਕੇਦਾਰ ਵੱਲੋਂ ਮਟੀਰੀਅਲ ਪੂਰਾ ਨਾ ਪਾਉਣ ਕਾਰਨ ਸੜਕ ਦੇ ਟੁੱਟਣ ਦਾ ਕਾਰਨ ਹੋ ਸਕਦਾ ਹੈ ਅਤੇ ਦੂਸਰੀ ਵੱਡੀ ਸਮੱਸਿਆ ਇਨ੍ਹਾਂ ਪਿੰਡਾਂ ਵਿੱਚ ਹੋ ਰਹੀ ਨਜਾਇਜ਼ ਮਾਇਨਿੰਗ ਨਾਲ ਹਰ ਰੋਜ਼ ਵੱਡੀ ਗਿਣਤੀ ਵਿੱਚ ਓਵਰਲੋਡ ਟਰਾਲੀਆਂ ਲੰਘਦੀਆਂ ਹਨ ਜਿਸ ਨਾਲ ਸੜਕ ਟੁੱਟਣ ਦਾ ਵੀ ਕਾਰਨ ਬਣਦਾ ਹੈ । ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਲਦ ਇਸ ਖੇਰੂੰ ਖੇਰੂੰ ਹੋ ਰਹੀ ਸੜਕ ਦੀ ਰਿਪੇਅਰ ਕੀਤੀ ਜਾਵੇ ਅਤੇ ਨਿੱਤ ਓਵਰਲੋਡ ਲੰਘ ਰਹੀਆਂ ਟਰਾਲੀਆਂ ਦਾ ਲੰਘਣਾ ਬੰਦ ਕੀਤਾ ਜਾਵੇ । ਇਸ ਸੰਬੰਧੀ ਜਦੋਂ ਸੰਬੰਧਤ ਵਿਭਾਗ ਦੇ ਐਸ ਡੀ ਓ ਬਲਜਿੰਦਰ ਸਿੰਘ ਨਾਲ ਸੰਪਰਕ ਕਰ ਕੇ ਪੱਖ ਜਾਣਨਾ ਚਾਹਿਆ ਤਾਂ ਉਨ੍ਹਾ ਕਿਹਾ ਉਕਤ ਮਾਮਲਾ ਉਨ੍ਹਾ ਧਿਆਨ ਵਿੱਚ ਨਹੀਂ ਹੈ ਪਰ ਜਲਦ ਹੀ ਇਸ ਸੜਕ ਸੰਬੰਧੀ ਬਣਦੀ ਕਾਰਵਾਈ ਕੀਤੀ ਜਾਵੇਗੀ।



# ਦਸਤਾਰ ਦੀ ਮਹਾਨਤਾ ਨੂੰ ਸਮਰਪਤ ਗੁਰਮਤਿ ਸਮਾਗਮ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਰਾਮਦਾਸਪੁਰ ਅਤੇ ਸੰਤ ਬਾਬਾ ਹਰਚਰਨ ਸਿੰਘ ਖਾਲਸਾ ਰਮਦਾਸਪੁਰ ਵਾਲਿਆਂ ਵੱਲੋਂ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਪਿੰਡ-ਪਿੰਡ ਕਰਵਾਏ ਜਾ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਪਿੰਡ ਦਵਾਖਰੀ ਵਿਖੇ ਮਹਾਨ ਕੀਰਤਨ ਤੇ ਢਾਡੀ ਦਰਬਾਰ ਸਮਾਗਮ ਦਸਤਾਰ ਦੀ ਮਹਾਨਤਾ ਨੂੰ ਸਮਰਪਤ ਕਰਵਾਇਆ ਗਿਆ। ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਭਾਈ ਜਸਪ੍ਰੀਤ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ, ਭਾਈ ਗੁਰਿੰਦਰ ਸਿੰਘ ਬੈਂਸ, ਭਾਈ ਅਵਤਾਰ ਸਿੰਘ ਬੋਦਲਾਂ, ਭਾਈ ਜਸਪ੍ਰੀਤ ਸਿੰਘ ਜਲੰਧਰ ਤੇ ਭਾਈ ਮਲਕੀਤ ਸਿੰਘ ਖਾਨਪੁਰ ਥਿਆੜਾ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਜਿੱਥੇ ਦਸਤਾਰ ਦੀ ਮਹਾਨਤਾ 'ਤੇ ਚਾਨਣਾ ਪਾਇਆ ਉੱਥੇ ਹੀ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਸੇਵਾ ਤੇ ਸਿਮਰਨ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸਟੇਜ ਸਕੱਤਰ ਦੀ ਭੂਮਿਕਾ ਭਾਈ ਜਸਵਿੰਦਰ ਸਿੰਘ ਧੁੱਗਾ ਨੇ ਨਿਭਾਈ। ਇਸ ਮੌਕੇ ਡਾ. ਹਰਮਿੰਦਰ ਸਿੰਘ ਸਹਿਜ, ਜਸਵਿੰਦਰ ਸਿੰਘ ਸੈਫ, ਆਤਮਾ ਸਿੰਘ ਧੂਤ, ਹਰਭਜਨ ਸਿੰਘ, ਬਲਵਿੰਦਰ ਸਿੰਘ, ਮਨਜੀਤ ਸਿੰਘ, ਹਰਜਿੰਦਰ ਸਿੰਘ, ਸੁਖਪਾਲ ਸਿੰਘ, ਜਸਵੀਰ ਸਿੰਘ, ਪਿਆਰਾ ਸਿੰਘ, ਗੁਰਵਿੰਦਰ ਸਿੰਘ, ਅਵਤਾਰ ਸਿੰਘ, ਅਮਰਜੀਤ ਸਿੰਘ, ਪ੍ਰਭਦੀਪ ਸਿੰਘ ਸੇਖੂਪੁਰ , ਦਲਜੀਤ ਸਿੰਘ, ਸੁਖਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਸੁਖਦੇਵ ਸਿੰਘ, ਬਲਦੇਵ ਸਿੰਘ, ਬਹਾਦਰ ਸਿੰਘ, ਕੁਲਦੀਪ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਨਵੇਂ ਵਿੱਦਿਅਕ ਸੈਸ਼ਨ ਦਾ ਆਗਾਜ਼

**ਕਪੂਰਥਲਾ, ( ਹਨੀ )**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸਨ ਪਬਲਿਕ ਸਕੂਲ ਵਿਖੇ ਨਵੇਂ ਵਿੱਦਿਅਕ ਸੈਸ਼ਨ ਦਾ ਆਗਾਜ਼ ਧਾਰਮਕ ਸਮਾਗਮ ਰਾਹੀਂ ਕੀਤਾ ਗਿਆ । ਇਸ ਦੌਰਾਨ ਸਮੂਹ ਸਟਾਫ਼ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ । ਸੰਗੀਤ ਵਿਭਾਗ ਨਾਲ ਸੰਬੰਧਤ ਵਿਦਿਆਰਥੀਆਂ ਸ਼ਬਦ ਗਾਇਨ ਰਾਹੀਂ ਧਾਰਮਕ ਸਮਾਗਮ ਵਿੱਚ ਹਾਜ਼ਰੀਆਂ ਭਰੀਆਂ । ਉਪਰੰਤ ਵਿੱਦਿਅਕ ਅਦਾਰੇ ਅਤੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ, ਬੇਨਤੀਆਂ ਕੀਤੀਆਂ ਗਈਆਂ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਵਿਦਿਆਰਥੀਆਂ ਨੂੰ ਨਵੇਂ ਵਿੱਦਿਅਕ ਸੈਸ਼ਨ ਦੀ ਵਧਾਈ ਦਿੰਦਿਆਂ, ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਅਰਦਾਸ ਕੀਤੀ । ਇਸ ਮੌਕੇ ਮੈਡਮ ਨਰਿੰਦਰ ਪੱਤੜ, ਨੀਲਮ ਕਾਲੜਾ, ਅਨੀਤਾ ਸਹਿਗਲ, ਰਜਨੀ ਅਰੋੜਾ, ਰੇਨੂੰ ਬਾਲਾ, ਲਵਿਤਾ, ਅਮਨਦੀਪ ਕੌਰ, ਪ੍ਰਵੀਨ ਕੌਰ, ਦਵਿੰਦਰ ਕੌਰ, ਪਰਮਿੰਦਰ ਕੌਰ, ਮੀਨਾਕਸ਼ੀ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਰਣਜੀਤ ਸਿੰਘ, ਰਣਧੀਰ ਸਿੰਘ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।



# ਪਿੰਡ ਕਲੋਆ ਦੇ ਵਿਕਾਸ ਕਾਰਜਾਂ ਲਈ 15 ਲੱਖ ਦਾ ਚੈੱਕ ਭੇਟ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਉੜਮੁੜ ਟਾਂਡਾ ਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਲਈ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਵੀਰ ਸਿੰਘ ਪਿੰਡ ਕਲੋਆ ਵਿਖੇ ਹੋਏ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਪਿੰਡ ਦੇ ਵਿਕਾਸ ਕਾਰਜਾਂ ਲਈ ਸਰਪੰਚ ਦਲਵੀਰ ਸਿੰਘ ਨੂੰ 15.17 ਲੱਖ ਰੁਪਏ ਦਾ ਚੈੱਕ ਪਿੰਡ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ ਭੇਟ ਕੀਤਾ। ਇਸ ਮੌਕੇ ਵਿਧਾਇਕ ਰਾਜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਸੂਬੇ ਦੇ ਹਰੇਕ ਖੇਤਰ ਵਿੱਚ ਵਿਕਾਸ ਕਾਰਜ ਹੋ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਨਾਂ ਵਿਕਾਸ ਕਾਰਜਾਂ ਵਿੱਚ ਹੋਰ ਵੀ ਤੇਜ਼ੀ ਆਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੇ ਟੈਕਸਾਂ ਦਾ ਇਕੱਠਾ ਕੀਤਾ ਹੋਇਆ ਪੈਸਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਉੱਪਰ ਹੀ ਖਰਚ ਕੀਤਾ ਜਾ ਰਿਹਾ ਹੈ ਅਤੇ ਇਸ ਪੈਸੇ 'ਤੇ ਕੇਵਲ ਤੇ ਕੇਵਲ ਲੋਕਾਂ ਦਾ ਹੱਕ ਹੈ। ਇਸ ਮੌਕੇ ਵਿਧਾਇਕ ਜਸਬੀਰ ਰਾਜਾ ਨੇ ਕਿਹਾ ਕਿ ਉਹ ਆਪਣੇ ਹਲਕੇ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਜਾਂ ਸਮੱਸਿਆ ਨਹੀਂ ਆਉਣ ਦੇਣਗੇ। ਉਨ੍ਹਾਂ ਇਸ ਮੌਕੇ ਦੱਸਿਆ ਕਿ ਉਹ ਆਪਣੇ ਗ੍ਰਹਿ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹਨ ਤੇ ਜੇਕਰ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਬੇਝਿਜਕ ਉਨ੍ਹਾ ਦੇ ਧਿਆਨ ਲਿਆ ਸਕਦੇ ਹਨ। ਇਸ ਮੌਕੇ ਸਰਪੰਚ ਦਲਵੀਰ ਸਿੰਘ ਤੇ ਹੋਰਨਾਂ ਪਿੰਡ ਵਾਸੀਆਂ ਨੇ ਵਿਧਾਇਕ ਜਸਵੀਰ ਰਾਜਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਟਾਂਡਾ ਕੇਸ਼ਵ ਸਿੰਘ ਸੈਣੀ, ਗੁਰਦੀਪ ਸਿੰਘ ਹੈਪੀ, ਬੀ ਡੀ ਪੀ ਓ ਟਾਂਡਾ ਬਲਵਿੰਦਰ ਪਾਲ, ਨੰਬਰਦਾਰ ਦਲਜੀਤ ਸਿੰਘ, ਕਲੋਆ, ਪੰਚ ਜੱਸਾ ਸਿੰਘ, ਬਲਜੀਤ ਸੈਣੀ, ਪ੍ਰੇਮ ਪਡਵਾਲ , ਮੋਹਨ ਇੰਦਰ ਸਿੰਘ ਸੰਘਾ, ਲਾਲ ਸਿੰਘ, ਪ੍ਰਵੀਨ ਕੌਰ, ਲਖਵਿੰਦਰ ਸਿੰਘ , ਅਜਾਇਬ ਸਿੰਘ, ਜੋਧ ਸਿੰਘ , ਗੁਰਦੇਵ ਸਿੰਘ, ਕੈਪਟਨ ਮਹਿੰਦਰ ਸਿੰਘ, ਪ੍ਰਕਾਸ਼ ਸਿੰਘ, ਸੋਹਣ ਸਿੰਘ, ਜੋਗਿੰਦਰ ਕੌਰ, ਸੁਰਿੰਦਰ ਕੌਰ, ਕੇਵਲ ਸਿੰਘ, ਤਰਲੋਕ ਸਿੰਘ, ਲੱਬੀ , ਰਛਪਾਲ ਸਿੰਘ ਆਦਿ ਮੌਜੂਦ ਸਨ।

# ਸ੍ਰੀ ਹਨੂਮਤ ਇੰਟਰਨੈਸ਼ਨਲ ਸਕੂਲ 'ਚ ਪੇਰੈਂਟਸ ਓਰੀਐਂਟੇਸ਼ਨ



**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ 'ਚ ਵਿਦਿਆਰਥੀਆਂ ਲਈ ਮਾਪੇ ਓਰੀਐਂਟੇਸ਼ਨ ਕਰਵਾਈ ਗਈ । ਪ੍ਰਿੰਸੀਪਲ ਆਰਤੀ ਸੋਬਤੀ ਨੇ ਆਏ ਹੋਏ ਸਾਰੇ ਮਾਪਿਆਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।

ਪ੍ਰਿੰਸੀਪਲ ਸੋਬਤੀ ਨੇ ਆਏ ਹੋਏ ਮਾਪਿਆਂ ਦਾ ਸਵਾਗਤ ਕੀਤਾ ਅਤੇ ਸਕੂਲ ਦੇ ਨਿਯਮਾਂ ਤੋਂ ਜਾਣੂ ਕਰਵਾਇਆ। ਉਨ੍ਹਾ ਬੱਚਿਆਂ ਦੇ ਉੱਜਵਲ ਭਵਿੱਖ ਲਈ ਮਾਪਿਆਂ ਦੀ ਭੂਮਿਕਾ ਨੂੰ ਅਹਿਮ ਦੱਸਦਿਆਂ ਕਿਹਾ ਕਿ ਸਕੂਲ ਤਾਂ ਹੀ ਵਿਦਿਆਰਥੀ ਨੂੰ ਦੇਸ਼ ਦਾ ਚੰਗਾ ਨਾਗਰਿਕ ਬਣਾ ਸਕਦਾ ਹੈ ਜੇਕਰ ਸਕੂਲ ਨੂੰ ਸਕੂਲ ਦੇ ਨਾਲ-ਨਾਲ ਵਿਦਿਆਰਥੀਆਂ ਦੇ ਮਾਪਿਆਂ ਦਾ ਸਹਿਯੋਗ ਵੀ ਮਿਲ ਸਕੇ। ਮੈਡਮ ਸੋਬਤੀ ਨੇ ਸਕੂਲ ਦੇ ਨਿਯਮਾਂ ਦੇ ਨਾਲ-ਨਾਲ ਸਕੂਲ ਦੀਆਂ ਹੋਰ ਗਤੀਵਿਧੀਆਂ ਬਾਰੇ ਵੀ ਮਾਪਿਆਂ ਨੂੰ ਜਾਣੂ ਕਰਵਾਇਆ। ਆਏ ਹੋਏ ਸਾਰੇ ਮਾਪਿਆਂ ਨੇ ਸਕੂਲ ਦੀ ਪ੍ਰਸੰਸਾ ਕਰਦਿਆਂ ਇਸ ਪ੍ਰੋਗਰਾਮ ਨੂੰ ਉਨ੍ਹਾਂ ਲਈ ਬਹੁਤ ਲਾਹੇਵੰਦ ਦੱਸਿਆ ਅਤੇ ਕਿਹਾ ਕਿ ਸਕੂਲ ਨੂੰ ਭਵਿੱਖ ਵਿੱਚ ਵੀ ਸਕੂਲ ਵਿੱਚ ਅਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਉਹ ਸਕੂਲ ਦੀ ਹਰ ਗਤੀਵਿਧੀ ਬਾਰੇ ਨਾਲੋ-ਨਾਲ ਜਾਣੂ ਹੋ ਸਕਣ। ਪ੍ਰੋਗਰਾਮ ਦਾ ਅੰਤ ਰਾਸ਼ਟਰੀ ਗੀਤ ਨਾਲ ਕੀਤਾ।

# ਕਿਸਾਨਾਂ ਦੀਆਂ ਨੁਕਸਾਨੀਆਂ ਫਸਲਾਂ ਦਾ ਤੁਰੰਤ ਮੁਆਵਜ਼ਾ ਦੇਵੇ ਸਰਕਾਰ : ਨਰਿੰਦਰ ਅਜਨੋਹਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਹੀ ਕਿਰਸਾਨੀ ਬੇਮੌਸਮੀ ਮੀਂਹ ਨਾਲ ਬਿਲਕੁਲ ਤਬਾਹ ਹੋਣ ਕਿਨਾਰੇ ਪਹੁੰਚ ਚੁੱਕੀ ਹੈ। ਇੱਕ ਪਾਸੇ ਕਿਸਾਨ ਮਹਿੰਗੇ ਮੁੱਲ ਦੇ ਬੀਜ, ਖਾਦਾਂ ਅਤੇ ਸਪਰੇਆਂ ਨਾਲ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ ਅਤੇ ਦੂਜੇ ਪਾਸੇ ਬੇਮੌਸਮੀ ਬਰਸਾਤ ਨੇ ਕਿਸਾਨ ਦਾ ਲੱਕ ਤੋੜ ਦਿੱਤਾ ਹੈ। ਸਮੇਂ ਦੀਆਂ ਸਰਕਾਰਾਂ ਨੇ ਵੀ ਕਿਸਾਨ ਦੀ ਬਾਂਹ ਨਹੀਂ ਫੜੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਨੇ ਕਿਸਾਨਾਂ ਦੀਆਂ ਮੀਂਹ ਨਾਲ ਤਬਾਹ ਹੋਈਆਂ ਫਸਲਾਂ ਪੱਤਰਕਾਰਾਂ ਨੂੰ ਦਿਖਾਉਂਦੇ ਹੋਏ ਕੀਤਾ। ਪੰਜਾਬ ਦੀ ਅਰਥ ਵਿਵਸਥਾ ਹੋਵੇ ਜਾਂ ਭਾਰਤ ਦੀ ਅਰਥ ਵਿਵਸਥਾ, ਇਹ ਦੋਨੋਂ ਖੇਤੀ 'ਤੇ ਨਿਰਭਰ ਕਰਦੀਆਂ ਹਨ। ਜੇਕਰ ਖੇਤੀ ਹੀ ਤਬਾਹ ਹੋ ਗਈ ਤਾਂ ਪੰਜਾਬ ਅਤੇ ਭਾਰਤ ਦੀ ਅਰਥ ਵਿਵਸਥਾ ਵੀ ਡਗਮਗਾ ਜਾਵੇਗੀ। ਉਨ੍ਹਾ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਕਿਸਾਨਾਂ ਦੀਆਂ ਬਰਬਾਦ ਹੋਈਆਂ ਫਸਲਾਂ ਦਾ ਉਚਿਤ ਮੁਆਵਜ਼ਾ ਦੇ ਕੇ ਕਿਸਾਨਾਂ ਦੀ ਬਾਂਹ ਫੜੇ ਅਤੇ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦੇਵੇ । ਮੁਆਵਜ਼ਾ ਦੇਣ ਸਮੇਂ ਕਿਸੇ ਵੀ ਅੰਨਦਾਤਾ ਨਾਲ ਮਤਰੇਈ ਮਾਂ ਵਾਲਾ ਸਲੂਕ ਨਾ ਕੀਤਾ ਜਾਵੇ। ਇਸ ਮੌਕੇ ਰੇਸ਼ਮ ਸਿੰਘ ਗਿੱਲ, ਜਸਵੀਰ ਸਿੰਘ ਗਿੱਲ, ਜਗਦੀਪ ਸਿੰਘ ਸਹੋਤਾ, ਪਰਮਜੀਤ ਸਿੰਘ ਮਾਹਲ ਅਤੇ ਹੋਰ ਮੌਜੂਦ ਸਨ।



# 'ਆਪ' ਆਗੂਆਂ ਵੱਲੋਂ ਪਾਰਟੀ ਦਫਤਰ 'ਚ ਭਰਵੀਂ ਮੀਟਿੰਗ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** - ਬਲਾਕ ਨੂਰਮਹਿਲ ਆਪ ਦੇ ਆਗੂਆਂ ਵੱਲੋਂ ਪਾਰਟੀ ਦਫਤਰ ਵਿਖੇ ਹੋਈ ਭਰਵੀਂ ਮੀਟਿੰਗ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ, ਇਸ ਮੌਕੇ ਜਸਵੀਰ ਸਿੰਘ ਜੱਸੀ ਸੋਹੀਆ ਨੇ ਬੋਲਦਿਆਂ ਸਮੂਹ ਆਗੂਆਂ ਦਾ ਸਹਿਯੋਗ ਅਤੇ ਇਕਜੁੱਟਤਾ ਲਈ ਧੰਨਵਾਦ ਕੀਤਾ। ਉਹਨਾਂ ਨੇ ਕਿਹਾ, ਅਸੀਂ ਆਪ ਨੇਤਾਵਾਂ ਅਤੇ ਵਰਕਰਾਂ ਵੱਲੋਂ ਦਿੱਤੇ ਗਏ ਸਮਰਥਨ ਲਈ ਤਹਿ ਦਿਲੋਂ ਧੰਨਵਾਦੀ ਹਾਂ। ਅਸੀਂ ਰਲ ਕੇ ਜਲੰਧਰ ਤੋਂ ਆਪ ਪਾਰਟੀ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਉਣ ਲਈ ਕੰਮ ਕਰਾਂਗੇ। ਨੂਰਮਹਿਲ ਬਲਾਕ ਦੇ ਲੋਕਾਂ ਨੇ ਹਮੇਸ਼ਾ ਆਪ ਪਾਰਟੀ ਦਾ ਸਮਰਥਨ ਕੀਤਾ ਹੈ ਅਤੇ ਸਾਨੂੰ ਭਰੋਸਾ ਹੈ ਕਿ ਉਹ ਅੱਗੇ ਵੀ ਅਜਿਹਾ ਕਰਦੇ ਰਹਿਣਗੇ। ਇਸ ਮੌਕੇ ਹਾਜ਼ਰ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਬਲਾਕ ਪ੍ਰਧਾਨ ਕਰਨੈਲ ਰਾਮ ਬਾਲੂ, ਲਖਵੀਰ ਸਿੰਘ ਸੀਰ, ਅਜੀਤ ਸਿੱਧਮ, ਮਨਜੀਤ ਕੰਦੋਲਾ, ਵੇਦ ਪ੍ਰਕਾਸ਼ ਸਿੱਧਮ, ਸੰਦੀਪ ਬੱਤਰਾ, ਦੀਪਾ ਮਿੱਠੜਾ ਅਤੇ ਵੱਖ ਵੱਖ ਪਿੰਡਾਂ ਤੋਂ ਪਾਰਟੀ ਵਰਕਰ ਹਾਜ਼ਰ ਸਨ।



**ਲਸਣ 'ਚ ਭਾਰੀ ਮੰਦੇ ਕਾਰਨ ਕੋਈ ਵਪਾਰੀ ਸਤਲੁਜ ਦਰਿਆ ਕੰਢੇ ਭਾਰੀ ਮਾਤਰਾ ਵਿੱਚ ਲਸਣ ਦੀਆਂ ਬੋਰੀਆਂ ਸੁੱਟ ਗਿਆ। ਸੈਰ ਕਰਨ ਵਾਲਿਆਂ ਦੱਸਿਆ ਕਿ ਬਹੁਤ ਭੈੜੀ ਬਦਬੂ ਆ ਰਹੀ ਸੀ ਤੇ ਸੈਰ ਦਾ ਮਜ਼ਾ ਕਿਰਕਿਰਾ ਹੋ ਗਿਆ, ਕੁਝ ਲੋਕ ਚੁੱਕ ਕੇ ਘਰਾਂ ਨੂੰ ਵੀ ਲੈ ਗਏ । ਫੋਟੋ ਤੇ ਵੇਰਵਾ -ਨਿਰਮਲ ਫਿਲੌਰ।**



**ਲੋਕ ਸਭਾ ਹਲਕਾ ਜਲੰਧਰ ਦੀ 10 ਮਈ ਨੂੰ ਐਲਾਨੀ ਗਈ ਜ਼ਿਮਨੀ ਚੋਣ ਦੇ ਨਾਲ ਹੀ ਹਲਕੇ ਅੰਦਰ ਰਾਜਨੀਤਿਕ ਗਤੀਵਿਧੀਆ ਤੇਜ਼ ਹੋ ਗਈਆਂ ਹਨ। ਇਸ ਸੰਬੰਧੀ ਕਰਨਜੀਤ ਕੌਰ ਚੌਧਰੀ ਦੇ ਹੱਕ 'ਚ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦੇ ਹੋਏ ਪੰਚਾਂ ਸਰਪੰਚਾਂ ਤੇ ਲੋਕਾਂ ਨੂੰ ਮਿਲਦੇ ਹੋਏ ਸਾਬਕਾ ਮੰਤਰੀ ਪੰਜਾਬ ਗੁਰਬਿੰਦਰ ਸਿੰਘ ਅਟਵਾਲ ਉਨ੍ਹਾ ਦੇ ਨਾਲ ਸਤਪਾਲ, ਸੁਮਨ, ਪੰਮਾ ਕਾਮਰੇਡ, ਦਰਸ਼ਨ ਰਾਮ ਤੇ ਹੋਰ। (ਫੋਟੋ ਤੇ ਵੇਰਵਾ : ਬੀ ਐਸ ਕੈਨੇਡੀ ਫਿਲੌਰ)**

# ਭਾਜਪਾ ਵੱਲੋਂ ਮਹਿਤਪੁਰ ਦੇ ਕੰਵਰ ਸੰਧੂ ਜ਼ਿਲ੍ਹਾ ਜਲੰਧਰ ਦੇ ਸੈਕਟਰੀ ਨਿਯੁਕਤ

**ਮਹਿਤਪੁਰ (ਰਾਜਾ)** ਭਾਜਪਾ ਹਾਈਕਮਾਂਡ ਵੱਲੋਂ ਅਤੇ ਜਲੰਧਰ ਸਾਊਥ ਦੇ ਪ੍ਰਧਾਨ ਪੰਕਜ ਢੀਂਗਰਾ ਦੇ ਯਤਨਾਂ ਸਦਕਾਂ ਮਹਿਤਪੁਰ ਦੇ ਕੰਵਰ ਸੰਧੂ ਨੂੰ ਜਿਲ੍ਹਾ ਜਲੰਧਰ ਦਾ ਸੈਕਟਰੀ ਨਿਯੁਕਤ ਕਰਨ ਅਤੇ ਪਰਜੀਆਂ ਕਲਾਂ ਦਾ ਪ੍ਰਭਾਰੀ ਲਾਉਣ ਤੇ ਕੰਵਰ ਸੰਧੂ ਨੇ ਪਾਰਟੀ ਹਾਈਕਮਾਂਡ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ 'ਤੇ ਵਿਸ਼ਵਾਸ ਜਤਾ ਕੇ ਪਾਰਟੀ ਨੇ ਜੋ ਜਿੰਮੇਵਾਰੀ ਮੈਨੂੰ ਸੌਂਪੀ ਹੈ ਮੈਂ ਆਪਣੀ ਜਿੰਮੇਵਾਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ ਮੈਂ ਪਾਰਟੀ ਹਾਈਕਮਾਂਡ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਰਟੀ ਵਰਕਰਾਂ ਨੂੰ ਲਾਮਬੰਦ ਕਰਨ ਵਿੱਚ ਕੋਈ ਵੀ ਕਸਰ ਨਹੀਂ ਛੱਡਾਂਗਾ।

# ਆਪੀ ਚੈਰੀਟੇਬਲ ਹਸਪਤਾਲ ਵੱਲੋਂ ਪਿੰਡ ਅੰਬਗੜ੍ਹ 'ਚ ਮੈਡੀਕਲ ਕੈਂਪ

**ਕਰਤਾਰਪੁਰ (ਹਰਮੇਸ਼ ਦੱਤ)**-ਆਪੀ ਚੈਰੀਟੇਬਲ ਹਸਪਤਾਲ ਵੱਲੋਂ ਮੁਫਤ ਮੈਡੀਕਲ ਕੈਂਪ ਪਿੰਡ ਅੰਬਗੜ੍ਹ ਵਿਖੇ ਲਗਾਇਆ ਗਿਆ ਜਿਸ ਵਿੱਚ 70 ਮਰੀਜ਼ਾਂ ਦੀ ਜਾਚ ਕਰਕੇ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਮੈਡਮ ਸੁਮਨ ਲਤਾ ਕਲਹਣ, ਡਾਕਟਰ ਬੰਗਾ, ਡਾਕਟਰ ਰੂਹੀ ਅਰੋੜਾ, ਸਰਪੰਚ ਅਸ਼ੋਕ ਕੁਮਾਰ, ਅਮਰਜੀਤ ਸਿੰਘ, ਮਲਕੀਤ ਸਿੰਘ, ਦਲਜੀਤ ਸਿੰਘ, ਸੋਨੂੰ, ਸੁਖਜੀਤ ਸਿੰਘ ਅਤੇ ਸਟਾਫ ਹਾਜ਼ਰ ਸੀ।

# ਰੇਨਬੋ ਪਬਲਿਕ ਸਕੂਲ ਦਾ 5ਵੀਂ ਜਮਾਤ ਦਾ ਨਤੀਜਾ ਸ਼ਾਨਦਾਰ

**ਆਦਮਪੁਰ (ਪਰਮਜੀਤ ਸਿੰਘ)** ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪੰਜਵੀਂ ਜਮਾਤ 2022-23 ਦਾ ਨਤੀਜਾ ਐਲਾਨ ਦਿੱਤਾ ਹੈ। ਜਿਸ ਵਿੱਚ ਰੇਨਬੋ ਪਬਲਿਕ ਸਕੂਲ ਸਤੋਵਾਲੀ (ਆਦਮਪੁਰ) ਦਾ ਨਤੀਜਾ 100 ਫੀਸਦੀ ਰਿਹਾ। ਪ੍ਰਿੰਸੀਪਲ ਜੋਧ ਸਿੰਘ ਡੋਗਰਾ ਨੇ ਦੱਸਿਆ ਕਿ ਮਹਿਕਪ੍ਰੀਤ ਨੇ 92 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ, ਇਸਮੀਤ ਕੌਰ ਨੇ 91 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਲਵਦੀਪ ਨੇ 88 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਜੋਧ ਸਿੰਘ ਡੋਗਰਾ ਨੇ ਦੱਸਿਆ ਕਿ ਰੇਨਬੋ ਸਕੂਲ ਦੇ ਸਾਰੇ 41 ਵਿਦਿਆਰਥੀ ਫਸਟ ਡਵੀਜਨ 'ਚ ਪਾਸ ਹੋਏ ਹਨ। ਪ੍ਰਿੰਸੀਪਲ ਜੋਧ ਸਿੰਘ ਡੋਗਰਾ ਨੇ ਸਮੂਹ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਦਾ ਪੰਜਵੀਂ ਜਮਾਤ ਦਾ ਨਤੀਜਾ 100 ਫੀਸਦੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੀ ਸਖਤ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਉਹ ਤੇ ਉਨ੍ਹਾਂ ਦੇ ਸਕੂਲ ਦਾ ਪੂਰਾ ਸਟਾਫ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਲਈ ਪੂਰੀ ਮੇਹਨਤ ਤੇ ਲਗਨ ਨਾਲ ਕੰਮ ਕਰਦੇ ਹਨ ਤਾਂ ਜੋ ਬੱਚੇ ਪੜ੍ਹੇ-ਲਿਖ ਕੇ ਚੰਗੇ ਇਨਸਾਨ ਬਣ ਕੇ ਦੇਸ ਦੀ ਸੇਵਾ ਕਰ ਸਕਣ।



# ਰੇਨੂੰ ਬਾਲਾ ਲਾਜਪਤ ਰਾਏ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਦੀ ਪ੍ਰਿੰਸੀਪਲ ਨਿਯੁਕਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਲਾਜਪਤ ਰਾਏ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਦਾ ਸੰਚਾਲਨ ਕਰਨ ਵਾਲੀ ਸੰਸਥਾ ਲੋਕ ਸੇਵਕ ਮੰਡਲ ਦੀ ਅਹਿਮ ਮੀਟਿੰਗ ਚੇਅਰਮੈਨ ਬਲਵੰਤ ਸਿੰਘ ਖੇੜਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪ੍ਰਿੰਸੀਪਲ ਜਤਿੰਦਰਪਾਲ ਕੌਰ ਦੀ ਸੇਵਾਮੁਕਤੀ ਉਪਰੰਤ ਸੀਨੀਅਰ ਅਧਿਆਪਕਾ ਰੇਨੂੰ ਬਾਲਾ ਨੂੰ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ।

ਇਸੇ ਤਰ੍ਹਾਂ ਸ਼੍ਰੀਮਤੀ ਪੁਸ਼ਪਾ ਸਿੰਘ ਸਲਾਹਕਾਰ ਦੀ ਸੇਵਾਮੁਕਤੀ ਉਪਰੰਤ ਉਨ੍ਹਾਂ ਨੂੰ ਲੋਕ ਸੇਵਕ ਮੰਡਲ ਦਾ ਮੈਂਬਰ ਲਿਆ ਗਿਆ। ਇਸ ਮੌਕੇ ਚੇਅਰਮੈਨ ਬਲਵੰਤ ਸਿੰਘ ਖੇੜਾ ਨੇ ਨਵੇਂ ਪ੍ਰਿੰਸੀਪਲ ਰੇਨੂੰ ਬਾਲਾ ਅਤੇ ਲੋਕ ਸੇਵਕ ਮੰਡਲ ਦੇ ਨਵੇਂ ਨਿਯੁਕਤ ਮੈਂਬਰ ਪੁਸ਼ਪਾ ਸਿੰਘ ਨੂੰ ਨਵੀ ਜ਼ਿੰਮੇਵਾਰੀ ਮਿਲਣ ਤੇ ਵਧਾਈ ਦਿੰਦਿਆਂ ਉਮੀਦ ਪ੍ਰਗਟ ਕੀਤੀ ਕਿ ਉਕਤ ਦੋਵੇਂ ਨਵੇਂ ਅਹੁਦੇਦਾਰ ਆਪਣੀਆਂ ਬੇਹਤਰੀਨ ਸੇਵਾਵਾਂ ਨਾਲ ਸਕੂਲ ਨੂੰ ਨਵੀਆਂ ਬੁਲੰਦੀਆਂ ਤੇ ਲੈ ਕੇ ਜਾਣ ਵਿੱਚ ਆਪਣਾ ਪੂਰਾ ਸਹਿਯੋਗ ਦੇਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ਵਨੀ ਕੁਮਾਰ ਕਾਲੀਆ, ਪ੍ਰੇਮ ਸਿੰਘ ਮੈਂਬਰ, ਰਾਮਲਾਲ ਮੈਂਬਰ, ਜੇ.ਐਸ.ਪਠਾਨੀਆ ਦਫਤਰ ਸਕੱਤਰ ਅਤੇ ਸਮੂੰਹ ਸਟਾਫ ਮੈਂਬਰ ਮੌਜੂਦ ਸਨ।

# ਬਿਜਲੀ ਸੰਬੰਧੀ ਦਰਪੇਸ਼ ਔਕੜਾਂ ਅਤੇ ਹੱਲ ਕਰਨ ਲਈ ਮੀਟਿੰਗ

**ਰੋਪੜ (ਬਿੰਦਰਾ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਤੇ ਇੰਜੀਨੀਅਰ ਦਲਜੀਤ ਇੰਦਰਪਾਲ ਸਿੰਘ ਗਰੇਵਾਲ ਡਾਇਰੈਕਟਰ ਵੰਡ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਮੁੱਖ ਇੰਜੀਨੀਅਰ ਸੰਚਾਲਨ ਦਖਣ ਜ਼ੋਨ ਇੰ: ਸੰਦੀਪ ਗੁਪਤਾ ਦੀ ਅਗਵਾਈ ਵਿੱਚ ਸੰਚਾਲਨ ਹਲਕਾ ਰੋਪੜ ਦੇ ਦਫਤਰ ਵਿਖੇ ਕਾਰਪੋਰੇਸ਼ਨ ਸੀਨੀਅਰ ਅਧਿਕਾਰੀਆਂ ਅਤੇ ਬਿਜਲੀ ਖਪਤਕਾਰਾਂ ਦੇ ਪ੍ਰਤੀਨਿਧਾਂ ਅਤੇ ਅਗਾਂਹਵਧੂ ਨਾਗਰਿਕਾਂ ਅਨਮੋਲ ਗਗਨ ਮਾਨ ਕੈਬਨਿਟ ਮੰਤਰੀ ਦੇ ਪਿਤਾ ਜੋਧ ਸਿੰਘ ਮਾਨ, ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ, ਦਿਨੇਸ਼ ਚੱਢਾ ਵਿਧਾਇਕ, ਚਰਨਜੀਤ ਸਿੰਘ ਚੰਨੀ ਵਿਧਾਇਕ ਸ੍ਰੀ ਚਮਕੌਰ ਸਾਹਿਬ, ਜਗਤਾਰ ਸਿੰਘ ਵਿਧਾਇਕ ਸਮਰਾਲਾ ਦੇ ਪ੍ਰਤੀਨਿਧਾਂ ਨਾਲ ਬਿਜਲੀ ਸਪਲਾਈ ਅਤੇ ਬਿਜਲੀ ਸੰਬੰਧੀ ਮਸਲਿਆਂ ਤੇ ਨਾਗਰਿਕਾਂ ਨੂੰ ਪੇਸ਼ ਆ ਰਹੀਆਂ ਔਕੜਾਂ ਦੀ ਜਾਣਕਾਰੀ ਅਤੇ ਹਲ ਕਰਨ ਸੰਬੰਧੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਖਰੜ ਸ਼ਹਿਰ ਦੇ ਬਿਜਲੀ ਨਾਲ ਮੁੱਖ ਮਸਲੇ ਜਿਵੇਂ ਗ੍ਰਿਡ ਵਿਖੇ 100 ਐਮ ਵੀ ਏ ਦੀ ਸਮਰੱਥਾ ਦਾ ਪਾਵਰ ਟਰਾਂਸਫਾਰਮਰ ਲਗਾਉਣ, 66 ਕੇ ਵੀ ਖਰੜ-ਕੁਰਾਲੀ ਲਾਈਨ ਦਾ ਨਵਾਂ ਸਰਕਟ ਪਾਉਣਾ, 66 ਕੇ ਵੀ ਮੋਰਿੰਡਾ-ਖਰੜ ਲਾਈਨ ਦੀ ਸਮਰੱਥਾ ਅਨੁਸਾਰ ਕੰਡਕਟਰ ਬਦਲਣਾ, ਮੋਰਿੰਡਾ ਵਿਖੇ ਅਣ-ਅਧਿਕਾਰਤ ਕਲੋਨੀਆਂ ਵਿੱਚ ਬਿਜਲੀ ਕੁਨੈਕਸ਼ਨ ਜਾਰੀ ਕਰਨ, ਸੰਨੀ ਐਨਕਲੇਵ ਖਰੜ ਵਿਖੇ 12.5 ਐਮ ਵੀ ਏ ਦੇ ਟਰਾਂਸਫਾਰਮਰ ਦੀ ਸਮਰੱਥਾ ਵਿੱਚ ਵਾਧਾ ਕਰਕੇ 20 ਐਮ ਵੀ ਏ ਦਾ ਟਰਾਂਸਫਾਰਮਰ ਲਗਾਉਣ ਕਾਮਨ ਸਰਵਿਸ ਕੁਨੈਕਸ਼ਨਾਂ ਨੂੰ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ ਦੇ ਨਾਂਅ 'ਤੇ ਤਬਦੀਲ ਕਰਨ, ਮੇਨ ਬਾਜ਼ਾਰ ਰੋਪੜ ਅਤੇ ਪੁਰਖਾਲੀ ਵਿਖੇ ਨੀਵੀਆਂ ਕੇਬਲਾਂ ਆਦਿ ਦੇ ਨਾਲ ਰੋਪੜ, ਮੋਰਿੰਡਾ, ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਬਿਜਲੀ ਦੀ ਸਪਲਾਈ ਅਤੇ ਇਸ ਸੰਬੰਧੀ ਪੇਸ਼ ਆ ਰਹੀਆਂ ਔਕੜਾਂ ਦਾ ਹੱਲ ਕੱਢਣ ਲਈ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ। ਐਮ ਐਲ ਏ ਸਮਰਾਲੇ ਨੇ ਘੁੰਗਰਾਲੀ ਗਰਿਡ ਵਿਖੇ ਫਰਸ਼ ਦਾ ਲੈਵਲ ਨਾਲੋਂ ਨੀਵਾਂ ਹੋਣ ਕਰਕੇ ਬਰਸਾਤ ਦੇ ਦਿਨਾਂ ਵਿੱਚ ਕਮਰਿਆਂ ਵਿੱਚ ਪਾਣੀ ਭਰਨ ਜਾਣ ਬਾਰੇ ਦਸਿਆ । ਮੁੱਖ ਇੰਜੀਨੀਅਰ ਸੰਦੀਪ ਗੁਪਤਾ ਵੱਲੋਂ ਮੌਕੇ 'ਤੇ ਪਬਲਿਕ ਪ੍ਰਤੀਨਿਧਾਂ ਵੱਲੋਂ ਸਾਂਝੀਆਂ ਕੀਤੀਆਂ ਗਈਆਂ ਔਕੜਾਂ ਨੂੰ ਧਿਆਨ ਨਾਲ ਸੁਣਿਆ। ਮੀਟਿੰਗ ਵਿੱਚ ਹਾਜਰ ਇੰਜੀਨੀਅਰ ਰਮੇਸ਼ ਕੁਮਾਰ ਕਲੇਰ, ਉਪ ਮੁੱਖ ਇੰਜੀਨੀਅਰ ਸੰਚਾਲਨ ਹਲਕਾ ਰੋਪੜ ਅਤੇ ਵੰਡ ਹਲਕਾ ਖਰੜ ਦੇ ਇੰ- ਇੰਦਰਪ੍ਰੀਤ ਸਿੰਘ, ਵਧੀਕ ਨਿਗਰਾਨ ਇੰਜੀਨੀਅਰ, ਇੰਜ- ਕੰਵਲਪ੍ਰੀਤ ਸਿੰਘ ਸਿੱਧੂ, ਇੰਜ ਹਰਵਿੰਦਰਜੀਤ ਸਿੰਘ ਭੰਗੂ ਨੂੰ ਪੇਸ਼ ਔਕੜਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ। ਗਰੀਨ ਐਵਨੀਊ ਰੋਪੜ ਵਿੱਚ ਲੋਅ ਵੋਲਟੇਜ, ਓਵਰਲੋਡ ਟਰਾਂਸਫਾਰਮਰ ਨੂੰ ਚੈਕ ਕਰਕੇ ਨਵਾਂ ਟਰਾਂਸਫਾਰਮਰ ਲਗਾਉਣ, ਤੀਉੜ ਪਿੰਡ ਯੂ ਪੀ ਐਸ ਸਪਲਾਈ ਨੂੰ ਇਕਸਾਰ ਕਰਨ ਆਦਿ ਮੁਸ਼ਕਲਾਂ ਦਾ ਹੱਲ 15 ਦਿਨਾਂ ਦੇ ਅੰਦਰ ਅੰਦਰ ਮੁਕੰਮਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਇਲਾਵਾ 66 ਕੇ ਵੀ ਨਵੇਂ ਗਰਿੱਡਾਂ, ਨਵੀਆਂ 66 ਕੇ ਵੀ ਲਾਈਨਾਂ ਸੰਬੰਧੀ ਮਾਮਲਿਆਂ ਦਾ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣ ਦਾ ਵਾਅਦਾ ਕੀਤਾ ਗਿਆ। ਇਸ ਤੋਂ ਇਲਾਵਾ ਸੰਦੀਪ ਗੁਪਤਾ ਵੱਲੋਂ ਮੌਕੇ 'ਤੇ ਹੀ ਇਲਾਕੇ ਦੇ ਬਿਜਲੀ ਖਪਤਕਾਰਾਂ ਅਤੇ ਅਗਾਂਹਵਧੂ ਨਾਗਰਿਕਾਂ ਅਤੇ ਆਮ ਜਨਤਾ ਦੇ ਪ੍ਰਤੀਨਿਧਾਂ ਦਾ ਇੱਕ ਸਾਂਝਾ ਵੱਟਸਐਪ ਗਰੁੱਪ ਬਣਾਇਆ ਗਿਆ, ਜਿਸ ਵਿਚ ਪਾਵਰਕੌਮ ਦੇ ਸੀਨੀਅਰ ਅਫਸਰ ਵੀ ਸ਼ਾਮਲ ਕੀਤੇ ਗਏ। ਉਨ੍ਹਾਂ ਨੇ ਆਪਣਾ ਮੋਬਾਇਲ ਨੰਬਰ 9646101200 ਵੀ ਸ਼ੇਅਰ ਕੀਤਾ । ਇਸ ਨਾਲ ਹੁਣ ਬਿਜਲੀ ਖਪਤਕਾਰਾਂ ਨੂੰ ਬਿਜਲੀ ਸੰਬੰਧੀ ਪੇਸ਼ ਆ ਰਹੀਆਂ ਪ੍ਰੇਸ਼ਾਨੀਆਂ/ ਮਸਲਿਆਂ ਨੂੰ ਹੱਲ ਕਰਨ ਵਿੱਚ ਤੇਜ਼ੀ ਆਵੇਗੀ।



# ਸਰਕਾਰੀ ਪ੍ਰਾਇਮਰੀ ਸਕੂਲ ਖਾਨਪੁਰ ਢੱਡਾ ਦਾ ਪੰਜਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਕਾਲਾ ਸੰਘਿਆਂ (ਮਨਜੀਤ ਮਾਨ)** ਸਰਕਾਰੀ ਪ੍ਰਾਇਮਰੀ ਸਕੂਲ ਖਾਨਪੁਰ ਢੱਡਾ ਦਾ ਪੰਜਵੀਂ ਜਮਾਤ ਦਾ ਨਤੀਜਾ 100ਫੀਸਦੀ ਰਿਹਾ। ਹਰਮੀਤ ਕੌਰ ਪੁੱਤਰੀ ਨਿਰਮਲ ਸਿੰਘ ਨੇ 482/500 ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਗੁਰਨੂਰ ਕੌਰ ਪੁੱਤਰੀ ਹਰਮੇਲ ਸਿੰਘ ਨੇ 478/500 ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਅਹਿਲਿਆ ਪੁੱਤਰੀ ਮਹੇਸ਼ ਨੇ 474/500 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਲਖਵਿੰਦਰ ਸਿੰਘ ਸਟੇਟ ਐਵਾਰਡੀ ਹੈੱਡ ਟੀਚਰ ਸਪਸ ਖਾਨਪੁਰ ਢੱਡਾ ਪਰਮਿੰਦਰ ਈ ਟੀ ਟੀ ਟੀਚਰ ਅਤੇ ਸ੍ਰੀਮਤੀ ਬਲਜੀਤ ਕੌਰ ਈ ਟੀ ਟੀ ਟੀਚਰ ਨੇ ਬੱਚਿਆਂ ਅਤੇ ਉਹਨਾ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਦਿੱਤੀ।

# ਈ ਜੀ ਵੀਜ਼ਾ ਨੇ ਮਨਾਇਆ ਵਿਸਾਖੀ ਦਾ ਤਿਉਹਾਰ



**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਸਰਕਾਰ ਦੁਆਰਾ ਪ੍ਰਵਾਨਿਤ ਕੰਪਨੀ ਈਜੀ ਵੀਜਾ ਦੇ ਮੁੱਖੀ ਸ਼ਿਲਾਂਗ ਸ਼ਰਮਾ ਨੇ ਪੱਤਰਕਾਰ ਵਾਰਤਾ ਦੌਰਾਨ ਦੱਸਿਆ ਕਿ ਈਜੀ ਵੀਜਾ ਕੰਪਨੀ ਨੇ 2023 ਵਿੱਚ 1 ਜਨਵਰੀ ਤੋਂ 8 ਅਪ੍ਰੈਲ ਤੱਕ 1100 ਵੀਜੇ ਪ੍ਰਾਪਤ ਕਰਨ ਵਿੱਚ ਇੱਕ ਕਮਾਲ ਦੀ ਸਫਲਤਾ ਹਾਸਲ ਕੀਤੀ ਹੈ, ਜਿਸ ਵਿੱਚ ਉਹਨਾਂ ਦੇ ਗਾਹਕਾਂ ਨੂੰ ਫਾਈਲ ਬਣਾਉਣ ਦੀ ਮੁਹਾਰਤ ਅਤੇ ਮਾਰਗਦਰਸ਼ਨ ਦੀ ਪੇਸਕਸ਼ ਕੀਤੀ ਗਈ ਹੈ। ਈਜੀ ਵੀਜਾ ਕੰਪਨੀ ਨੇ ਜਲੰਧਰ ਵਿਖੇ ਵਿਸਾਖੀ ਦੇ ਤਿਉਹਾਰ ਦੇ ਮੌਕੇ ਇੱਕ ਵੱਡਾ ਸੈਮੀਨਾਰ ਆਯੋਜਿਤ ਕੀਤਾ ਜਿਸ ਵਿਚ ਉਨ੍ਹਾਂ ਨੇ ਆਪਣੀਆਂ ਉਪਲਬੱਧੀਆਂ ਬਾਰੇ ਜਾਣੂ ਕਰਾਇਆ ਅਤੇ ਇਹ ਵਿਸ਼ਵਾਸ ਦਵਾਇਆ ਕਿ ਭਵਿੱਖ ਵਿਚ ਵੀ ਕਾਮਯਾਬੀ ਦੀਆਂ ਹੋਰ ਉੱਚੀਆਂ ਸ਼ਿਖਰਾਂ ਨੂੰ ਛੋਹਣਗੇ। ਇਨ੍ਹਾਂ ਸਫਲਤਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਵਿਸਾਖੀ ਦਾ ਤਿਉਹਾਰ ਆਪਣੇ ਕਰਮਚਾਰੀਆਂ ਅਤੇ ਸਫਲ ਗਾਹਕਾਂ ਨਾਲ ਮਨਾਇਆ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਗਾਇਕ ਮਾਸਟਰ ਸਲੀਮ ਨੇ ਵੀਜਾ ਪ੍ਰਾਪਤ ਲੋਕਾਂ ਨੂੰ ਵੀਜਾ ਲੱਗੇ ਪਾਸਪੋਰਟ ਦਿੱਤੇ ਅਤੇ ਵੈਸਾਖੀ ਦੇ ਤਿਉਹਾਰ ਤੇ ਸਾਰਿਆ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਯਾਤਰੀ ਵੀਜਾ ਪ੍ਰਾਪਤ ਕਰਨ ਲਈ ਪਹੁੰਚੇ ਗਾਹਕ ਕੁਲਵਿੰਦਰ ਸਿੰਘ ਵਾਸੀ ਚੌਧਰੀ ਵਾਲਾ ਜਿਲ੍ਹਾ ਮੋਗਾ ਨੇ ਦੱਸਿਆ ਕਿ ਅੰਬੈਸੀ ਵੱਲੋਂ ਰਫਿਊਜ਼ ਕਰਨ ਤੇ ਉਨ੍ਹਾਂ ਦਾ ਚਾਰ ਵਾਰ ਵੀਜਾ ਨਹੀਂ ਲੱਗਾ। ਪਰ ਈਜੀ ਵੀਜਾ ਕੰਪਨੀ ਰਾਹੀਂ ਫਾਇਲ ਲਗਾਉਣ ਤੇ ਪਹਿਲੀ ਵਾਰੀ ਹੀ ਸਿਰਫ 19 ਦਿਨਾਂ ਵਿੱਚ ਹੀ ਵੀਜਾ ਲੱਗ ਕੇ ਆ ਗਿਆ। ਇਸ ਮੌਕੇ ਵੀਜਾ ਕੰਪਨੀ ਦੇ ਵੀਜਾ ਸਲਾਹਕਾਰ ਵਿਕਰਾਂਤ, ਕਿਰਨ ਸਮੇਤ ਹੋਰ ਕੰਪਨੀ ਮੈਂਬਰ ਹਾਜ਼ਰ ਸਨ।

# 24 ਘੰਟੇ ਲੰਗਰ ਚਲਾਉਣ ਵਾਲੇ ਬਾਬਾ ਚਰਨ ਦਾਸ ਜੀ ਨਹੀਂ ਰਹੇ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਇੱਥੋਂ ਥੋੜ੍ਹੀ ਦੂਰੀ ਸਥਿਤ ਦਰਬਾਰ ਸਿੱਧ ਸ੍ਰੀ ਬਾਬਾ ਬਾਲਕ ਨਾਥ ਦੇ ਮੌਜੂਦਾ ਗੱਦੀ ਨਸ਼ੀਨ ਬਾਬਾ ਚਰਨ ਦਾਸ ਦਾ ਬੀਤੀ ਰਾਤ ਦੇਹਾਂਤ ਹੋਣ ਨਾਲ ਸਾਧੂ ਸਮਾਜ ਵਿੱਚ ਸੋਗ ਦੀ ਲਹਿਰ ਦੌੜ ਗਈ। ਬਾਬਾ ਚਰਨ ਦਾਸ ਦੇ ਸੇਵਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੰਦਰ 'ਚ ਬਾਬਾ ਵੱਲੋਂ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੀਰ ਨਿਗਾਹੇ ਬਾਬਾ ਬਾਲਕ ਨਾਥ ਦੇ ਦਰਬਾਰ 'ਤੇ ਜਾਣ ਵਾਲੀਆਂ ਸੰਗਤਾ ਲਈ ਬਾਬਾ ਵੱਲੋਂ 24 ਘੰਟੇ ਲਈ ਲੰਗਰ ਚਲਾਇਆ ਹੋਇਆ ਹੈ। ਉਹਨਾ ਦੱਸਿਆ ਕਿ ਬਾਬਾ ਰੋਜ਼ ਦੀ ਤਰ੍ਹਾਂ ਬੀਤੀ ਰਾਤ ਵੀ ਲੰਗਰ ਦੀ ਸੇਵਾ ਕਰਨ ਉਪਰੰਤ ਅਰਾਮ ਕਰਨ ਲਈ ਆਪਣੇ ਕਮਰੇ ਵਿੱਚ ਚਲੇ ਗਏ ਪ੍ਰੰਤੂ ਸਵੇਰ ਵੇਲੇ ਜਲਦੀ ਉੱਠਕੇ ਲੰਗਰ ਦੀ ਸੇਵਾ ਕਰਨ ਲਈ ਜਦੋਂ ਨਹੀਂ ਉੱਠੇ ਤਾਂ ਸੰਗਤ ਨੇ ਦੇਖਿਆ ਤਾਂ ਬਾਬਾ ਜੀ ਪ੍ਰਾਣ ਤਿਆਗ ਚੁੱਕੇ ਸੀ। ਇਸ ਸੰਬੰਧੀ ਡੇਰਾ 108 ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਦੇ ਗੱਦੀ ਨਸ਼ੀਨ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ.ਪੰਜਾਬ ਦੇ ਪ੍ਰਧਾਨ ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ ਨੇ ਦੱਸਿਆ ਕਿ ਬਾਬਾ ਚਰਨ ਦਾਸ ਜੀ ਦੇ ਹੋਏ ਅਚਾਨਕ ਅਕਾਲ ਚਲਾਣੇ ਨਾਲ ਸਾਧੂ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਪਿੰਡ ਮੁੱਖਲਿਆਣਾ 'ਚ ਫੁੱਟਬਾਲ ਟੂਰਨਾਮੈਂਟ ਆਰੰਭ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਮੁੱਖਲਿਆਣਾ ਵਿਖੇ ਸ਼ਹੀਦ ਭਗਤ ਸਿੰਘ ਯਾਦਗਾਰੀ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਯੁਵਕ ਸੇਵਾਵਾਂ ਕਲੱਬ ਮੁੱਖਲਿਆਣਾ ਵੱਲੋਂ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 7 ਤੋਂ 15 ਅਪ੍ਰੈਲ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਲੱਬ ਪ੍ਰਧਾਨ ਤੀਰਥ ਸਿੰਘ ਸੈਣੀ ਮੁੱਖਲਿਆਣਾ ਨੇ ਦੱਸਿਆ ਫੁੱਟਬਾਲ ਟੂਰਨਾਮੈਂਟ ਦਾ ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਨੇ ਅਰਦਾਸ ਹੋਣ ਤੋਂ ਬਾਅਦ ਰੀਬਨ ਕੱਟ ਕੇ ਉਦਘਾਟਨ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ 'ਚ ਪਿੰਡ ਪੱਧਰ ਓਪਨ ਦੀਆਂ 32 ਟੀਮਾਂ ਅਤੇ 2007 ਦੀਆਂ 24 ਟੀਮਾਂ ਭਾਗ ਲੈਣਗੀਆਂ। ਉਨ੍ਹਾ ਦੱਸਿਆ ਕਿ ਉਦਘਾਟਨੀ ਮੈਚ ਖੇੜਾ ਮੌਜੋਮਜਾਰਾ ਅਤੇ ਹਰਮੋਇਆ ਵਿਚਕਾਰ ਹੋਇਆ। ਜਿਸ ਵਿੱਚ ਪਿੰਡ ਖੇੜਾ ਮੌਜੋਮਜਾਰਾ ਦੀ ਟੀਮ ਇੱਕ ਗੋਲ ਨਾਲ ਜੇਤੂ ਰਹੀ। ਪ੍ਰਬੰਧਕਾਂ ਨੇ ਦੱਸਿਆ 15 ਅਪ੍ਰੈਲ ਨੂੰ ਫਾਈਨਲ ਮੈਚ 'ਚ ਪਿੰਡ ਦੇ ਪਤਵੰਤੇ ਸੱਜਣ ਜੇਤੂ ਅਤੇ ਉਪ ਜੇਤੂ ਟੀਮਾਂ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਪ੍ਰਧਾਨ ਤੀਰਥ ਸਿੰਘ ਸੈਣੀ ਮੁੱਖਲਿਆਣਾ, ਅਰੁਣ ਕੁਮਾਰ, ਮਹਿੰਦਰ ਸਿੰਘ ਸਾਬਕਾ ਸਰਪੰਚ ਮੁੱਖਲਿਆਣਾ, ਜਸਵਿੰਦਰ ਸਿੰਘ ਸਾਬਕਾ ਪੰਚ, ਜੰਗੀ ਰਾਮ ਸਾਬਕਾ ਸਰਪੰਚ, ਉਂਕਾਰ ਸਿੰਘ, ਸੁਖਦੇਵ ਸਿੰਘ, ਹਰਦੇਵ ਸਿੰਘ, ਜਸਵੀਰ ਸਿੰਘ, ਸੁੱਚਾ ਸਿੰਘ, ਜਸਵਿੰਦਰ ਸਿੰਘ, ਤੰਨੀ, ਰਾਜਾ, ਕਾਕਾ, ਰਾਜੂ, ਰੈਫਰੀ ਲਾਲੀ ਹਾਰਟਾ, ਮਿੰਟੂ ਰਾਜਪੁਰ ਭਾਈਆਂ ਆਦਿ ਹਾਜ਼ਰ ਸਨ।



# ਪੱਤਰਕਾਰ ਸੁਖਜੀਤ ਸਿੰਘ ਭੱਠਲ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** ਬੀਤੇ ਕੱਲ੍ਹ ਨੂਰਪੁਰਬੇਦੀ ਤੋਂ ਸਾਬਕਾ ਪੱਤਰਕਾਰ ਸੁਖਜੀਤ ਸਿੰਘ ਭੱਠਲ (ਸੁੱਖਾ) ਪੁੱਤਰ ਮਾਸਟਰ ਸ਼ੀਤਲ ਸਿੰਘ ਭੱਠਲ ਦਾ ਸੰਖੇਪ ਬਿਮਾਰੀ ਪਿੱਛੋਂ ਦਿਹਾਂਤ ਹੋ ਗਿਆ ਜਿਨਾਂ ਦਾ ਬਾਅਦ ਦੁਪਹਿਰ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾ ਦੇ ਸਪੁੱਤਰ ਨਵਦੀਪ ਸਿੰਘ ਅਤੇ ਨਵਜੋਤ ਸਿੰਘ ਨੇ ਦਿੱਤੀ। ਉਨ੍ਹਾ ਦੀ ਅੰਤਿਮ ਯਾਤਰਾ ਮੌਕੇ ਉਨ੍ਹਾਂ ਦੇ ਭਰਾ ਸੁਰਿੰਦਰ ਸਿੰਘ ਭੱਠਲ, ਅਮਰੀਕ ਸਿੰਘ ਭੱਠਲ, ਮਾਸਟਰ ਰਣਜੀਤ ਸਿੰਘ ਭੱਠਲ, ਮਨੀ ਸਿੰਘ ਆਦਿ ਤੋਂ ਇਲਾਵਾਂ ਕੇਹਰ ਸਿੰਘ ਕਸ਼ਮੀਰ ਸਿੰਘ, ਗੁਰਦੀਪ ਸਿੰਘ ਝੱਜ, ਰਘਵੀਰ ਸਿੰਘ ਝੱਜ, ਸਮਾਜ ਸੇਵੀ ਗੌਰਵ ਰਾਣਾ, ਨਿਰਮਲ ਸਿੰਘ ਲੈਹੜੀਆਂ, ਹਰਵਿੰਦਰ ਸਿੰਘ ਸਨੋਲੀ, ਮਹਾਂ ਸਿੰਘ ਲੈਹੜੀਆਂ, ਪ੍ਰਭਜੋਤ ਸਿੰਘ ਬੈਂਸ, ਜਸਵੀਰ ਸਿੰਘ, ਲਖਵੀਰ ਸਿੰਘ, ਮਹਿੰਦਰ ਸਿੰਘ ਕੰਗ, ਚੰਨਣ ਸਿੰਘ ਸਰਪੰਚ, ਨਿੰਦਰਪਾਲ ਸਿੰਘ ਭੱਠਲ, ਸਕਿੰਦਰ ਸਿੰਘ ਢੇਰ, ਰਣਜੀਤ ਸਿੰਘ ਢੀਂਡਸਾ, ਹੁਸ਼ਿਆਰ ਸਿੰਘ ਸੈਣੀਮਾਜਰਾ, ਸ਼ਿੰਗਾਰਾ ਸਿੰਘ ਸੈਕਟਰੀ ਸੈਦਪੁਰ, ਟੇਕ ਚੰਦ, ਮਾਸਟਰ ਭੁਪਿੰਦਰ ਸਿੰਘ, ਧਿਆਨ ਸਿੰਘ ਸਰਾਂ, ਡਾਕਟਰ ਮੁਨੀਸ਼ ਬਾਲੀ, ਡਾਕਟਰ ਹਰਿੰਦਰ ਸਿੰਘ ਭੱਲੜੀ, ਬਿਮਲ ਸੈਣੀ ਪ੍ਰਧਾਨ ਸਤਲੁਜ ਪ੍ਰੈਸ ਕਲੱਬ ਨੂਰਪੁਰਬੇਦੀ, ਹਰਭਜਨ ਸਿੰਘ ਔਲਖ, ਬਾਬਾ ਦਿਲਬਾਗ ਸਿੰਘ, ਬਲਜਿੰਦਰ ਸਿੰਘ ਰੀਹਲ ਆਦਿ ਹਾਜ਼ਰ ਸਨ।